ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 65 | 5 April to 11 April, 2023 | Ph.: (510) 240-5949 | Email: asrtimes@gmail.com

# ਨਸ਼ੇ 'ਚ ਉੱਡ ਰਹੇ ਨੇ ਭਾਰਤ ਦੇ ਸਾਰੇ ਸੂਬੇ

## ਬਦਨਾਮੀ ਸਿਰਫ਼ ਪੰਜਾਬ ਦੀ ਹੀ ਕਿਉਂ?



- ਕੇਰਲਾ ਅਤੇ ਮਹਾਰਾਸ਼ਟਰ 'ਚ ਪੰਜਾਬ ਨਾਲੋਂ ਜ਼ਿਆਦਾ ਨਸ਼ੇ ਦੀ ਮਾਰ
- ਗੁਜਰਾਤ ਦੀਆਂ ਬੰਦਰਗਾਹਾਂ 'ਤੇ ਫੜੀਆਂ ਜਾ ਚੁੱਕੀਆਂ ਨੇ ਨਸ਼ੇ ਦੀਆਂ ਵੱਡੀਆਂ ਖੇਪਾਂ
- ਭਾਰਤ ਦੀ ਡਰੱਗਜ਼ ਮਾਰਕੀਟ 'ਚ 455 ਫ਼ੀਸਦੀ ਦਾ ਹੋਇਆ ਵਾਧਾ



ਪਟਿਆਲਾ/ਏ.ਟੀ.ਨਿਊਜ਼ : ਭਾਰਤ ਵਿੱਚ ਵੱਧ ਰਿਹਾ ਨਸ਼ਾ ਕਲਚਰ ਇੱਕ ਗੰਭੀਰ ਸਮੱਸਿਆ ਬਣ ਚੁੱਕਾ ਹੈ।ਭਾਰਤ ਦੇ ਸਾਰੇ ਸੂਬੇ ਨਸ਼ੇ ਵਿੱਚ ਉਡ ਰਹੇ ਹਨ ਪਰ ਬਦਨਾਮੀ ਸਿਰਫ਼ ਪੰਜਾਬ ਦੀ ਕੀਤੀ ਜਾ ਰਹੀ ਹੈ ਅਤੇ ਪੰਜਾਬ ਨੂੰ 'ਉਡਤਾ ਪੰਜਾਬ' ਕਿਹਾ ਜਾ ਰਿਹਾ ਹੈ। ਜਦੋਂਕਿ ਅਸਲੀਅਤ ਤਾਂ ਇਹ ਹੈ ਕਿ ਇਸ ਸਮੇਂ ਪੂਰਾ ਦੇਸ਼ 'ਉਡਤਾ ਭਾਰਤ' ਬਣ ਚੁਕਿਆ ਹੈ। ਯੂ ਐਨ ਓ ਅਤੇ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਕੇਰਲਾ ਅਤੇ ਮਹਾਰਾਸ਼ਟਰ ਵਿੱਚ ਤਾਂ ਪੰਜਾਬ ਨਾਲੋਂ ਵੀ ਜ਼ਿਆਦਾ ਨਸ਼ਾ ਪ੍ਰਚਲਿਤ ਹੈ। ਇਸ ਤੋਂ ਇਲਾਵਾ ਗੁਜਰਾਤ ਦੀਆਂ ਬੰਦਰਗਾਹਾਂ 'ਤੇ ਵੀ ਭਾਰੀ ਮਾਤਰਾ ਵਿੱਚ ਨਸ਼ੇ ਦੀਆਂ ਖੇਪਾਂ ਪਿਛਲੇ ਸਮੇਂ ਦੌਰਾਨ ਜ਼ਬਤ ਕੀਤੀਆਂ ਜਾ ਚੁਕੀਆਂ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਤੋਂ ਬਿਨਾਂ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਨਸ਼ਾ ਬਹੁਤ ਪ੍ਰਚਲਿਤ ਹੈ ਪਰ ਨਸ਼ੇ ਦੇ ਮਾਮਲੇ ਵਿੱਚ ਸਿਰਫ ਪੰਜਾਬ ਨੂੰ 'ਉਡਤਾ ਪੰਜਾਬ ' ਕਹਿ ਕੇ ਪੰਜਾਬ ਦੀ ਬਦਨਾਮੀ ਕੀਤੀ ਜਾ ਰਹੀ ਹੈ।

ਭਾਰਤ ਦੇ ਘਰੇਲੂ ਬਾਜ਼ਾਰ ਵਿੱਚ ਨਸ਼ਿਆਂ ਦੀ ਖਪਤ ਚਿੰਤਾਜਨਕ ਦਰ ਨਾਲ ਵੱਧ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਭਾਰਤ ਵਿੱਚ ਡਰੱਗਜ਼ ਦੀ ਮਾਰਕੀਟ ਵਿੱਚ 455 ਫੀਸਦੀ ਦਾ ਵਾਧਾ ਹੋਇਆ ਹੈ। ਦੇਸ਼ ਵਿੱਚ ਵੱਧ ਰਿਹਾ ਨਸ਼ਾ ਕਲਚਰ ਇੱਕ ਗੰਭੀਰ ਸਮੱਸਿਆ ਬਣ ਚੁੱਕਾ ਹੈ।ਪੰਜਾਬ ਭਾਵੇਂ ਨਸ਼ਿਆਂ ਲਈ ਬਦਨਾਮ ਹੋਵੇ, ਪਰ ਇਸਦੇ ਗੁਆਂਢੀ ਰਾਜਾਂ ਹਰਿਆਣਾ, ਉਤਰਾਖੰਡ, ਹਿਮਾਚਲ ਅਤੇ ਰਾਜਸਥਾਨ ਵਿੱਚ ਹਾਲਾਤ ਦਿਨੋਂ-ਦਿਨ ਵਿਗੜਦੇ ਜਾ ਰਹੇ ਹਨ। ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਵੀ ਨਸ਼ਾ ਤਸਕਰਾਂ ਦਾ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਏਜੰਸੀ ਯੂ.ਐਨ.ਓ. ਡੀ.ਸੀ. ਦੇ 2015 ਦੇ ਅੰਕੜਿਆਂ ਅਨੁਸਾਰ ਦੁਨੀਆ ਭਰ ਵਿੱਚ ਲਗਭਗ 234 ਮਿਲੀਅਨ ਲੋਕ ਨਸ਼ਿਆਂ ਦੀ ਵਰਤੋਂ ਕਰਦੇ ਹਨ। ਹਰ ਸਾਲ ਤਕਰੀਬਨ 2 ਲੱਖ ਲੋਕ ਨਸ਼ਿਆਂ ਕਾਰਨ ਆਪਣੀ ਜਾਨ ਗੁਆ ਲੈਂਦੇ ਹਨ।

### 10 ਸਾਲਾਂ 'ਚ 25,000 ਤੋਂ ਵੱਧ ਲੋਕ ਨਸ਼ੇ ਕਾਰਨ ਮਰੇ

2012 ਵਿੱਚ ਦੇਸ਼ ਭਰ ਵਿੱਚ ਨਸ਼ਿਆਂ ਕਾਰਨ ਕੁੱਲ 4,000 ਤੋਂ ਵੱਧ ਮੌਤਾਂ ਹੋਈਆਂ ਸਨ ਅਤੇ ਸਾਲ 2013 ਵਿੱਚ ਇਨ੍ਹਾਂ ਕੇਸਾਂ ਦੀ ਗਿਣਤੀ ਵੱਧ ਕੇ 4500 ਹੋ ਗਈ। ਐਨਸੀਬੀ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 2003 ਤੋਂ 2013 ਤੱਕ 10 ਸਾਲਾਂ ਵਿੱਚ ਨਸ਼ਿਆਂ ਕਾਰਨ 25,000 ਤੋਂ ਵੱਧ ਮੌਤਾਂ ਹੋਈਆਂ ਹਨ।

### ਕੇਰਲਾ ਅਤੇ ਮਹਾਰਾਸ਼ਟਰ ਵਿੱਚ ਪੰਜਾਬ ਨਾਲੋਂ ਜ਼ਿਆਦਾ ਨਸ਼ਾ ਪ੍ਰਚਲਿਤ

ਜੁਲਾਈ 2016 ਵਿੱਚ ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਨੈਸ਼ਨਲ ਕ੍ਰਾਈਮ ਬਿਊਰੋ (ਐਨਸੀਬੀ) ਦੇ ਡਰੱਗ ਡੇਟਾ ਦੇ ਅਨੁਸਾਰ, ਭਾਰਤ ਵਿੱਚ ਹਰ ਰੋਜ਼ ਨਸ਼ਿਆਂ ਜਾਂ ਸ਼ਰਾਬ ਕਾਰਨ 10 ਮੌਤਾਂ ਜਾਂ ਖੁਦਕੁਸ਼ੀਆਂ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਸਿਰਫ਼ ਇੱਕ ਮੌਤ ਪੰਜਾਬ ਵਿੱਚ ਹੁੰਦੀ ਹੈ। ਇਨ੍ਹਾਂ ਅੰਕੜਿਆਂ ਅਨੁਸਾਰ ਮਹਾਰਾਸ਼ਟਰ, ਮੱਧ ਪ੍ਰਦੇਸ਼, ਤਾਮਿਲਨਾਡੂ ਅਤੇ ਕੇਰਲਾ ਵਿੱਚ ਨਸ਼ਿਆਂ ਕਾਰਨ ਸਭ ਤੋਂ ਵੱਧ ਖੁਦਕੁਸ਼ੀਆਂ ਹੋਈਆਂ ਹਨ।2014 ਵਿੱਚ ਨਸ਼ਿਆਂ ਕਾਰਨ 3647 ਮੌਤਾਂ ਹੋਈਆਂ ਸਨ।ਭਾਰਤ ਵਿੱਚ ਸਾਲ 2014 ਵਿੱਚ ਪ੍ਰਤੀ ਮਿਲੀਅਨ ਲੋਕਾਂ ਪਿੱਛੇ ਔਸਤਨ ਤਿੰਨ ਖੁਦਕੁਸ਼ੀਆਂ ਹੋਈਆਂ। ਪੰਜਾਬ ਲਈ ਇਹ ਅੰਕੜਾ ਸਿਰਫ਼ 1.4 ਸੀ। ਦੂਜੇ ਪਾਸੇ ਕੇਰਲਾ ਵਿੱਚ ਪੰਜਾਬ ਨਾਲੋਂ ਦਸ ਗੁਣਾ ਵੱਧ ਨਸ਼ੇ ਕਾਰਨ ਮੌਤਾਂ ਹੋਈਆਂ ਹਨ।

(ਬਾਕੀ ਸਫ਼ਾ 29 'ਤੇ)

### ਭਾਰਤ ਦੀਆਂ 'ਨਾੜੀਆਂ' ਵਿੱਚ ਵਹਿ ਰਿਹੈ ਨਸ਼ਾ



ਸਾਲ 2017 ਵਿੱਚ ਦੇਸ਼ ਭਰ ਵਿੱਚੋਂ 2551 ਕਿਲੋ ਅਫੀਮ, 2146 ਕਿਲੋ ਹੈਰੋਇਨ, 3.52 ਲੱਖ ਕਿਲੋ ਗਾਂਜਾ, 3218 ਕਿਲੋ ਚਰਸ ਅਤੇ 69 ਕਿਲੋ ਕੋਕੀਨ ਬਰਾਮਦ ਕੀਤੀ ਗਈ ਸੀ। ਇਹ 2013 ਤੋਂ ਬਾਅਦ ਜ਼ਬਤ ਕੀਤੀ ਗਈ ਕੋਕੀਨ ਦੀ ਸਭ ਤੋਂ ਵੱਡੀ ਮਾਤਰਾ ਸੀ। ਕੋਕੀਨ ਨੂੰ ਹਾਈ ਪ੍ਰੋਫਾਈਲ ਪਾਰਟੀ ਡਰੱਗ (ਬਾਕੀ ਸਫ਼ਾ 29 'ਤੇ)

# ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਬਰਬਾਦ ਕਰਨ ਵਾਲੇ ਲੋਕਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ: ਮਾਨ

## ਪੰਜਾਬ 'ਚ ਸਿਆਸਤਦਾਨਾਂ, ਅਫਸਰਸ਼ਾਹੀ ਤੇ ਨਸ਼ਾ ਤਸਕਰਾਂ ਦੇ ਗੱਠਜੋੜ ਖ਼ਿਲਾਫ਼ ਕਾਰਵਾਈ ਹੋਣ ਦੀ ਆਸ ਬਣੀ

### ਸਰਕਾਰ ਦੇ ਐਲਾਨ ਤੋਂ ਬਾਅਦ ਰਸੂਖ਼ਦਾਰ ਵਿਅਕਤੀਆਂ 'ਚ ਸਹਿਮ ਦਾ ਮਾਹੌਲ

ਚੰਡੀਗੜ੍ਹ/ਏ.ਟੀ.ਨਿਊਜ਼ : ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਪੰਜਾਬ 'ਚ ਸਿਆਸਤਦਾਨਾਂ, ਅਫਸਰਸ਼ਾਹੀ ਤੇ ਨਸ਼ਾ ਤਸਕਰਾਂ ਦੇ ਗੱਠਜੋੜ ਸਬੰਧੀ ਸੀਲਬੰਦ ਰਿਪੋਰਟਾਂ ਪੰਜਾਬ ਸਰਕਾਰ ਨੂੰ ਦੇਣ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਪੰਜਾਬ 'ਚ ਸਿਆਸਤਦਾਨਾਂ, ਅਫਸਰਸ਼ਾਹੀ ਤੇ ਨਸ਼ਾ ਤਸਕਰਾਂ ਦੇ ਗੱਠਜੋੜ ਖਿਲਾਫ਼ ਕਾਰਵਾਈ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਇਹਨਾਂ ਰਿਪੋਰਟਾਂ ਦੇ ਮਿਲਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੁਣ ਜਦੋਂ ਉਨ੍ਹਾਂ ਨੂੰ ਹਾਈਕੋਰਟ ਤੋਂ ਤਿੰਨ ਪੈਕਟਾਂ ਵਿੱਚ ਰਿਪੋਰਟ ਹਾਸਲ ਹੋਈ ਹੈ, ਪੰਜਾਬ ਤੇ ਇੱਥੋਂ ਦੇ ਨੌਜਵਾਨਾਂ ਦੀਆਂ ਦੁਸ਼ਮਣ ਤਾਕਤਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਲੋਕਾਂ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ, ਜਿਨ੍ਹਾਂ ਦੇ ਹੱਥ ਨਸ਼ੇ ਦੀ ਅਲਾਮਤ ਦਾ ਸ਼ਿਕਾਰ ਹੋਏ ਅਣਗਿਣਤ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

ਮੁੱਖ ਮੰਤਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ 'ਤੇ ਪੰਜਾਬ ਸਰਕਾਰ ਸੂਬੇ 'ਚ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧਤ ਰਿਪੋਰਟ 'ਚ ਨਾਮਜ਼ਦ ਵਿਅਕਤੀਆਂ ਖਿਲਾਫ ਛੇਤੀ ਹੀ ਕਾਰਵਾਈ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਬਰਬਾਦ ਕਰਨ ਵਾਲੇ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੌਰਾਨ ਫੈਲੇ ਨਸ਼ਿਆਂ ਦੇ ਕਾਰੋਬਾਰ ਨੇ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਰਸੂਖਦਾਰ ਆਗੂਆਂ ਨੇ ਅਫਸਰਸ਼ਾਹੀ ਅਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਨਾਲ ਇਸ ਗੈਰ-ਕਾਨੂੰਨੀ ਧੰਦੇ ਦੀ ਪੁਸ਼ਤਪਨਾਹੀ ਕੀਤੀ ਤਾਂ ਜੋ ਗੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕੀਤਾ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਘਿਣਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ ਦੀ ਜਾਂਚ ਰਿਪੋਰਟ ਲੰਬੇ ਸਮੇਂ ਤੋਂ ਲਟਕ ਰਹੀ ਸੀ ਕਿਉਂਕਿ ਪਿਛਲੀ ਸਰਕਾਰ ਵਿੱਚੋਂ ਕੋਈ ਵੀ ਪੰਜਾਬ ਦੇ ਭਵਿੱਖ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਵਿਰੁੱਧ ਕਾਰਵਾਈ ਕਰਨ ਲਈ ਸੱਚੇ ਦਿਲੋਂ ਸੁਹਿਰਦ ਨਹੀਂ ਸੀ। ਜ਼ਿਕਰਯੋਗ ਹੈ ਕਿ ਇਹ ਰਿਪੋਰਟਾਂ ਪੰਜ ਸਾਲਾਂ ਤੋਂ ਲਟਕ ਰਹੀਆਂ ਸਨ। 'ਆਪ' ਸਰਕਾਰ ਨੇ ਦੋਸ਼ ਲਾਇਆ ਹੈ ਕਿ ਪਿਛਲੀ ਕਾਂਗਰਸ ਸਰਕਾਰ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਸੀ, ਪਰ ਅਹੁਦਾ ਸੰਭਾਲਣ ਤੋਂ ਬਾਅਦ ਭਗਵੰਤ ਮਾਨ ਨੇ ਲੰਘੀ 15 ਫਰਵਰੀ ਨੂੰ ਹਾਈ ਕੋਰਟ 'ਚ ਸਹਿਮਤੀ ਦੇ ਦਿੱਤੀ ਸੀ। ਮੁੱਖ ਮੰਤਰੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕੀਤੀਆਂ ਸਾਰੀਆਂ ਸੀਲਬੰਦ ਰਿਪੋਰਟਾਂ (ਬਾਕੀ ਸਫ਼ਾ 29 'ਤੇ)

# ਕੀ ਹੋਵੇਗੀ ਨਵਜੋਤ ਸਿੰਘ ਸਿੱਧੂ ਦੀ ਨਵੀਂ 'ਗੁਗਲੀ'?



## ਨਵਜੋਤ ਸਿੱਧੂ ਦੇ ਰਿਹਾਅ ਹੋਣ ਤੋਂ ਬਾਅਦ ਫਿਰ ਗਰਮਾਈ ਪੰਜਾਬ ਦੀ ਸਿਆਸਤ

## ਕਾਂਗਰਸ ਲਈ ਨਵਜੋਤ ਸਿੰਘ ਸਿੱਧੂ ਨੂੰ ਅਣਗੌਲ਼ਿਆ ਕਰਨਾ ਮੁਸ਼ਕਿਲ

## ਸਿਆਸੀ ਪਿੱਚ 'ਤੇ ਕੀ ਸਿੱਧੂ ਪਹਿਲਾਂ ਵਾਂਗ ਮਾਰਨਗੇ ਸਿਆਸੀ ਚੌਕੇ- ਛਿੱਕੇ ?

## ਹਾਈ ਕਮਾਂਡ ਵੱਲੋਂ ਸਿੱਧੂ ਨੂੰ ਕਰਨਾਟਕ ਚੋਣ ਦੰਗਲ 'ਚ ਭੇਜਣ ਦੀ ਤਿਆਰੀ

ਪਟਿਆਲਾ/ਏ.ਟੀ.ਨਿਊਜ਼ :-ਪੰਜਾਬ ਦੀ ਸਿਆਸਤ ਵਿੱਚ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਗਰਮਾਹਟ ਆ ਗਈ ਹੈ। ਇਸਦੇ ਨਾਲ ਹੀ ਕਿਆਸ ਅਰਾਈਆਂ ਦਾ ਦੌਰ ਵੀ ਸ਼ੁਰੂ ਹੋ ਗਿਆ ਹੈ ਕਿ ਨਵਜੋਤ ਸਿੰਘ ਸਿੱਧੂ ਦੀ ਨਵੀਂ 'ਗੁਗਲੀ' ਕੀ ਹੋਵੇਗੀ ? ਅਤੇ ਕੀ ਨਵਜੋਤ ਸਿੰਘ ਸਿੱਧੂ ਸਿਆਸੀ ਪਿੱਚ 'ਤੇ ਪਹਿਲਾਂ ਵਾਂਗ ਸਿਆਸੀ ਚੌਕੇ ਤੇ ਛਿੱਕੇ ਮਾਰਨਗੇ ?

ਜ਼ਿਕਰਯੋਗ ਹੈ ਕਿ ਰੋਡ ਰੇਜ ਕੇਸ 'ਚ 10 ਮਹੀਨੇ 11 ਦਿਨ ਸਜ਼ਾ ਕੱਟਣ ਤੋਂ ਬਾਅਦ ਅੰਤਰਰਾਸ਼ਟਰੀ ਕ੍ਰਿਕਟਰ ਤੋਂ ਰਾਜਸੀ ਆਗੂ ਬਣੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਸ਼ਨੀਵਾਰ ਨੂੰ ਕੇਂਦਰੀ ਜੇਲ੍ਹ ਪਟਿਆਲਾ ਤੋਂ ਰਿਹਾਅ ਕਰ ਦਿਤਾ ਗਿਆ। ਨਵਜੋਤ ਸਿੰਘ ਸਿੱਧੂ ਦੇ ਹੱਕ 'ਚ ਪੰਜਾਬ ਕਾਂਗਰਸ ਦਾ ਇਕ ਵੱਡਾ ਖੇਮਾ ਹੈ ਜਿਹੜਾ ਉਨ੍ਹਾਂ ਦੇ ਜੇਲ੍ਹ ਜਾਣ ਤੋਂ ਬਾਅਦ ਚੁੱਪ ਬੈਠਾ ਸੀ ਅਤੇ ਉਨ੍ਹਾਂ ਦੇ ਬਾਹਰ ਆਉਣ ਦੀ ਉਡੀਕ ਕਰ ਰਿਹਾ ਸੀ। ਜਿਵੇਂ ਹੀ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਕੇਂਦਰੀ ਜੇਲ੍ਹ ਪਟਿਆਲਾ ਤੋਂ ਰਿਹਾਅ ਹੋਏ ਤਾਂ ਪੰਜਾਬ ਦੀ ਸਿਆਸਤ ਇਕਦਮ ਗਰਮ ਹੋ ਗਈ। ਮੁੜ ਤੋਂ ਪੰਜਾਬ ਕਾਂਗਰਸ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਰਾਈਆਂ ਸ਼ੁਰੂ ਹੋ ਗਈਆਂ ਕਿਉਂਕਿ ਪਿਛਲੇ 2 ਸਾਲ ਤੋਂ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ 'ਚ ਹਮੇਸ਼ਾ ਮੋਹਰਲੀ ਕਤਾਰ 'ਚ ਰਹੇ ਹਨ। ਜਦੋਂ ਵੀ ਕਾਂਗਰਸ ਵੱਲੋਂ ਭਾਵੇਂ ਪ੍ਰਧਾਨਗੀ ਨੂੰ ਲੈ ਕੇ ਹੋਵੇ ਜਾਂ ਕੋਈ ਹੋਰ ਭੂਮਿਕਾ ਦੀ ਗੱਲ ਆਉਂਦੀ ਹੋਵੇ, ਨਵਜੋਤ ਸਿੰਘ ਸਿੱਧੂ ਇਸ ਸਮੇਂ ਪੰਜਾਬ ਕਾਂਗਰਸ ਦੀ ਅਜਿਹੀ ਕੜੀ ਹਨ, ਜਿਸ ਨੂੰ ਅਣਗੌਲਿਆਂ ਕਾਰਨ ਕਾਂਗਰਸ ਲਈ ਮੁਸ਼ਕਿਲ ਹੈ। ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਦਾ ਪ੍ਰਧਾਨ ਰਹਿੰਦੇ ਹੋਏ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਫਿਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਜਬੂਰ ਕੀਤਾ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਭ੍ਰਿਸ਼ਟਾਚਾਰ ਅਤੇ ਸਰਕਾਰ ਦੀ ਕਾਰਗੁਜ਼ਾਰੀ ਦੇ ਮੁੱਦਿਆਂ 'ਤੇ ਕਦਮ ਚੁੱਕਣ ਤੇ ਸਪਸ਼ਟਤਾ ਨਾਲ ਵੋਟਰਾਂ ਦੇ ਸਵਾਲਾਂ ਦੇ ਜਵਾਬ ਦੇਣ।ਨਵਜੋਤ ਸਿੰਘ ਸਿੱਧੂ ਨੇ ਪਟਿਆਲਾ ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਆਪਣੇ ਅੰਦਾਜ਼ ਵਿੱਚ ਸਿਆਸੀ ਬਿਆਨਬਾਜੀ ਕੀਤੀ। ਨਵਜੋਤ ਸਿੰਘ ਸਿੱਧੂ ਚੰਗੇ ਬੁਲਾਰੇ ਮੰਨੇ ਜਾਂਦੇ ਹਨ ਅਤੇ ਉਹਨਾਂ ਦੀ ਭਾਸ਼ਣ ਕਲਾ ਤੋਂ ਦਰਸ਼ਕ ਕਾਇਲ ਹੋ ਜਾਂਦੇ ਹਨ।ਇਸਦੇ ਬਾਵਜੂਦ ਸਿੱਧੂ ਲਈ ਸਿਆਸਤ ਵਿੱਚ ਆਪਣੀ ਪਹਿਲਾਂ ਵਾਲੀ ਥਾਂ ਬਣਾਉਣ ਆਸਾਨ ਨਹੀਂ ਹੈ ਕਿਉਂਕਿ ਦੂਜੇ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਥੇਦਾਰ ਹਨ, ਕਾਂਗਰਸ ਅਤੇ ਬੀਜੇਪੀ ਦੀ ਸਿਆਸਤ ਵੀ ਨਾਲ-ਨਾਲ ਚੱਲ ਰਹੀ ਹੈ। ਅਜਿਹੇ ਵਿੱਚ ਸਿੱਧੂ ਨੂੰ ਆਪਣੀ ਪਾਰਟੀ ਦੀ ਲਾਇਨ ਮੁਤਾਬਕ ਹੀ ਚੱਲਣਾ ਪੈ ਸਕਦਾ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਪਾਰਟੀ ਅਤੇ ਪੰਜਾਬ ਵਿੱਚ ਆਪਣੀ ਭੂਮਿਕਾ ਤਲਾਸ਼ ਕਰਨ ਲੱਗ ਪਏ ਹਨ।ਇਹ ਤਾਂ ਸਭ ਨੂੰ ਪਤਾ ਹੈ ਕਿ ਸਿੱਧੂ ਚੁੱਪ ਕਰਕੇ ਘਰ ਬੈਠਣ ਵਾਲੇ ਨਹੀਂ ਹਨ।ਕਰਨਾਟਕ ਵਿੱਚ ਡਿਊਟੀ : ਭਾਵੇਂ ਕਿ ਪੰਜਾਬ ਕਾਂਗਰਸ ਦਾ ਰਵਈਆ ਅਤੇ ਉਹਨਾਂ ਦੀ ਭਵਿੱਖ ਦੀ ਭੂਮਿਕਾ ਲਈ ਵਤੀਰਾ ਉਦਾਸੀਨ ਹੈ ਪਰ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਾਂਗਰਸ ਹਾਈ ਕਮਾਂਡ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਕੇਂਦਰੀ ਭੂਮਿਕਾ ਵਿੱਚ ਲਿਆਉਣ ਦੀ ਤਿਆਰੀ ਕਰ ਲਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਾਂਗਰਸ ਹਾਈ ਕਮਾਂਡ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਪ੍ਰਚਾਰ ਕਰਨ ਅਤੇ ਭਾਜਪਾ ਦਾ ਮੁਕਾਬਲਾ ਕਰਨ ਲਈ ਭੇਜਣ ਦੀ ਤਿਆਰੀ ਕਰ ਲਈ ਗਈ ਹੈ।



### ਕਿਹੜੇ ਕੇਸ 'ਚ ਜੇਲ੍ਹ ਗਏ ਸਨ ਸਿੱਧੂ ?



ਲਗਭਗ 34 ਸਾਲ ਪਹਿਲਾਂ ਪਟਿਆਲਾ ਦੇ ਸ਼ੇਰਾਂ ਵਾਲਾ ਗੇਟ ਵਿਖੇ ਵਾਪਰੇ ਇਕ ਹਾਦਸੇ 'ਚ ਵੱਖ-ਵੱਖ ਅਦਾਲਤਾਂ ਤੋਂ ਬਾਅਦ ਮਾਨਯੋਗ ਸੁਪਰੀਮ ਕੋਰਟ ਨੇ ਪਿਛਲੇ ਸਾਲ ਮਈ ਮਹੀਨੇ 'ਚ ਨਵਜੋਤ ਸਿੰਘ ਸਿੱਧੂ ਨੂੰ ਇਕ ਸਾਲ ਦੀ ਸਜ਼ਾ ਸੁਣਾਈ ਸੀ। ਇਸ ਮਾਮਲੇ ਵਿੱਚ ਨਵਜੋਤ ਸਿੰਘ ਸਿੱਧੂ ਨੇ ਭਾਵੇਂ ਉਹ ਅੰਤਰਰਾਸ਼ਟਰੀ ਕ੍ਰਿਕਟਰ ਸਨ ਜਾਂ ਉਸ ਤੋਂ ਬਾਅਦ ਰਾਜਨੇਤਾ ਹਮੇਸ਼ਾ ਇਹ ਕੇਸ ਉਨ੍ਹਾਂ ਦੇ ਨਾਲ ਜੁੜਿਆ ਰਿਹਾ ਹੈ। ਜਦੋਂ ਵੀ ਉਹ ਕਿਸੇ ਬੁਲੰਦੀ ਵੱਲ ਜਾਂਦੇ, ਇਹ ਕੇਸ ਉਨ੍ਹਾਂ ਦੇ ਸਾਹਮਣੇ ਆ ਕੇ ਖੜ੍ਹਾ ਹੋ ਜਾਂਦਾ ਹੈ। ਹੁਣ ਜਾ ਕੇ ਪਿਛਲੇ ਸਾਲ ਜਦੋਂ ਕੋਈ ਚਾਰਾ ਨਾ ਰਿਹਾ ਤਾਂ ਨਵਜੋਤ ਸਿੰਘ ਸਿੱਧੂ ਨੇ ਇਸ ਮਾਮਲੇ 'ਚ ਜੇਲ ਨੂੰ ਸਵੀਕਾਰਦਿਆਂ ਆਪਣੀ ਉਸ ਸਜ਼ਾ ਨੂੰ ਕੱਟਿਆ।

**ਕੀ ਹੁੰਦਾ ਹੈ ਰੋਡ ਰੇਜ** : ਮਾਹਿਰ ਦੱਸਦੇ ਹਨ ਕਿ ਰੋਡ ਰੇਜ ਦਾ ਅਰਥ ਹੁੰਦਾ ਹੈ ਜਦੋਂ ਇੱਕ ਵਾਹਨ ਚਾਲਕ ਦਾ ਗੈਰ-ਵਾਜਿਬ ਗੁੱਸਾ ਦੂਜੇ ਚਾਲਕ ਉਪਰ ਉੱਤਰਦਾ ਹੈ। ਇਸ ਦੇ ਕਈ ਕਾਰਨ ਹੁੰਦੇ ਹਨ ਜਿਸ ਵਿੱਚ ਲੋਕਾਂ ਨੂੰ ਕੁੱਟਣਾ ਜਾਂ ਪਾਰਕਿੰਗ ਦੀ ਥਾਂ ਘੇਰਨਾ ਹੋ ਸਕਦਾ ਹੈ।ਇਸ ਤੋਂ ਇਲਾਵਾ ਵਾਹਨ ਚਾਲਕਾਂ ਦਾ ਇੱਕ ਦੂਜੇ ਨੂੰ ਗਲਤ ਇਸ਼ਾਰੇ ਕਰਨਾ ਜਾਂ ਚੀਕਣਾ ਵੀ ਹੋ ਸਕਦਾ ਹੈ।

# ਸਿੱਖ ਜਥਿਆਂ ਵੱਲੋਂ ਖ਼ਾਲਸਾ ਸਾਜਨਾ ਦਿਵਸ ਮੌਕੇ ਮੇਲਾ ਸਭਿਆਚਾਰ ਅਤੇ ਰੌਲੇ ਰੱਪੇ ਨੂੰ ਸਖ਼ਤੀ ਨਾਲ ਰੋਕਣ ਦੀ ਮੰਗ

## ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਲਵੰਡੀ ਸਾਬੋ ਪ੍ਰਸ਼ਾਸਨ ਨੂੰ ਦਿੱਤੇ ਸੁਝਾਅ ਪੱਤਰ

ਸ੍ਰੀ ਦਮਦਮਾ ਸਾਹਿਬ/ਏ.ਟੀ.ਨਿਊਜ਼ :- ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਚਾਰ ਸਭਾ -ਲੱਖੀ ਜੰਗਲ ਖ਼ਾਲਸਾ ਅਤੇ ਸਿੱਖ ਜਥਾ ਮਾਲਵਾ ਵੱਲੋਂ ਤਖ਼ਤ ਸਾਹਿਬ ਦੇ ਮੈਨੇਜਰ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਹੁੰਦੇ ਸਮਾਗਮਾਂ ਦੌਰਾਨ ਮੇਲਾ ਸੱਭਿਆਚਾਰ ਨੂੰ ਠੱਲ੍ਹ ਪਾਉਣ ਲਈ ਲਿਖਤੀ ਸੁਝਾਵਾਂ ਦੀ ਕਾਪੀ ਸੌਂਪੀ ਗਈ। ਲਿਖਤੀ ਸੁਝਾਵਾਂ ਵਿੱਚ ਕਿਹਾ ਗਿਆ ਕਿ ਉਹ ਸਾਰੀਆਂ ਦੁਕਾਨਾਂ ਜੋ ਗੁਰਮਤਿ ਅਨੁਸਾਰੀ ਨਹੀਂ ਹਨ, ਮੇਲੇ ਵਾਲੇ ਮਾਹੌਲ ਨਾਲ ਸਬੰਧਤ ਹਨ, ਉਹ ਨਹੀਂ ਹੋਣੀਆਂ ਚਾਹੀਦੀਆਂ ਜਾਂ ਘੱਟੋ-ਘੱਟ ਬਾਹਰ ਕਿਸੇ ਖੇਤ ਵਿੱਚ ਹੋਣ। ਇਸ ਦੇ ਨਾਲ ਹੀ ਇਹ ਵੀ ਸੁਝਾਅ ਦਿੱਤਾ ਗਿਆ ਕਿ ਲੰਗਰਾਂ ਵਿੱਚੋਂ ਸਪੀਕਰਾਂ ਰਾਹੀਂ ਲੰਗਰ ਛਕਣ ਦੀਆਂ ਆਵਾਜ਼ਾਂ ਦੇਣ ਅਤੇ ਮਾਇਆ ਭੇਟਾ ਕਰਨ ਵਾਲਿਆਂ ਸਬੰਧੀ ਸਪੀਕਰਾਂ ਵਿੱਚ ਬੋਲਣ 'ਤੇ ਪੂਰਨ ਪਾਬੰਦੀ ਹੋਵੇ। ਜੇਕਰ ਕੋਈ ਸਪੀਕਰ ਲਾਉਣਾ ਹੈ ਤਾਂ ਸਿਰਫ ਗੁਰਬਾਣੀ ਦੇ ਪ੍ਰਵਾਹ ਹੀ ਚੱਲਣ ਉਹਨਾਂ ਦੀ ਵੀ ਆਵਾਜ਼ ਜਿਆਦਾ ਨਾ ਹੋਵੇ। ਇਸ ਮੌਕੇ ਹਾਜ਼ਰ ਸਿੱਖ ਜਥਿਆਂ ਨੇ ਕਿਹਾ ਕਿ ਅਸੀਂ ਭਾਗਾਂ ਵਾਲੇ ਹਾਂ ਕਿ ਹਰ ਸਾਲ 'ਖ਼ਾਲਸਾ ਸਾਜਨਾ ਦਿਵਸ' ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਚੜ੍ਹਦੀਕਲਾ ਨਾਲ ਮਨਾਇਆ ਜਾਂਦਾ ਹੈ। ਦੂਰੋਂ-ਦੂਰੋਂ ਸੰਗਤਾਂ ਵੱਡੀ ਗਿਣਤੀ ਵਿੱਚ ਇਸ ਪਵਿੱਤਰ ਦਿਹਾੜੇ 'ਤੇ ਹਾਜਰੀ ਭਰਦੀਆਂ ਹਨ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਇਹ ਪਵਿੱਤਰ ਦਿਹਾੜੇ ਨੂੰ ਇੱਕ ਮੇਲੇ ਵਜੋਂ ਜਾਣਿਆ ਜਾਣ ਲੱਗਾ ਹੈ, ਇਕਾਗਰਤਾ ਅਤੇ ਸ਼ਾਂਤੀ ਵਰਤਾਉਣ ਵਾਲੇ ਪਾਸੇ ਇਹਨਾਂ ਸਮਾਗਮ ਨੂੰ ਲਿਜਾਣ ਦੀ ਬਜਾਏ ਇਹਨਾਂ ਸਮਾਗਮਾਂ ਦੀ ਦਿਸ਼ਾ ਹੁਣ ਚਿੱਤ ਵਿੱਚ ਕਾਹਲ ਵਰਤਾਉਣ, ਮਨ ਨੂੰ ਭਟਕਾਉਣ ਵਾਲੇ, ਦੁਨਿਆਵੀ ਮੌਜ ਮੇਲੇ ਦੇ ਵੱਲ ਮੁੜਦੀ ਜਾ ਰਹੀ ਹੈ। ਖ਼ਾਲਸੇ ਦੇ ਸਾਜਨਾ ਦਿਵਸ ਨੂੰ ਜਿਸ ਤਰ੍ਹਾਂ ਯਾਦ ਕਰਨਾ ਚਾਹੀਦਾ ਹੈ ਉਸ ਦਿਸ਼ਾ ਵੱਲ ਲਿਜਾਣ ਲਈ ਉਦਮ ਵਧਾਉਣ ਦੀ ਲੋੜ ਹੁਣ ਕਾਫ਼ੀ ਬਣ ਗਈ ਹੈ। ਅਜਿਹੇ ਅਮਲ ਜਿਹੜੇ ਇਸ ਪਵਿੱਤਰ ਯਾਦ ਦੇ ਅਹਿਸਾਸ ਨੂੰ ਲਗਾਤਾਰ ਧੁੰਦਲਾ ਕਰ ਰਹੇ ਹਨ, ਉਹਨਾਂ ਨੂੰ ਤੁਰੰਤ ਰੋਕਣਾ ਚਾਹੀਦਾ ਹੈ।



ਇਸ ਉਪਰੰਤ ਸਿੱਖ ਜਥੇ ਤਲਵੰਡੀ ਸਾਬੋ ਦੇ ਐਸ.ਡੀ.ਐਮ ਨੂੰ ਮਿਲੇ ਅਤੇ ਲਿਖਤੀ ਸੁਝਾਵਾਂ ਦੀ ਕਾਪੀ ਦਿੱਤੀ, ਜਿਸ ਵਿੱਚ ਲਿਖਿਆ ਗਿਆ ਕਿ ਖ਼ਾਲਸਾ ਸਾਜਨਾ ਦਿਵਸ ਮੌਕੇ ਪ੍ਰਸ਼ਾਸ਼ਨ ਵੱਲੋਂ ਸਾਧਨਾਂ ਦੇ ਦਾਖਲੇ ਲਈ ਜੋ ਪਾਸ ਮੁਹਈਆ ਕਰਵਾਏ ਜਾਂਦੇ ਹਨ ਉਹਨਾਂ 'ਤੇ 'ਮੇਲਾ ਪਾਸ' ਲਿਖਿਆ ਹੁੰਦਾ ਹੈ ਜੋ ਕਿ ਸਹੀ ਨਹੀਂ ਹੈ। ਇਸ ਨੂੰ ਬਦਲ ਕੇ 'ਸਾਧਨ ਪਾਸ' ਜਾਂ ਕੋਈ ਹੋਰ ਢੁੱਕਵਾਂ ਸ਼ਬਦ ਲਿਖਿਆ ਜਾਵੇ। ਸ਼ਹਿਰ ਵਿੱਚ ਦਾਖਲ ਹੁੰਦਿਆਂ ਹੀ ਟ੍ਰੈਕਟਰਾਂ ਦੇ ਡੈੱਕ 'ਤੇ ਪੂਰਨ ਪਾਬੰਦੀ ਹੋਵੇ ਅਤੇ ਮੋਟਰਸਾਈਕਲਾਂ 'ਤੇ ਵੱਡੇ

(ਬਾਕੀ ਸਫ਼ਾ 29 'ਤੇ)

# ਪੰਜਾਬ ਸੰਤਾਪ ਦੌਰਾਨ ਲਾਪਤਾ ਕੀਤੇ ਨੌਜਵਾਨਾਂ ਦਾ ਹਾਲੇ ਤਕ ਨਹੀਂ ਲਗਾ ਸਕਿਆ ਪਤਾ

➢ ਲਾਪਤਾ ਹੋਏ ਪਰਿਵਾਰਕ ਮੈਂਬਰਾਂ ਦਾ ਅਜੇ ਤੱਕ 'ਡੈੱਥ ਸਰਟੀਫਿਕੇਟ' ਵੀ ਨਹੀਂ ਹਾਸਲ ਹੋ ਸਕਿਆ

➢ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦਾ ਦਾ.ਗ ਨਹੀਂ ਮਿਟੇਗਾ ਪੰਜਾਬ ਪੁਲਿਸ ਦੇ ਮੱਥੇ ਤੋਂ

ਤਰਨ ਤਾਰਨ-1990 ਦੇ ਦਹਾਕੇ ਵਿੱਚ ਪੰਜਾਬ ਵਿੱਚ ਵੱਡੇ ਪੱਧਰ 'ਤੇ ਪੈਰ ਪਸਾਰ ਚੁੱਕੇ ਖਾੜਕੂਵਾਦ ਨੂੰ ਪੰਜਾਬ ਪੁਲਿਸ ਵੱਲੋਂ ਸਖ਼ਤੀ ਨਾਲ ਖ਼ਤਮ ਕਰ ਦਿੱਤਾ ਗਿਆ ਸੀ ਪਰ ਇਸ ਨੂੰ ਖ਼ਤਮ ਕਰਨ ਦੀ ਆੜ ਹੇਠ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕਰਦਿਆਂ ਜ਼ਿਲ੍ਹਾ ਤਰਨ ਤਾਰਨ ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਲਾਪਤਾ ਕਰ ਦਿੱਤਾ ਗਿਆ, ਜਿਨ੍ਹਾਂ ਦਾ ਅਜੇ ਤੱਕ ਕੋਈ ਥਹੁ-ਪਤਾ ਨਹੀਂ ਲੱਗਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਆਪਣੇ ਲਾਪਤਾ ਹੋਏ ਪਰਿਵਾਰਕ ਮੈਂਬਰਾਂ ਦਾ ਅਜੇ ਤੱਕ 'ਡੈੱਥ ਸਰਟੀਫਿਕੇਟ' ਵੀ ਨਹੀਂ ਹਾਸਲ ਹੋ ਸਕਿਆ ਹੈ। ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਤੇ ਲਵਾਰਸ ਲਾਸ਼ ਬਣਾਏ ਗਏ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਇਸ ਦੇ ਨਾਲ ਹੀ ਹਜ਼ਾਰਾਂ ਨੌਜਵਾਨਾਂ ਨੂੰ ਲਾਪਤਾ ਕਰਨ ਅਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਦਾ.ਗ ਵੀ ਤਰਨ ਤਾਰਨ ਪੁਲਿਸ ਦੇ ਮੱਥੇ 'ਤੇ ਇਸ ਤਰ੍ਹਾਂ ਲੱਗ ਚੁੱਕਾ ਹੈ ਕਿ ਇਸ ਨੂੰ ਕਦੇ ਵੀ ਮਿਟਾਇਆ ਨਹੀਂ ਜਾ ਸਕਦਾ। ਆਪਣੇ ਆਪ ਨੂੰ ਸੂਬਾ ਸਰਹੰਦ ਵਰਗਾ ਜ਼ਾਲਮ ਨਾਂਅ ਦੇਣ ਵਾਲੇ ਪੁਲਿਸ ਅਧਿਕਾਰੀ ਸੂਬਾ ਸਿੰਘ ਸਮੇਤ ਦਰਜਨਾਂ ਪੁਲਿਸ ਅਧਿਕਾਰੀ ਇਸ ਸਮੇਂ ਨੌਜਵਾਨਾਂ ਨੂੰ ਲਾਪਤਾ ਕਰਨ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦੇ ਕੇਸਾਂ ਵਿੱਚ ਸੀ.ਬੀ.ਆਈ. ਦੀਆਂ ਅਦਾਲਤਾਂ ਵਿਚੋਂ ਜਾਂ ਤਾਂ ਸਜ਼ਾ ਪ੍ਰਾਪਤ ਕਰ ਚੁੱਕੇ ਹਨ ਜਾਂ ਸੀ.ਬੀ.ਆਈ. ਦੀਆਂ ਅਦਾਲਤਾਂ ਵਿੱਚ ਚੱਲ ਰਹੇ ਕੇਸਾਂ ਦੇ ਹੁਕਮਾਂ ਦੀਆਂ ਤਾਰੀਖ਼ਾਂ ਨੂੰ ਉਡੀਕ ਰਹੇ ਹਨ।ਸੀ.ਬੀ.ਆਈ. ਵੱਲੋਂ ਨੌਜਵਾਨਾਂ ਨੂੰ ਲਾਪਤਾ ਕਰਨ ਅਤੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਸੰਬੰਧੀ ਪੰਜਾਬ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਖ਼ਿਲਾਫ਼ ਜਿਹੜੇ ਮਾਮਲੇ ਦਰਜ ਕੀਤੇ ਗਏ ਹਨ, ਉਨ੍ਹਾਂ ਵਿਚੋਂ 90 ਫ਼ੀਸਦੀ ਦੇ ਕਰੀਬ ਮਾਮਲੇ ਤਰਨ ਤਾਰਨ ਨਾਲ ਸੰਬੰਧਿਤ ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਦਰਜ ਹੋਏ ਹਨ ਅਤੇ ਬਹੁਤ ਸਾਰੇ ਪੁਲਿਸ ਅਧਿਕਾਰੀਆਂ ਨੂੰ ਸੀ.ਬੀ.ਆਈ. ਅਦਾਲਤਾਂ ਵੱਲੋਂ ਸਜ਼ਾ ਵੀ ਦਿੱਤੀ ਜਾ ਚੁੱਕੀ ਹੈ।



ਮਨੁੱਖੀ ਅਧਿਕਾਰ ਸੰਗਠਨ ਦੇ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪਿਛਲੇ ਸਮੇਂ ਦੌਰਾਨ 31 ਮਾਰਚ, 2023 ਤੱਕ 10 ਸਾਲ ਜਾਂ 10 ਸਾਲ ਤੋਂ ਵੱਧ ਪੁਰਾਣੇ ਇਸ ਤਰ੍ਹਾਂ ਦੇ ਕੇਸਾਂ ਨੂੰ ਨਿਪਟਾਉਣ ਲਈ ਸੀ.ਬੀ.ਆਈ. ਅਦਾਲਤਾਂ ਨੂੰ ਹੁਕਮ ਜਾਰੀ ਕੀਤੇ ਸਨ ਅਤੇ ਬਹੁਤ ਸਾਰੇ ਕੇਸਾਂ ਦਾ ਨਿਪਟਾਰਾ ਹੋ ਚੁੱਕਾ ਹੈ ਅਤੇ ਬਾਕੀ ਰਹਿੰਦੇ ਕੇਸ ਵੀ ਹੁਣ ਆਖ਼ਰੀ ਸੁਣਵਾਈ ਤੱਕ ਪਹੁੰਚ ਚੁੱਕੀ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਿਰਫ਼ ਜ਼ਿਲ੍ਹਾ ਤਰਨ ਤਾਰਨ ਵਿੱਚ ਖਾੜਕੂਵਾਦ ਦੌਰਾਨ 984 ਨੌਜਵਾਨ ਲਾਪਤਾ ਦਿਖਾਏ ਗਏ, ਜਿਨ੍ਹਾਂ ਦਾ ਅਣਪਛਾਤੀਆਂ ਲਾਸ਼ਾਂ ਦਿਖਾ ਕੇ ਵੱਖ-ਵੱਖ ਸ਼ਮਸ਼ਾਨਘਾਟ ਵਿੱਚ ਅੰਤਿਮ ਸਸਕਾਰ ਵੀ ਕਰ ਦਿੱਤਾ ਗਿਆ, ਜਦਕਿ ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨਾਂ ਦੇ ਲਾਪਤਾ ਕੇਸਾਂ ਦੀ ਜਾਂਚ ਨਹੀਂ ਹੋ ਸਕੀ ਅਤੇ ਨਾ ਹੀ ਉਨ੍ਹਾਂ ਬਾਰੇ ਪਤਾ ਲੱਗ ਸਕਿਆ।

ਲਾਪਤਾ ਨੌਜਵਾਨਾਂ ਦੇ ਕੇਸ ਦੀ ਪੈਰ੍ਹਵੀ ਕਰ ਰਹੇ ਮਨੁੱਖੀ ਅਧਿਕਾਰ ਸੰਸਥਾ ਦੇ ਮੈਂਬਰ ਅਤੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਜਿਨ੍ਹਾਂ ਵੀ ਪੁਲਿਸ ਮੁਲਾਜ਼ਮਾਂ ਨੇ ਖਾੜਕੂਵਾਦ ਨੂੰ ਖ਼ਤਮ ਕਰਨ ਦੀ ਆੜ ਹੇਠ ਸਿੱਖ ਨੌਜਵਾਨਾਂ ਨਾਲ ਜ਼ਿਆਦਤੀਆਂ ਕੀਤੀਆਂ, ਭਾਵੇਂ ਦੇਸ਼ ਦੀ ਸਰਵਉੱਚ ਜਾਂਚ ਏਜੰਸੀ ਸੀ.ਬੀ.ਆਈ. ਵੱਲੋਂ ਉਨ੍ਹਾਂ ਦੇ ਖ਼ਿਲਾਫ਼ ਸੰਗੀਨ ਧਾਰਾਵਾਂ ਤਹਿਤ ਮਾਮਲੇ ਵੀ ਦਰਜ ਕੀਤੇ ਗਏ ਪਰ ਇਸ ਦੇ ਬਾਵਜੂਦ ਵੀ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਦਾ ਪੱਖ ਪੂਰਿਆ ਗਿਆ ਅਤੇ ਜ਼ਿਆਦਾਤਰ ਪੁਲਿਸ ਅਧਿਕਾਰੀ ਅਤੇ ਮੁਲਾਜ਼ਮ ਬਾ-ਇੱਜ਼ਤ ਸੇਵਾ ਮੁਕਤ ਹੋ ਕੇ ਆਪਣੀ ਨੌਕਰੀ ਦੇ ਸਾਰੇ ਲਾਭ ਪ੍ਰਾਪਤ ਕਰ ਚੁੱਕੇ ਹਨ, ਜਦਕਿ ਲਾਪਤਾ ਹੋਏ ਨੌਜਵਾਨਾਂ ਜਾਂ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਨੌਜਵਾਨਾਂ ਨੂੰ ਇਨਸਾਫ਼ ਦਿਵਾਉਣ ਲਈ ਕਿਸੇ ਵੀ ਸਰਕਾਰ ਨੇ ਇਨਸਾਫ਼ ਲਈ ਭਟਕ ਰਹੇ ਉਨ੍ਹਾਂ ਦੇ ਪਰਿਵਾਰਾਂ ਦੀ ਬਾਂਹ ਨਹੀਂ ਫੜੀ ਅਤੇ ਉਹ ਪਰਿਵਾਰ ਆਪਣੇ ਹੀ ਬਲਬੂਤੇ 'ਤੇ ਇਨਸਾਫ਼ ਲੈਣ ਲਈ ਅਦਾਲਤਾਂ ਵਿੱਚ ਜਾ ਰਹੇ ਹਨ ਅਤੇ ਉਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਦਿਵਾ ਰਹੇ ਹਨ, ਜੋ ਖਾੜਕੂਵਾਦ ਦੇ ਸਮੇਂ ਆਪਣੇ ਆਪ ਨੂੰ ਹਿਟਲਰ ਤੋਂ ਘੱਟ ਨਹੀਂ ਸਮਝਦੇ ਸਨ।

# ਚੰਨ 'ਤੇ ਪਹਿਲੀ ਵਾਰ 'ਵੂਮੈਨ ਪਾਵਰ' ਦਾ ਬੋਲਬਾਲਾ

## 50 ਸਾਲਾਂ ਬਾਅਦ ਨਾਸਾ ਨੇ ਲਾਂਚ ਕੀਤਾ 'ਚੰਨ ਮਿਸ਼ਨ'

ਫਲੋਰੀਡਾ: ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਬੀਤੇ ਦਿਨੀਂ ਆਪਣੇ ਚੰਨ ਮਿਸ਼ਨ ਦਾ ਐਲਾਨ ਕੀਤਾ। 50 ਸਾਲਾਂ ਬਾਅਦ ਨਾਸਾ ਵੱਲੋਂ ਚਾਰ ਪੁਲਾੜ ਯਾਤਰੀਆਂ ਨੂੰ ਚੰਨ 'ਤੇ ਭੇਜਿਆ ਜਾਵੇਗਾ। ਕ੍ਰਿਸਟੀਨਾ ਕੋਚ ਚੰਨ 'ਤੇ ਜਾਣ ਵਾਲੇ ਚਾਰ ਪੁਲਾੜ ਯਾਤਰੀਆਂ ਵਿਚੋਂ ਪਹਿਲੀ ਔਰਤ ਪੁਲਾੜ ਯਾਤਰੀ ਬਣ ਜਾਵੇਗੀ, ਜਿਸ ਨੂੰ ਮਿਸ਼ਨ 'ਤੇ ਨਿਯੁਕਤ ਕੀਤਾ ਗਿਆ ਹੈ। ਜਦਕਿ ਵਿਕਟਰ ਗਲੋਵਰ ਪਹਿਲੇ ਗੈਰ ਗੋਰੇ ਪੁਲਾੜ ਯਾਤਰੀ ਹੋਣਗੇ। ਨਾਸਾ ਦਾ ਇਹ ਮਿਸ਼ਨ 2024 ਦੇ ਅਖੀਰ ਜਾਂ 2025 ਦੇ ਸ਼ੁਰੂ ਵਿੱਚ ਲਾਂਚ ਕੀਤਾ ਜਾਵੇਗਾ। ਉਹ ਪੁਲਾੜ ਯਾਤਰੀ ਰੀਡ ਵਿਜ਼ਮੈਨ ਅਤੇ ਜੇਰੇਮੀ ਹੈਨਸਨ ਦੇ ਨਾਲ ਰਵਾਨਾ ਹੋਣਗੇ।




ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਇਹ ਪੁਲਾੜ ਯਾਤਰੀ ਚੰਨ 'ਤੇ ਨਹੀਂ ਉਤਰਨਗੇ ਪਰ ਇਹ ਮਿਸ਼ਨ ਆਉਣ ਵਾਲੇ ਪੁਲਾੜ ਯਾਤਰੀਆਂ ਲਈ ਲੈਂਡਿੰਗ ਦਾ ਰਸਤਾ ਆਸਾਨ ਬਣਾ ਦੇਵੇਗਾ। ਨਾਸਾ ਨੇ ਹਿਊਸਟਨ, ਟੈਕਸਾਸ ਵਿੱਚ ਇੱਕ ਸਮਾਰੋਹ ਦੌਰਾਨ ਚਾਰ ਪੁਲਾੜ ਯਾਤਰੀਆਂ ਦਾ ਖੁਲਾਸਾ ਕੀਤਾ। ਇਨ੍ਹਾਂ ਪੁਲਾੜ ਯਾਤਰੀਆਂ ਵਿੱਚੋਂ ਤਿੰਨ ਅਮਰੀਕੀ ਨਾਗਰਿਕ ਹਨ ਅਤੇ ਇੱਕ ਕੈਨੇਡਾ ਦਾ ਹੈ। ਇਹ ਪੁਲਾੜ ਯਾਤਰੀ ਹੁਣ ਆਪਣੇ ਆਪ ਨੂੰ ਮਿਸ਼ਨ ਲਈ ਤਿਆਰ ਕਰਨ ਲਈ ਸਖ਼ਤ ਸਿਖਲਾਈ ਸ਼ੁਰੂ ਕਰਨਗੇ। ਨਾਸਾ ਇੱਕ ਔਰਤ ਅਤੇ ਇੱਕ ਗੈਰ ਗੋਰੇ ਪੁਲਾੜ ਯਾਤਰੀ ਨੂੰ ਚੁਣਨ ਤੋਂ ਬਾਅਦ ਆਪਣੇ ਖੋਜ ਯਤਨਾਂ ਵਿੱਚ ਹੋਰ ਵਿਭਿੰਨਤਾ ਲਿਆਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰ ਰਿਹਾ ਹੈ। ਹੁਣ ਤੱਕ ਨਾਸਾ ਅਤੇ ਹੋਰ ਏਜੰਸੀਆਂ ਤੋਂ ਗਏ ਸਾਰੇ ਪੁਲਾੜ ਯਾਤਰੀ ਗੋਰੇ ਸਨ।

ਕੌਣ ਹੈ ਕ੍ਰਿਸਟੀਨਾ ਕੋਚ

ਚੰਨ 'ਤੇ ਚੱਲਣ ਵਾਲੀ ਪਹਿਲੀ ਮਹਿਲਾ ਪੁਲਾੜ ਯਾਤਰੀ ਕ੍ਰਿਸਟੀਨਾ ਕੋਚ (44) ਇੱਕ ਇਲੈਕਟ੍ਰੀਕਲ ਇੰਜੀਨੀਅਰ ਹੈ। ਉਹ ਪੁਲਾੜ ਵਿੱਚ 328 ਦਿਨ ਰਹਿ ਚੁੱਕੀ ਹੈ ਅਤੇ ਕਿਸੇ ਔਰਤ ਦੁਆਰਾ ਇਹ ਪੁਲਾੜ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਰਹਿਣ ਦਾ ਰਿਕਾਰਡ ਹੈ। ਉਸਨੇ ਅਕਤੂਬਰ 2019 ਵਿੱਚ ਇੱਕ ਹੋਰ ਨਾਸਾ ਪੁਲਾੜ ਯਾਤਰੀ ਜੈਸਿਕਾ ਮੀਰ ਦੇ ਨਾਲ ਪਹਿਲੀ ਆਲ-ਫੀਮੇਲ ਸਪੇਸਵਾਕ ਵਿੱਚ ਹਿੱਸਾ ਲਿਆ। ਜੇਰੇਮੀ ਹੈਨਸਨ (47) ਕੈਨੇਡਾ ਦਾ ਰਹਿਣ ਵਾਲਾ ਹੈ।

(ਬਾਕੀ ਸਫ਼ਾ 29 'ਤੇ)

# 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਅਮਰੀਕੀ ਸੰਸਦ 'ਚ ਮੈਰੀ ਗੇ ਸਕੈਨਲੋਨ ਵੱਲੋਂ ਪੇਸ਼

ਵਸ਼ਿੰਗਟਨ/ਏ.ਪੀ.ਨਿਊਜ਼: ਅਮਰੀਕਾ ਦੇ ਦੋ ਸੰਸਦ ਮੈਂਬਰਾਂ ਨੇ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ (ਨੈਸ਼ਨਲ ਸਿੱਖ ਡੇਅ) ਦੇ ਰੂਪ ਵਿੱਚ ਮਨਾਉਣ ਦੇ ਲਈ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰੈਜ਼ੈਂਟਿਵਸ (ਪ੍ਰਤੀਨਿਧੀ ਸਭਾ) 'ਚ ਪ੍ਰਸਤਾਵ ਪੇਸ਼ ਕੀਤਾ ਹੈ। ਅਮਰੀਕਾ ਵਿੱਚ ਲੋਕਾਂ ਨੂੰ ਮਜ਼ਬੂਤ ਅਤੇ ਪ੍ਰੇਰਿਤ ਕਰਨ ਵਿੱਚ ਸਿੱਖ ਭਾਈਚਾਰੇ ਦੇ ਯੋਗਦਾਨ ਦਾ ਸਨਮਾਨ ਕਰਦਿਆਂ ਹੋਇਆਂ ਇਹ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।



ਪ੍ਰਸਤਾਵ ਵਿੱਚ ਲਿਖਿਆ ਹੈ ਕਿ 14 ਅਪ੍ਰੈਲ ਨੂੰ ਸਿੱਖ ਵਿਸਾਖੀ ਦੇ ਰੂਪ 'ਚ ਮਨਾਉਂਦੇ ਹਨ। ਉਹ ਇਸ ਦਿਨ ਨੂੰ ਖਾਲਸਾ ਸਾਜਨਾ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਨ।ਵਿਸਾਖੀ ਧਰਮ ਦੇ ਇਤਿਹਾਸ ਅਤੇ ਸਿੱਖਾਂ ਦੀ ਪਹਿਚਾਣ ਬਣਾਏ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਮਰੀਕੀ ਸੰਸਦ ਮੈਂਬਰ ਮੈਰੀ ਗੇ ਸਕੈਨਲੋਨ ਨੇ ਪ੍ਰਸਤਾਵ ਪੇਸ਼ ਕਰਦਿਆਂ ਹੋਇਆਂ ਕਿਹਾ ਕਿ ਅਮਰੀਕਾ ਦੇ ਸਿਧਾਂਤਾਂ ਦੀ ਤਰ੍ਹਾਂ ਹੀ ਸਿੱਖ ਭਾਈਚਾਰਾ ਧਾਰਮਿਕ ਪ੍ਰੋਗਰਾਮਾਂ ਨਾਲ ਜਨਤਕ ਸੇਵਾ ਕਰਦਾ ਹੈ। ਮੈਰੀ ਨੇ ਕਿਹਾ ਕਿ ਅਮਰੀਕਾ ਦੀ ਜਨਤਾ ਦੇਸ਼ ਨੂੰ ਖ਼ੁਸ਼ਹਾਲ ਬਣਾਉਣ ਲਈ ਸਿੱਖ ਭਾਈਚਾਰੇ ਦਾ ਸਨਮਾਨ ਕਰਦੀ ਹੈ। ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਵਿਸਾਖੀ ਦੇ ਦਿਨ ਸਿੱਖ ਸੰਨ 1699 ਦੇ ਖਾਲਸਾ ਸਾਜਨਾ ਦਿਵਸ ਨੂੰ ਵੀ ਯਾਦ ਕਰਦੇ ਹਨ। ਇਸੇ ਦਿਨ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰ ਖ਼ਿਲਾਫ਼ ਲੜਨ ਲਈ ਖਾਲਸਾ ਸਾਜਿਆ ਸੀ। ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਸਿੱਖਾਂ ਦੇ ਨਾਲ ਵਿਸਾਖੀ ਮਨਾਉਣਾ ਅਤੇ ਅਮਰੀਕਾ ਦੇ ਲਈ ਕੀਤੇ ਗਏ ਸਿੱਖਾਂ ਦੇ ਯੋਗਦਾਨ ਦਾ ਸਨਮਾਨ ਕਰਦਿਆਂ ਹੋਇਆਂ ਪ੍ਰਸਤਾਵ ਉੱਚਿਤ ਹੈ।

# ਟਰੰਪ ਨੂੰ ਪੁਲਿਸ ਨੇ ਲਿਆ ਹਿਰਾਸਤ 'ਚ

ਨਿਊਯਾਰਕ/ਏਟੀਨਿਊਜ਼ :ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪੇਸ਼ੀ ਮੌਕੇ ਪੁਲਿਸ ਨੇ ਇਹਤਿਆਤ ਵਜੋਂ ਹਿਰਾਸਤ ਵਿੱਚ ਲੈ ਲਿਆ। ਟਰੰਪ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਹਨ, ਜਿਨ੍ਹਾਂ ਨੂੰ ਅਪਰਾਧਿਕ ਦੋਸ਼ਾਂ ਕਰਕੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਟਰੰਪ ਅੱਠ ਕਾਰਾਂ ਦੇ ਕਾਫ਼ਲੇ ਵਿੱਚ ਮੈਨਹਟਨ ਦੀ ਕੋਰਟ ਪੁੱਜੇ। ਉਹ ਮੁੱਖ ਰਸਤੇ ਦੀ ਥਾਂ ਸਾਈਡ ਵਾਲੇ ਗੇਟ ਰਾਹੀਂ ਅਦਾਲਤ ਵਿੱਚ ਦਾਖ਼ਲ ਹੋਏ। ਸੀਐੱਨਐੱਨ ਨੇ ਆਪਣੀ ਇਕ ਰਿਪੋਰਟ ਵਿੱਚ ਕਿਹਾ, "ਟਰੰਪ ਮੈਨਹਟਨ ਜ਼ਿਲ੍ਹਾ ਅਟਾਰਨੀ ਦਫ਼ਤਰ ਵਿੱਚ ਪੁਲਿਸ ਦੀ ਹਿਰਾਸਤ ਵਿੱਚ ਹੈ।"



ਟਰੰਪ ਉੱਤੇ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੌਰਨ ਫਿਲਮ ਸਟਾਰ ਸਟੌਮੀ ਡੈਨੀਅਲਜ਼ ਨੂੰ ਕੁਝ ਗੱਲਾਂ ਗੁਪਤ ਰੱਖਣ ਲਈ ਦਿੱਤੇ ਪੈਸੇ ਦੇਣ ਦਾ ਦੋਸ਼ ਹੈ। ਸਾਬਕਾ ਰਾਸ਼ਟਰਪਤੀ ਦੀ ਪੇਸ਼ੀ ਮੌਕੇ ਕੋਰਟ ਦੇ ਬਾਹਰ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਮੌਜੂਦ ਸਨ। ਇਸ ਦੌਰਾਨ ਉਥੇ ਦੂਜੀ ਧਿਰ ਦੇ ਹਮਾਇਤੀ ਵੀ ਮੌਜੂਦ ਸਨ, ਜਿਨ੍ਹਾਂ ਟਰੰਪ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਦੋਵਾਂ ਧਿਰਾਂ ਨੂੰ ਇਕ ਦੂਜੇ ਤੋਂ ਅੱਡ ਰੱਖਣ ਲਈ ਪੁਲਿਸ ਨੂੰ ਖਾਸੀ ਮੁਸ਼ੱਕਤ ਕਰਨੀ ਪਈ। ਉਧਰ ਅਮਰੀਕੀ ਮੀਡੀਆ ਨੇ ਟਰੰਪ ਦੇ ਵਕੀਲਾਂ ਦੇ ਹਵਾਲੇ ਨਾਲ ਕਿਹਾ ਕਿ 2024 ਵਿੱਚ ਦੂਜੀ ਵਾਰ ਵ੍ਹਾਈਟ ਹਾਊਸ ਪੁੱਜਣ ਦੇ ਚਾਹਵਾਨ ਰਿਪਬਲਿਕਨ ਆਗੂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਪ੍ਰਵਾਨ ਨਹੀਂ ਕਰਨਗੇ। ਟਰੰਪ (76) ਆਪਣੇ ਆਵਾਸ ਤੋਂ ਬੋਇੰਗ 757 ਜਹਾਜ਼ ਰਾਹੀਂ ਨਿਊਯਾਰਕ ਲਈ ਰਵਾਨਾ ਹੋਏ ਸੀ ਅਤੇ ਲਾ ਗਾਰਡੀਆ ਹਵਾਈ ਅੱਡੇ 'ਤੇ ਪੁੱਜੇ। ਟਰੰਪ ਦੀ ਪੇਸ਼ੀ ਤੋਂ ਪਹਿਲਾਂ ਇਹਤਿਆਤ ਵਜੋਂ ਟਰੰਪ ਟਾਵਰ ਦੀਆਂ ਨੇੜਲੀਆਂ ਸੜਕਾਂ ਦੀ ਘੇਰਾਬੰਦੀ ਕੀਤੀ ਗਈ ਹੈ।

# ਜਾਰਜੀਆ ਦੀ ਵਿਧਾਨ ਸਭਾ ਵੱਲੋਂ ਹਿੰਦੂਤਵ ਵਿਰੁੱਧ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਜਾਰਜੀਆ ਦੀ ਵਿਧਾਨ ਸਭਾ ਨੇ ਹਿੰਦੂਤਵ ਉਪਰ ਹੋ ਰਹੇ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ ਕੀਤਾ ਹੈ। ਪ੍ਰਸਤਾਵ ਵਿੱਚ ਹਿੰਦੂਫੋਬੀਆ, ਹਿੰਦੂ ਧਰਮ ਵਿਰੁੱਧ ਕੱਟੜਤਾ ਤੇ ਅਸਹਿਣਸ਼ੀਲਤਾ ਦੀ ਨਿੰਦਾ ਕੀਤੀ ਗਈ ਹੈ। ਵਿਧਾਨ ਸਭਾ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਭਰ ਦੇ ਰਾਜਾਂ ਵੱਲੋਂ ਹੋਰ ਧਰਮਾਂ ਬਾਰੇ ਵਿਖਾਈ ਜਾਂਦੀ ਕੱਟੜਤਾ ਵਿਰੁੱਧ ਮਤੇ ਪਾਸ ਕੀਤੇ ਗਏ ਹਨ ਪਰੰਤੂ ਹਿੰਦੂ ਧਰਮ ਬਾਰੇ ਕਿਸੇ ਵੀ ਰਾਜ ਵੱਲੋਂ ਅਜਿਹਾ ਮਤਾ ਪਾਸ ਨਹੀਂ ਕੀਤਾ ਗਿਆ। ਹਿੰਦੂ ਧਰਮ ਬਾਰੇ ਮਤਾ ਪਾਸ ਕਰਨ ਵਾਲਾ ਜਾਰਜੀਆ ਪਹਿਲਾ ਰਾਜ ਬਣ ਗਿਆ ਹੈ। ਇਹ ਮਤਾ 5 ਵਿਧਾਇਕਾਂ ਵੱਲੋਂ ਪੇਸ਼ ਕੀਤਾ ਗਿਆ ਸੀ ਜਿਸ ਵਿੱਚ ਹਿੰਦੂਆਂ ਤੇ ਹਿੰਦੂ ਧਰਮ ਦੀ ਵਿਸ਼ਵ ਨੂੰ ਦੇਣ ਦਾ ਵਰਣਨ ਕੀਤਾ ਗਿਆ ਹੈ। ਮਤੇ ਵਿੱਚ ਕਿਹਾ ਗਿਆ ਹੈ ਕਿ ਵਿਧਾਨ ਸਭਾ ਹਿੰਦੂ ਅਮਰੀਕੀਆਂ ਵੱਲੋਂ ਲਿਆਂਦੀ ਭਿੰਨਤਾ ਤੇ ਪਰਿਵਾਰਕ ਕਦਰਾਂ ਕੀਮਤਾਂ ਬਹਾਲ ਰਖਣ ਦਾ ਸਵਾਗਤ ਕਰਦੀ ਹੈ ਤੇ ਉਨਾਂ ਸਾਰੇ ਲੋਕਾਂ ਨੂੰ ਜੀ ਆਇਆਂ ਕਹਿੰਦੀ ਹੈ ਜਿਨਾਂ ਨੇ ਸਖਤ ਮਿਹਨਤ ਦੁਆਰਾ ਆਰਥਕ ਤੇ ਸਮਾਜਿਕ ਵਿਕਾਸ ਵਿੱਚ ਯੋਗਦਾਨ ਪਾਇਆ।

# ਪਾਕਿਸਤਾਨ 'ਚ ਹਾਲਾਤ ਵਿਗੜਣ ਅਤੇ ਮਹਿੰਗਾਈ ਕਾਰਨ ਦੇਸ਼ ਛੱਡ ਸਕਦੇ ਨੇ ਸੈਂਕੜੇ ਸਿੱਖ

## ਰਮਜ਼ਾਨ ਮੌਕੇ ਘੱਟ ਰੇਟ 'ਤੇ ਰਾਸ਼ਨ ਵੇਚਣ ਵਾਲੇ ਸਿੱਖ ਦੁਕਾਨਦਾਰ ਦਾ ਕਤਲ, ਮੁਸਲਮਾਨਾਂ ਨੇ ਕੀਤੀ ਨਿਖੇਧੀ

ਅੰਮ੍ਰਿਤਸਰ: ਪਾਕਿਸਤਾਨ ਵਿੱਚ ਹਿੰਦੂਆਂ ਤੋਂ ਬਾਅਦ ਹੁਣ ਉੱਥੋਂ ਦੇ ਸਿੱਖ ਭਾਈਚਾਰੇ ਨੇ ਵੀ ਆਪਣੇ ਪਰਿਵਾਰਾਂ 'ਤੇ ਹੋ ਰਹੇ ਅੱਤਿਆਚਾਰਾਂ ਅਤੇ ਫਿਰੌਤੀ ਲਈ ਕੀਤੀਆਂ ਜਾ ਰਹੀਆਂ ਹੱਤਿਆਵਾਂ ਅਤੇ ਵਧ ਰਹੀ ਮਹਿੰਗਾਈ ਕਾਰਨ ਪਾਕਿ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਭਾਰਤ ਆਉਣਾ ਸ਼ੁਰੂ ਕਰ ਦਿੱਤਾ ਹੈ। ਪਿਸ਼ਾਵਰੀ ਸਿੱਖ ਸੰਗਤ ਦੇ ਇਕ ਆਗੂ ਨੇ ਦੱਸਿਆ ਕਿ 150 ਤੋਂ ਵਧੇਰੇ ਪਿਸ਼ਾਵਰੀ ਸਿੱਖਾਂ ਨੇ ਭਾਰਤੀ ਵੀਜ਼ੇ ਲਈ ਅਪਲਾਈ ਕੀਤਾ ਹੋਇਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 1000 ਤੋਂ ਵਧੇਰੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਭਾਰਤ ਜਾ ਕੇ ਆਬਾਦ ਹੋਣ ਦੀ ਤਿਆਰੀ ਕੀਤੀ ਹੋਈ ਹੈ। ਇਹ ਵੀ ਪਤਾ ਲੱਗਾ ਹੈ ਕਿ ਜਿਨ੍ਹਾਂ ਪਾਕਿਸਤਾਨੀ ਸਿੱਖਾਂ ਨੂੰ ਭਾਰਤ ਦਾ ਵੀਜ਼ਾ ਨਹੀਂ ਮਿਲ ਸਕਿਆ, ਉਹ ਅਫ਼ਗਾਨਿਸਤਾਨ ਦੇ ਫ਼ਰਜ਼ੀ ਪਾਸਪੋਰਟ ਰਾਹੀਂ ਦਿੱਲੀ ਪਹੁੰਚ ਕੇ ਆਬਾਦ ਹੋ ਚੁੱਕੇ ਹਨ। ਦੂਜੇ ਪਾਸੇ, ਸੂਬਾ ਸਿੰਧ ਦੇ ਵੱਖ-ਵੱਖ ਸ਼ਹਿਰਾਂ ਤੋਂ ਪਿਛਲੇ ਤਿੰਨ ਮਹੀਨਿਆਂ ਦੌਰਾਨ ਲਗਭਗ ਇਕ ਹਜ਼ਾਰ ਪਾਕਿਸਤਾਨੀ ਹਿੰਦੂ ਧਾਰਮਿਕ ਵੀਜ਼ਾ ਦੀ ਮਾਰਫ਼ਤ ਭਾਰਤ ਪਹੁੰਚੇ ਹਨ, ਪਰ ਵੀਜ਼ਾ ਖ਼ਤਮ ਹੋਣ ਦੇ ਬਾਅਦ ਵੀ ਉਹ ਵਾਪਸ ਨਹੀਂ ਗਏ। ਜਾਣਕਾਰੀ ਅਨੁਸਾਰ ਇਹ ਹਿੰਦੂ ਅਟਾਰੀ-ਵਾਹਗਾ ਸਰਹੱਦ ਰਸਤੇ ਲਗਭਗ 25 ਦਿਨ ਦੇ ਧਾਰਮਿਕ ਵੀਜ਼ਾ 'ਤੇ ਹਰਿਦੁਆਰ ਦੀ ਯਾਤਰਾ ਲਈ ਆਏ ਸਨ ਤੇ ਹਰਿਦੁਆਰ ਪਹੁੰਚਣ ਦੀ ਬਜਾਇ ਇਹ ਦਿੱਲੀ, ਜੈਸਲਮੇਰ, ਜੈਪੁਰ, ਜੋਧਪੁਰ, ਰੁਦਰਪੁਰ, ਅਹਿਮਦਾਬਾਦ ਅਤੇ ਮੁੰਬਈ ਆਦਿ ਸ਼ਹਿਰਾਂ ਵਿੱਚ ਰਹਿ ਰਹੇ ਆਪਣੇ ਭਾਰਤੀ ਰਿਸ਼ਤੇਦਾਰਾਂ ਕੋਲ ਆਬਾਦ ਹੋ ਗਏ ਹਨ। ਜਦਕਿ ਪਾਕਿ ਸਿੱਖ ਭਾਈਚਾਰੇ ਦੇ ਜ਼ਿਆਦਾਤਰ ਲੋਕ ਦਿੱਲੀ ਵਿਚ ਹੀ ਆਬਾਦ ਹੋ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਜਿਹੜੇ ਪਾਕਿ ਨਾਗਰਿਕ ਵਾਪਸ ਨਹੀਂ ਪਰਤਦੇ, ਉਹ ਸੰਬੰਧਿਤ ਪੁਲਿਸ ਥਾਣੇ ਨਾਲ ਮਿਲੀਭੁਗਤ ਕਰਕੇ ਅਤੇ ਬਿਮਾਰੀ ਦਾ ਜਾਂ ਕੋਈ ਹੋਰ ਠੋਸ ਬਹਾਨਾ ਬਣਾ ਕੇ ਲੰਬੀ ਮਿਆਦ ਦਾ ਵੀਜ਼ਾ ਲਈ ਅਪਲਾਈ ਕਰ ਦਿੰਦੇ ਹਨ। ਜਿਸ ਦੇ ਚੱਲਦਿਆਂ ਉਨ੍ਹਾਂ ਨੂੰ ਗ੍ਰਹਿ ਮੰਤਰਾਲੇ ਦੀ ਮਾਰਫ਼ਤ ਆਸਾਨੀ ਨਾਲ 3 ਮਹੀਨੇ ਤੋਂ ਇਕ ਸਾਲ ਤੱਕ ਦਾ ਵੀਜ਼ਾ ਮਿਲ ਜਾਂਦਾ ਹੈ। ਜਦਕਿ ਬਹੁਤ ਸਾਰੇ ਅਜਿਹੇ ਪਾਕਿਸਤਾਨੀ ਹਿੰਦੂ ਵੀ ਭਾਰਤ 'ਚ ਗੁਪਤ ਢੰਗ ਨਾਲ ਰਹਿ ਰਹੇ ਹਨ, ਜਿਨ੍ਹਾਂ ਨੇ ਅਜੇ ਤੱਕ ਨਾ ਤਾਂ ਵੀਜ਼ਾ ਵਧਾਇਆ ਹੈ ਅਤੇ ਨਾ ਹੀ ਵਾਪਸ ਪਰਤੇ ਹਨ।



ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਲਗਾਤਾਰ ਲੰਮੇ ਸਮੇਂ ਤੋਂ ਵਿਗੜਦੇ ਹੋਏ ਹਾਲਾਤ ਦੇ ਮੱਦੇਨਜ਼ਰ ਸੁਰੱਖਿਆ ਨਾ ਮਹਿਸੂਸ ਕਰਦਾ ਹੋਇਆ ਪੇਸ਼ਾਵਰ ਦਾ ਇੱਕ ਸਿੱਖ ਪਰਿਵਾਰ ਪਾਕਿਸਤਾਨ ਦੇਸ਼ ਨੂੰ ਸਦਾ ਲਈ ਛੱਡ ਕੇ ਅਟਾਰੀ-ਵਾਹਗਾ ਸਰਹੱਦ ਰਾਹੀਂ ਛੋਟੇ-ਛੋਟੇ ਬੱਚਿਆਂ ਨਾਲ ਭਾਰਤ ਪੁੱਜ ਗਿਆ ਹੈ।

ਭਾਰਤ ਪੁੱਜੇ ਪੇਸ਼ਾਵਰ ਸ਼ਹਿਰ ਦੇ ਬਹੁਤ ਹੀ ਪੁਰਾਣੇ ਵਸਨੀਕ ਰਘਬੀਰ ਸਿੰਘ ਨੇ ਦੱਸਿਆ ਕਿ ਉਹ ਭਾਰਤ ਪੁੱਜਣ 'ਤੇ ਸੁਰੱਖਿਅਤ ਮਹਿਸੂਸ ਕਰ ਰਹੇ ਹਾਂ। ਉਨ੍ਹਾਂ ਇਹ ਵੀ ਦੱਸਿਆ ਕਿ ਪਾਕਿਸਤਾਨ ਵਿੱਚ ਮੁਸਲਮਾਨ ਲੋਕ ਹਮਲਿਆਂ ਤੇ ਤਸ਼ੱਦਦ ਤੋਂ ਇਲਾਵਾ ਉਨ੍ਹਾਂ ਦੀਆਂ ਦੁਕਾਨਾਂ 'ਤੇ ਸ਼ਰੇਆਮ ਕਬਜ਼ੇ ਕਰ ਰਹੇ ਹਨ, ਜਿਸ ਕਾਰਨ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦਾ ਲਗਾਤਾਰ ਘਾਣ ਹੋ ਰਿਹਾ ਹੈ। ਪੇਸ਼ਾਵਰ ਤੋਂ ਪੁੱਜੇ ਰਘਬੀਰ ਸਿੰਘ ਦੇ ਪਰਿਵਾਰ ਨੂੰ ਪਾਕਿਸਤਾਨ ਸਥਿਤ ਭਾਰਤੀ ਦੂਤਘਰ ਇਸਲਾਮਾਬਾਦ ਵੱਲੋਂ ਫ਼ਿਲਹਾਲ 45 ਦਿਨਾਂ ਦਾ ਇੰਦੌਰ - ਦਿੱਲੀ ਦਾ ਵੀਜ਼ਾ ਮੁਹੱਈਆ ਕੀਤਾ ਗਿਆ ਹੈ। ਇਹ ਪਰਿਵਾਰ ਵੀਜ਼ੇ ਅਨੁਸਾਰ ਭਾਰਤ ਦੇ ਇੱਕ ਸ਼ਹਿਰ ਵਿਚ ਰੁਕ ਕੇ ਭਾਰਤ ਵਿਖੇ ਨਾਗਰਿਕਤਾ ਲੈਣ ਲਈ ਦਸਤਾਵੇਜ਼ ਪੂਰੇ ਕਰ ਕੇ ਪਾਕਿਸਤਾਨੀ ਪਾਸਪੋਰਟ ਭਾਰਤ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਦਿੱਲੀ ਵਿਖੇ ਜਮ੍ਹਾਂ ਕਰਵਾ ਕੇ ਭਾਰਤੀ ਨਾਗਰਿਕਤਾ ਹਾਸਲ ਕਰਨਗੇ, ਜਿਸ ਲਈ ਉਨ੍ਹਾਂ ਨੂੰ ਦੋ ਤੋਂ ਤਿੰਨ ਸਾਲ ਦਾ ਸਮਾਂ ਲੱਗੇਗਾ ਤੇ ਇਸ ਦੌਰਾਨ ਉਹ ਭਾਰਤ ਸਰਕਾਰ ਨੂੰ ਬੇਨਤੀ ਕਰ ਕੇ ਆਪਣਾ ਸਮੇਂ-ਸਮੇਂ 'ਤੇ ਭਾਰਤ ਵਿਖੇ ਰੁਕਣ ਦਾ ਵੀਜ਼ਾ ਵਧਾਉਣਗੇ।

ਪਾਕਿਸਤਾਨੀ ਪਰਿਵਾਰ ਜਿਸ ਕੋਲ ਆਪਣਾ ਘਰ ਦਾ ਸਾਮਾਨ ਵੱਧ ਹੋਣ ਕਰਕੇ ਭਾਰਤੀ ਕਸਟਮ ਨੇ ਉਨ੍ਹਾਂ ਨੂੰ ਪੂਰਾ ਸਹਿਯੋਗ ਕਰਦਿਆਂ ਬਿਨਾਂ ਕਿਸੇ ਤੰਗੀ ਦੇ ਅਟਾਰੀ ਸਰਹੱਦ ਤੋਂ ਵਿਸ਼ੇਸ਼ ਤਿੰਨ ਗੱਡੀਆਂ ਰਾਹੀਂ ਰਵਾਨਾ ਕੀਤਾ ਗਿਆ।

### ਸਿੱਖ ਦੁਕਾਨਦਾਰ ਦਾ ਕਤਲ

ਬੀਤੇ ਦਿਨੀਂ ਪਹਿਲਾਂ ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ ਵਿਚ ਭਰੇ ਬਾਜ਼ਾਰ ਵਿੱਚ ਸਿੱਖ ਦੁਕਾਨਦਾਰ ਦਿਆਲ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰੇ ਜਾਣ ਤੋਂ ਬਾਅਦ ਸਥਾਨਕ ਪੁਲਿਸ ਨੇ ਕੇਸ ਹੱਲ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਮੁਤਾਬਕ ਰਮਜ਼ਾਨ ਦੇ ਦਿਨਾਂ ਵਿੱਚ ਦਿਆਲ ਸਿੰਘ ਆਟਾ, ਰਾਸ਼ਨ ਤੇ ਹੋਰ ਘਰੇਲੂ ਸਾਮਾਨ ਸਸਤੇ ਭਾਅ 'ਤੇ ਵੇਚ ਰਿਹਾ ਸੀ। ਇਸ ਕਾਰਨ ਕੱਟੜਪੰਥੀ ਅਨਸਰਾਂ ਨੇ ਉਸ ਨੂੰ ਭਰੇ ਬਾਜ਼ਾਰ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਦੁਕਾਨਦਾਰ ਦਿਆਲ ਸਿੰਘ ਦੀ ਦੇਹ ਦਾ ਸਸਕਾਰ ਅਟਕ ਦਰਿਆ ਦੇ ਕੰਢੇ ਗੁਰਦੁਆਰਾ ਪੰਜਾ ਸਾਹਿਬ ਦੇ ਨੇੜੇ ਬਣਾਏ ਗਏ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ ਸੀ।

ਪਿਸ਼ਾਵਰ ਵਿਖੇ ਹੋਏ ਇਸ ਕਤਲ ਕਾਰਨ ਜਿੱਥੇ ਸਿੱਖ ਸਮਾਜ ਵਿੱਚ ਰੋਸ ਹੈ ਉੱਥੇ ਸਥਾਨਕ ਮੁਸਲਿਮ ਸਮਾਜ ਨੇ ਵੀ ਤਿੱਖੀ ਨਿਖੇਧੀ ਕੀਤੀ ਹੈ। ਪਿਸ਼ਾਵਰ ਦੇ ਸਥਾਨਕ ਲੋਕਾਂ ਨੇ ਸੂਬਾ ਖ਼ੈਬਰ ਪਖਤੂਨਖਵਾ ਦੀ ਸਰਕਾਰ ਤੇ ਪਾਕਿਸਤਾਨ ਦੀ ਕੇਂਦਰ ਸਰਕਾਰ 'ਤੇ ਜ਼ੋਰ ਪਾਇਆ ਹੈ ਕਿ ਕਾਤਲ ਫੜੇ ਜਾਣ। ਸ਼ਹੀਦ ਭਗਤ ਸਿੰਘ ਫਾਊਂਡੇਸ਼ਨ ਲਾਹੌਰ (ਪਾਕਿਸਤਾਨ) ਦੇ ਆਗੂ ਇਮਤਿਆਜ ਰਸ਼ੀਦ ਕੁਰੈਸ਼ੀ ਨੇ ਕਿਹਾ ਹੈ ਕਿ ਰਮਜ਼ਾਨ ਦੌਰਾਨ ਸਸਤੀਆਂ ਚੀਜ਼ਾਂ ਵੇਚਣ ਵਾਲੇ ਕਰਿਆਨਾ ਦੁਕਾਨਦਾਰ ਦਿਆਲ ਸਿੰਘ ਦਾ ਕਤਲ ਕਰਨਾ ਘਟੀਆ ਕਾਰਾ ਹੈ। ਅਸੀਂ ਇੱਕ ਕੌਮ ਵਜੋਂ ਪਹਿਲਾਂ ਹੀ ਡਿੱਗ ਚੁੱਕੇ ਹਾਂ। ਉਨ੍ਹਾਂ ਸਾਫ਼ ਕਿਹਾ ਕਿ ਅਸੀਂ ਧਾਰਮਿਕ ਫਾਸੀਵਾਦ ਦੀ ਮਿਸਾਲ ਬਣਦੇ ਜਾ ਰਹੇ ਹਾਂ ਪਰ ਦੂਜੇ ਜੇ ਕਿਸੇ ਹੋਰ ਮਜ਼ਹਬ ਦਾ ਵਿਅਕਤੀ ਸਾਡੇ ਲੋਕਾਂ ਨਾਲ ਹਮਦਰਦੀ ਦਿਖਾਵੇ ਤਾਂ ਕੁਝ ਅਨਸਰ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਰਮਜ਼ਾਨ ਮਹੀਨੇ ਮੌਕੇ ਮੁਸਲਮਾਨ ਗ਼ਰੀਬ ਪਰਿਵਾਰਾਂ ਨੂੰ ਸਸਤੇ ਰੇਟ 'ਤੇ ਆਟਾ ਤੇ ਹੋਰ ਘਰੇਲੂ ਸਾਮਾਨ ਵੇਚ ਕੇ ਦਿਆਲ ਸਿੰਘ ਨੇ ਕੋਈ ਗ਼ਲਤੀ ਨਹੀਂ ਕੀਤੀ ਸੀ ਕਿ ਇਸ ਦੀ ਸਜ਼ਾ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਇਸੇ ਤਰ੍ਹਾਂ ਹੋਰ ਲੋਕਾਂ ਨੇ ਵੀ ਇਸ ਕਤਲ ਦੀ ਨਿਖੇਧੀ ਕਰਦਿਆਂ ਹੋਇਆਂ ਕਾਤਲ ਜਲਦੀ ਫੜਨ ਦੀ ਮੰਗ ਕੀਤੀ ਹੈ।

### ਸ਼੍ਰੋਮਣੀ ਕਮੇਟੀ, ਪੰਥ ਅਕਾਲੀ ਬੁੱਢਾ ਦਲ ਵੱਲੋਂ ਸਿੱਖ ਦੁਕਾਨਦਾਰ ਦੇ ਕਤਲ ਦੀ ਨਿਖੇਧੀ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ ਵਿੱਚ ਦਿਆਲ ਸਿੰਘ ਨਾਂਅ ਦੇ ਇਕ ਸਿੱਖ ਦੁਕਾਨਦਾਰ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਉੱਥੋਂ ਦੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਦੁੱਖ ਦੀ ਗੱਲ ਹੈ ਕਿ ਪਾਕਿਸਤਾਨ ਅੰਦਰ ਇਸ ਤੋਂ ਪਹਿਲਾਂ ਵੀ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਜੇਕਰ ਪਾਕਿ ਸਰਕਾਰ ਨੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਮੁੜ ਅਜਿਹਾ ਨਾ ਵਾਪਰਦਾ।

(ਬਾਕੀ ਸਫ਼ਾ 30 'ਤੇ)

## ਟਵਿੱਟਰ ਦਾ ਲੋਗੋ ਬਦਲਿਆ



ਕੈਲੀਫੋਰਨੀਆ/ਏ.ਟੀ.ਨਿਊਜ਼: ਜਦੋਂ ਤੋਂ ਐਲਨ ਮਸਕ ਨੂੰ ਟਵਿੱਟਰ ਦੀ ਮਲਕੀਅਤ ਮਿਲੀ ਹੈ, ਉਦੋਂ ਤੋਂ ਹੀ ਇਸ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕੁਝ ਹੈਰਾਨ-ਪ੍ਰੇਸ਼ਾਨ ਕਰਨ ਵਾਲੇ ਬਦਲਾਅ ਹੋਏ ਹਨ। ਤਾਜ਼ਾ ਮਾਮਲਾ ਵੀ ਕੁਝ ਅਜਿਹਾ ਹੀ ਹੈ। ਹੁਣ ਐਲਨ ਮਸਕ ਵੱਲੋਂ ਟਵਿੱਟਰ ਦਾ ਲੋਗੋ ਬਦਲ ਦਿੱਤਾ ਗਿਆ ਹੈ। ਹੁਣ ਤੱਕ ਸੋਸ਼ਲ ਮੀਡੀਆ ਪਲੇਟਫਾਰਮ ਦਾ ਲੋਗੋ ਚਿੜੀ ਹੁੰਦਾ ਸੀ। ਇਸ ਨੂੰ ਬਦਲ ਕੇ ਡੌਜ ਕਰ ਦਿੱਤਾ ਗਿਆ ਹੈ।

## ਤਾਲਿਬਾਨ ਨੇ ਰਮਜ਼ਾਨ ਵਿੱਚ ਗੀਤ ਚਲਾਉਣ ਦਾ ਦੋਸ਼ ਲਗਾ ਕੇ ਔਰਤਾਂ ਦਾ ਰੇਡੀਓ ਸਟੇਸ਼ਨ ਕੀਤਾ ਬੰਦ

### ਰੇਡੀਓ ਸਟੇਸ਼ਨ ਦੀ ਮੁਖੀ ਨਾਜ਼ੀਆ ਨੇ ਸਾਰੇ ਦੋਸ਼ਾਂ ਨੂੰ ਦੱਸਿਆ ਝੂਠਾ

ਕਾਬੁਲ/ਏ.ਟੀ.ਨਿਊਜ਼: ਅਫ਼ਗਾਨਿਸਤਾਨ 'ਚ ਤਾਲਿਬਾਨ ਸਰਕਾਰ ਨੇ ਇੱਕ ਔਰਤਾਂ ਦਾ ਰੇਡੀਓ ਸਟੇਸ਼ਨ ਨੂੰ ਬੰਦ ਕਰ ਦਿੱਤਾ ਹੈ। ਇਸ 'ਤੇ ਰਮਜ਼ਾਨ ਦੇ ਮਹੀਨੇ ਵਿੱਚ ਗੀਤ ਚਲਾਉਣ ਦਾ ਦੋਸ਼ ਸੀ। ਰੇਡੀਓ ਸਟੇਸ਼ਨ ਦਾ ਨਾਂਅ ਸਦਾ ਬਨੋਵਨ ਸੀ। ਜਿਸ ਦਾ ਅਰਥ ਹੈ, ਔਰਤਾਂ ਦੀ ਆਵਾਜ਼। ਰੇਡੀਓ ਸਟੇਸ਼ਨ 10 ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਇਸ ਵਿੱਚ ਸਿਰਫ਼ 6 ਔਰਤ ਕਰਮਚਾਰੀਆਂ ਦਾ ਸਟਾਫ਼ ਸੀ। ਬਦਖ਼ਸ਼ਾਨ ਸੂਬੇ ਦੇ ਸੱਭਿਆਚਾਰ ਅਤੇ ਸੂਚਨਾ ਮੰਤਰੀ ਮੋਇਜ਼ੂਦੀਨ ਅਹਿਮਦੀ ਨੇ ਰੇਡੀਓ ਸਟੇਸ਼ਨ 'ਤੇ ਪਾਬੰਦੀ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਟੇਸ਼ਨ ਇਸਲਾਮ ਦੇ ਕਾਨੂੰਨਾਂ ਦੀ ਉਲੰਘਣਾ ਕਰ ਰਿਹਾ ਸੀ। ਮੋਇਜ਼ੂਦੀਨ ਨੇ ਇਹ ਵੀ ਕਿਹਾ ਕਿ ਰੇਡੀਓ ਸਟੇਸ਼ਨ ਨੂੰ ਮੁੜ



ਚਾਲੂ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ, ਜੇਕਰ ਇਹ ਗਰੰਟੀ ਦਿੰਦਾ ਹੈ ਕਿ ਇਹ ਅਫ਼ਗਾਨ ਸਰਕਾਰ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰੇਗਾ। ਇਸ ਦੇ ਨਾਲ ਹੀ ਸਟੇਸ਼ਨ ਦੀ ਮੁਖੀ ਨਾਜ਼ੀਆ ਸੋਰੋਸ਼ ਨੇ ਮੋਇਜ਼ੂਦੀਨ ਦੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਟੇਸ਼ਨ ਨੇ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ ਹੈ। ਇਹ ਸਭ ਇਕ ਸਾਜਿਸ਼ ਤਹਿਤ ਕੀਤਾ ਗਿਆ ਹੈ। ਸੋਰੋਸ਼ ਨੇ ਇਹ ਵੀ ਦੱਸਿਆ ਕਿ ਰੇਡੀਓ ਸਟੇਸ਼ਨ ਬੰਦ ਕਰਵਾਉਣ ਲਈ ਮੰਤਰੀ ਮੋਇਜ਼ੂਦੀਨ ਅਹਿਮਦੀ ਖੁਦ ਆਏ ਸਨ।

## ਐਨ.ਐਸ.ਏ. ਤਹਿਤ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਮਿਲਣ ਵਕੀਲਾਂ ਦੀ ਟੀਮ ਜਲਦੀ ਡਿਬਰੂਗੜ੍ਹ ਜਾਵੇਗੀ : ਧਾਮੀ

### ਧਾਮੀ ਵੱਲੋਂ ਸੂਬਾ ਸਰਕਾਰ ਅਤੇ ਕੇਂਦਰ 'ਤੇ ਅੱਤਵਾਦ ਦਾ ਮਾਹੌਲ ਬਣਾਉਣ ਦਾ ਦੋਸ਼

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਤਹਿਤ ਗ੍ਰਿਫਤਾਰ ਕੀਤੇ ਗਏ ਸਿੱਖਾਂ ਨੂੰ ਮਿਲਣ ਲਈ ਵਕੀਲਾਂ ਦੀ ਟੀਮ ਜਲਦ ਹੀ ਅਸਾਮ ਦੀ ਡਿਬਰੂਗੜ੍ਹ ਜੇਲ ਦਾ ਦੌਰਾ ਕਰੇਗੀ।

ਪੁਲਿਸ ਨੇ ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਅਤੇ ਚਾਰ ਸਾਥੀਆਂ ਦਲਜੀਤ ਸਿੰਘ ਕਲਸੀ, ਭਗਵੰਤ ਸਿੰਘ, ਗੁਰਮੀਤ ਸਿੰਘ ਅਤੇ ਪ੍ਰਧਾਨ ਮੰਤਰੀ ਬਾਜੇਕੇ ਨੂੰ ਐਨਐਸਏ ਤਹਿਤ ਗ੍ਰਿਫ਼ਤਾਰ ਕਰਕੇ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ।



ਧਾਮੀ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਅਰਧ ਸੈਨਿਕ ਬਲ ਤਾਇਨਾਤ ਕਰਕੇ, ਸੂਬਾ ਸਰਕਾਰ ਅਤੇ ਕੇਂਦਰ ਨੇ ਅੱਤਵਾਦ ਦਾ ਮਾਹੌਲ ਬਣਾਇਆ ਹੈ। ਉਨ੍ਹਾਂ ਕਿਹਾ ਕਿ ਕਈ ਗੁਰਦੁਆਰਿਆਂ ਦੇ ਆਲੇ-ਦੁਆਲੇ ਤਾਇਨਾਤ ਸੁਰੱਖਿਆ ਬਲਾਂ ਨੇ ਸ਼ਰਧਾਲੂਆਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਸੀ, ਉਨ੍ਹਾਂ ਕਿਹਾ ਕਿ ਇਹ 2024 ਦੀਆਂ ਆਮ ਚੋਣਾਂ ਦੌਰਾਨ ਫਾਇਦਾ ਉਠਾਉਣ ਲਈ ਕੀਤਾ ਜਾ ਰਿਹਾ ਹੈ।

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu
Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪੰਥਕ ਰਾਜਨੀਤੀ ਦਾ ਕੇਂਦਰ ਫਿਰ ਬਣਿਆ ਅਕਾਲ ਤਖ਼ਤ ਸਾਹਿਬ

## ➢ ਸਰਕਾਰੀ ਹਮਲਿਆਂ ਵਿਰੁੱਧ ਪੰਥ ਨੂੰ ਇੱਕਮੁੱਠ ਕਰਨ ਵਿੱਚ ਕਾਮਯਾਬ ਹੋਏ ਜਥੇਦਾਰ ਅਕਾਲ ਤਖ਼ਤ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

## ➢ ਕਿਸਾਨੀ ਅੰਦੋਲਨ ਦੌਰਾਨ ਜੋ ਸਿੱਖਾਂ ਨੇ ਦੁਨੀਆ ਵਿੱਚ ਆਪਣੀ ਇਮੇਜ ਕਾਇਮ ਕੀਤੀ ਸੀ ਉਸ ਨੂੰ ਨੁਕਸਾਨ ਪਹੁੰਚਾਉਣ ਲਈ ਸਰਕਾਰਾਂ ਨੇ ਇਹ ਹਮਲਾ ਵਿੱਢਿਆ: ਜਥੇਦਾਰ ਅਕਾਲ ਤਖ਼ਤ





ਮੀਰੀ-ਪੀਰੀ ਦੀ ਨੁਮਾਇੰਦਗੀ ਕਰਨ ਵਾਲ਼ਾ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਨੂੰ ਦਿਸ਼ਾ-ਨਿਰਦੇਸ਼ ਦੇਣ ਵਾਲ਼ਾ ਸਰਬਉੱਚ ਅਸਥਾਨ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਪੰਥ ਨੂੰ ਬਹੁਤ ਬਿਖੜੇ ਹਾਲਾਤ ਵਿੱਚ ਅਗਵਾਈ ਦਿੱਤੀ ਹੈ ਜਿਸ ਸਦਕਾ ਸਮੇਂ-ਸਮੇਂ 'ਤੇ ਪੈਦਾ ਹੁੰਦੇ ਕੁਝ ਅੰਦਰੂਨੀ ਮੱਤਭੇਦਾਂ ਦੇ ਬਾਵਜੂਦ ਪੰਥ ਇੱਕ ਨਿਸ਼ਾਨ ਹੇਠ ਇਕੱਠਾ ਹੋ ਕੇ ਵੱਡੇ ਇਤਿਹਾਸਕ ਸੰਕਟਾਂ ਵਿੱਚੋਂ ਜੇਤੂ ਹੋ ਕੇ ਇਤਿਹਾਸ ਸਿਰਜਦਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਸਮਰੱਥਾ ਜਿੱਥੇ ਪੰਥ ਲਈ ਸਦਾ ਸਹਾਇਕ ਰਹੀ ਹੈ ਉੱਥੇ ਪੰਥ ਨੂੰ ਮੇਟ ਦੇਣ ਜਾਂ ਆਪਣੇ-ਆਪ ਵਿੱਚ ਜਜ਼ਬ ਕਰ ਲੈਣ ਦੇ ਮਨਸੂਬੇ ਘੜਨ ਵਾਲ਼ੀਆਂ ਤਾਕਤਾਂ ਲਈ ਇਹ ਵੱਡੀ ਚੁਣੌਤੀ ਰਹੀ ਹੈ। ਇਸੇ ਕਰਕੇ ਪੰਥ ਵਿਰੋਧੀ ਤਾਕਤਾਂ ਸਦਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਲਾਉਣ ਦੀਆਂ ਸਾਜ਼ਿਸ਼ਾਂ ਘੜਦੀਆਂ ਰਹਿੰਦੀਆਂ ਹਨ ਜੋ ਹੁਣ ਬਹੁਤ ਸੂਖਮ ਰੂਪ ਧਾਰਨ ਕਰ ਗਈਆਂ ਹਨ, ਅੱਜ ਬਾਹਰੀ ਤਾਕਤਾਂ ਦੀਆਂ ਸਾਜ਼ਿਸ਼ਾਂ ਅੰਦਰੂਨੀ ਚੁਣੌਤੀਆਂ ਦੇ ਰੂਪ ਵਿੱਚ ਸਾਹਮਣੇ ਆ ਰਹੀਆਂ ਹਨ।

ਇਹ ਉਦੋਂ ਹੀ ਸੰਭਵ ਹੁੰਦਾ ਰਿਹਾ ਹੈ, ਜਦੋਂ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕਿਸੇ ਨਿਜੀ ਰਾਜਨੀਤੀ ਦੇ ਪ੍ਰਭਾਵ ਤੋਂ ਮੁਕਤ ਹੋਕੇ ਪੰਥਕ ਫ਼ੈਸਲੇ ਕਰਦਾ ਰਿਹਾ ਹੈ।ਸਮੇਂ ਦਾ ਸੱਚ ਇਹ ਵੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਿਹੇ ਹੀ ਤਰੀਕੇ ਨਾਲ਼ ਹੋਰ ਕਈ ਜਥੇਦਾਰ ਨਿਯੁਕਤ ਕੀਤੇ ਜਿਹਨਾਂ ਦੇ ਫ਼ੈਸਲਿਆਂ ਬਾਰੇ ਸਿੱਖਾਂ ਵਿੱਚ ਵਿਵਾਦ ਖੜ੍ਹੇ ਹੁੰਦੇ ਰਹੇ ਹਨ। ਸਿੱਟੇ ਵਜੋਂ ਸਿੱਖਾਂ ਅੰਦਰ 'ਸਰਬੱਤ ਖ਼ਾਲਸਾ' ਦੀ ਰਵਾਇਤ ਤੇ ਅਕਾਲ ਤਖ਼ਤ ਸਾਹਿਬ ਦੀ ਖ਼ੁਦਮੁਖ਼ਤਿਆਰੀ ਨੂੰ ਸੁਰਜੀਤ ਕਰਨ ਦਾ ਖ਼ਿਆਲ ਮੁੜ-ਮੁੜ ਜ਼ੋਰ ਫੜਦਾ ਰਿਹਾ ਹੈ।

ਦਰਬਾਰ ਸਾਹਿਬ ਉਪਰ ਫ਼ੌਜੀ ਹਮਲੇ, ਸਿੱਖ ਨਸਲਕੁਸ਼ੀ ਅਤੇ ਸਿੱਖ ਕਤਲੇਆਮ ਤੋਂ ਪਹਿਲਾਂ ਅਤੇ ਬਾਅਦ ਦੌਰਾਨ ਵੀ ਪੰਜਾਬ ਅਤੇ ਸਿੱਖਾਂ ਦੇ ਪਿੰਡੇ 'ਤੇ ਲੱਗੇ ਫੱਟ ਕੋਈ ਕੁਦਰਤੀ ਵਰਤਾਰਾ ਨਹੀਂ ਸੀ, ਸਗੋਂ ਫ਼ਿਰਕੂ ਰਾਜਨੀਤੀ ਦੀਆਂ ਸਾਜ਼ਿਸ਼ਾਂ ਦਾ ਨਤੀਜਾ ਹਨ ਜੋ ਸਿੱਖ ਪੰਥ ਨਾਲ ਨਿਆਂ ਨਹੀਂ ਕਰਨਾ ਚਾਹੁੰਦੀਆਂ ਹਨ।ਹੁਣ ਵੀ ਇਸ ਤਰ੍ਹਾਂ ਹੀ ਲਗਦਾ ਹੈ ਕਿ ਜਿਵੇਂ ਪੰਜਾਬ ਤੇ ਸਿੱਖਾਂ ਦੀ ਕੀਮਤ 'ਤੇ ਕਈ ਰਾਜਨੀਤਕ ਨਿਸ਼ਾਨੇ ਫੁੰਡਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਬਹਾਨੇ ਸੈਂਕੜੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਝੂਠੇ ਕੇਸ ਪਾਏ ਗਏ ,ਉਹ ਪੰਥਕ ਹਲਕਿਆਂ ਵੱਲੋਂ ਸਰਕਾਰੀ ਅਪਰੇਸ਼ਨ ਬਲਿਊ ਸਟਾਰ ਦਾ ਹਿੱਸਾ ਸਮਝਿਆ ਜਾ ਰਿਹਾ ਹੈ। ਇਸੇ ਕਰਕੇ ਦੇਸਾਂ ਵਿਦੇਸ਼ਾਂ ਵਿੱਚ ਸਿੱਖਾਂ ਵੱਲੋਂ ਇਹਨਾਂ ਸਰਕਾਰੀ ਸਾਜ਼ਿਸ਼ਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ।ਪੰਜਾਬ ਸਿਰ ਪਹਿਲਾ ਕਰਜ਼ਾ ਕੇਂਦਰੀ ਬਲਾਂ ਦੀ ਪੰਜਾਬ ਵਿੱਚ ਮੌਜੂਦਗੀ ਦੇ ਖ਼ਰਚੇ ਵਜੋਂ ਹੀ ਚੜ੍ਹਿਆ ਸੀ ਤੇ ਫਿਰ ਇਹ ਪੰਡ ਭਾਰੀ ਹੀ ਹੁੰਦੀ ਗਈ। ਭਗਵੰਤ ਮਾਨ ਵਾਲੀ ਪੰਜਾਬ ਸਰਕਾਰ ਨੇ ਇਸ ਅਪਰੇਸ਼ਨ ਲਈ ਕੇਂਦਰੀ ਬਲ ਮੰਗਵਾ ਕੇ ਪੰਜਾਬ ਸਿਰ ਹੋਰ ਕਰਜ਼ਾ ਚਾੜ੍ਹ ਦਿੱਤਾ ਹੈ। ਪਰ ਜਿਸ ਸੂਝ ਬੂਝ, ਕੂਟਨੀਤੀ, ਠਰ੍ਹੰਮੇ ਨਾਲ ਜਥੇਦਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰੀ ਹਮਲੇ ਦਾ ਜਵਾਬ ਦਿੱਤਾ ਹੈ। ਕੌਮ ਦੇ ਮਨਾਂ ਵਿੱਚ ਪਈ ਦਹਿਸ਼ਤ ਵੀ ਟੁੱਟੀ ਹੈ ਤੇ ਸਰਕਾਰ ਨੂੰ ਅਲਟੀਮੇਟਮ ਦੇਕੇ 350 ਦੇ ਕਰੀਬ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨ ਲਈ ਮਜਬੂਰ ਕੀਤਾ, ਉਸ ਨਾਲ ਅਕਾਲ ਤਖ਼ਤ ਸਾਹਿਬ ਦਾ ਵਜੂਦ ਇੱਕ ਵਾਰ ਫਿਰ ਇਤਿਹਾਸ ਦੇ ਪੰਨਿਆਂ ਵਿੱਚ ਚਮਕਿਆ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸਮੁੱਚੇ ਸਿੱਖ ਨੌਜਵਾਨ ਰਿਹਾਅ ਕਰਵਾਉਣ ਲਈ ਰਣਨੀਤੀ ਘੜਨ ਦੀ ਲੋੜ ਹੈ।ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਅੰਮ੍ਰਿਤਪਾਲ ਸਿੰਘ ਮਾਮਲੇ ਵਿੱਚ ਪੰਜਾਬ ਵਿਚ ਵੱਖ-ਵੱਖ ਥਾਵਾਂ ਤੋਂ ਪੰਜਾਬ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਸਿੱਖ ਨੌਜਵਾਨਾਂ ਅਤੇ ਉਨ੍ਹਾਂ ਦੀ ਰਿਹਾਈ ਦੇ ਸਰਕਾਰ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਸੰਬੰਧੀ ਅਜੇ ਵੀ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 27 ਮਾਰਚ ਦੀ ਵਿਸ਼ੇਸ਼ ਪੰਥਕ ਇਕੱਤਰਤਾ ਦੌਰਾਨ ਪਾਸ ਮਤੇ ਦੀ ਰੌਸ਼ਨੀ ਵਿਚ ਸਰਕਾਰ ਨੂੰ 24 ਘੰਟੇ ਅੰਦਰ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਦੇ ਦਿੱਤੇ ਅਲਟੀਮੇਟਮ ਤੋਂ ਬਾਅਦ ਭਾਵੇਂ ਅਗਲੇ ਦਿਨ ਪੰਜਾਬ ਸਰਕਾਰ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤੀ ਗਈ ਮੌਖਿਕ ਜਾਣਕਾਰੀ ਵਿੱਚ ਧਾਰਾ 107/51 ਤਹਿਤ ਫੜੇ ਗਏ 360 'ਚੋਂ 348 ਨੌਜਵਾਨਾਂ ਨੂੰ ਰਿਹਾਅ ਕਰ ਦੇਣ ਦਾ ਦਾਅਵਾ ਕੀਤਾ ਗਿਆ ਸੀ ਪਰ ਅਜੇ ਤੱਕ ਸਰਕਾਰ ਵੱਲੋਂ ਨਾ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨਾ ਹੀ ਮੀਡੀਆ ਰਾਹੀਂ ਛੱਡੇ ਗਏ ਨੌਜਵਾਨਾਂ ਸੰਬੰਧੀ ਕੋਈ ਅਧਿਕਾਰਤ ਸੂਚੀ ਜਾਰੀ ਕੀਤੀ ਗਈ ਹੈ ।ਦੂਜੇ ਪਾਸੇ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਦੀ ਅਗਵਾਈ ਵਿੱਚ ਬੇਕਸੂਰ (ਬਾਕੀ ਸਫ਼ਾ 30 'ਤੇ)

### ਪੰਜਾਬ ਵਿੱਚ ਪੱਤਰਕਾਰਾਂ ਅਤੇ ਖ਼ਬਰ ਅਦਾਰਿਆਂ 'ਤੇ ਰੋਕਾਂ ਦਾ ਮਾਮਲਾ

# ਨਿਯਮਾਂ ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਹੋ ਰਹੀ ਹੈ: 'ਐਡੀਟਰਜ਼ ਗਿਲਡ ਆਫ਼ ਇੰਡੀਆ'

## ਸੂਚਨਾ ਤਕਨੀਕ ਮੰਤਰਾਲਾ ਰੋਕਾਂ ਲਾਉਣ ਦੇ ਆਦੇਸ਼ ਜਨਤਕ ਕਰੇ

ਨਵੀਂ ਦਿੱਲੀ/ਏ.ਟੀ.ਨਿਊਜ਼ :-ਇੰਡੀਆ ਵਿੱਚ ਪੱਤਰਕਾਰਾਂ ਅਤੇ ਸੰਪਾਦਕਾਂ ਦੀ ਨਾਮੀ ਸੰਸਥਾ 'ਐਡੀਟਰਜ਼ ਗਿਲਡ ਆਫ ਇੰਡੀਆ' ਨੇ ਪੰਜਾਬ ਵਿੱਚ ਪੱਤਰਕਾਰਤਾ ਦੀ ਆਜ਼ਾਦੀ ਨੂੰ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕੀਤੀ ਹੈ।



3 ਅਪਰੈਲ ਨੂੰ ਜਾਰੀ ਕੀਤੇ ਇੱਕ ਲਿਖਤੀ ਬਿਆਨ ਵਿੱਚ ਐਡੀਟਰਜ਼ ਗਿਲਡ ਆਫ ਇੰਡੀਆ ਵੱਲੋਂ ਪਿਛਲੇ ਕੁਝ ਦਿਨਾਂ ਦੌਰਾਨ ਪੰਜਾਬ ਵਿੱਚ ਪੱਤਰਕਾਰਾਂ ਅਤੇ ਖਬਰ ਅਦਾਰਿਆਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਬੰਦ ਕਰਨ ਬਾਰੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਅਦਾਰੇ ਨੇ ਰੋਕਾਂ ਦੀ ਇਸ ਕਾਰਵਾਈ ਨੂੰ ਮਨਮਾਨੀ (ਆਰਬਿਟਰੇਰੀ) ਕਰਾਰ ਦਿੱਤਾ ਹੈ।

ਐਡੀਟਰਜ਼ ਗਿਲਡ ਆਫ ਇੰਡੀਆ ਨੇ ਕਿਹਾ ਹੈ ਕਿ ਇਹਨਾਂ ਖਾਤਿਆਂ ਨੂੰ ਬੰਦ ਕਰਨ ਵੇਲੇ ਕਾਨੂੰਨ ਅਤੇ ਨੇਮਾਂ ਵਿੱਚ ਤਹਿ ਕੀਤੇ ਅਮਲ ਦੀ ਅਣਦੇਖੀ ਕੀਤੀ ਜਾ ਰਹੀ ਹੈ ਅਤੇ ਇਹ ਰੋਕਾਂ ਕੁਦਰਤੀ ਨਿਆਂ ਦੇ ਸਿਧਾਂਤ ਦੀ ਉਲੰਘਣਾ ਕਰਕੇ ਲਗਾਈਆਂ ਗਈਆਂ ਹਨ।

ਅਦਾਰੇ ਨੇ ਕਿਹਾ ਹੈ ਕਿ ਇੰਡੀਅਨ ਸੁਪਰੀਮ ਕੋਰਟ ਵੱਲੋਂ 'ਸ਼੍ਰੇਆ ਸਿੰਘਲ ਬਨਾਮ ਯੂਨੀਅਨ ਆਫ ਇੰਡੀਆ' ਕੇਸ ਵਿੱਚ ਸਾਫ ਤਾਕੀਦ ਕੀਤੀ ਸੀ ਕਿ ਕਿਸੇ ਵੀ ਰੋਕੀ ਜਾਣ ਵਾਲੀ ਜਾਣਕਾਰੀ ਨੂੰ ਰੋਕਣ ਤੋਂ ਪਹਿਲਾਂ ਇਹ ਜਾਣਕਾਰੀ ਪਾਉਣ ਵਾਲੀ ਦੀ ਸ਼ਨਾਖਤ ਕਰਕੇ ਉਹਨਾਂ ਨੂੰ ਸੂਚਿਤ ਕਰਨ ਦਾ ਪੂਰਾ ਯਤਨ ਕੀਤਾ ਜਾਣਾ ਚਾਹੀਦਾ ਹੈ ਅਤੇ ਫੈਸਲੇ ਵਿਰੁੱਧ ਪੱਖ ਰੱਖਣ ਦਾ ਹੱਕ ਵੀ ਮਿਲਣਾ ਚਾਹੀਦਾ ਹੈ। ਐਡੀਟਰਜ਼ ਗਿਲਡ ਆਫ ਇੰਡੀਆ ਨੇ ਕਿਹਾ ਹੈ ਕਿ ਪੰਜਾਬ ਵਿਚ ਲਾਈਆਂ ਜਾ ਰਹੀਆਂ ਰੋਕਾਂ ਦੇ ਮਾਮਲਿਆਂ ਵਿੱਚ ਸੁਪਰੀਮ ਕੋਰਟ ਵੱਲੋਂ ਤਹਿ ਕੀਤੇ ਅਮਲ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਲੱਗਦਾ।

ਐਡੀਟਰਜ਼ ਗਿਲਡ ਆਫ ਇੰਡੀਆ ਦੇ ਇਸ ਬਿਆਨ ਵਿੱਚ ਅਦਾਰੇ ਦੀ ਪ੍ਰਧਾਨ ਸੀਮਾ ਮੁਸਤਫਾ, ਜਨਰਲ ਸਕੱਤਰ ਅਨੰਤ ਨਾਥ ਅਤੇ ਖਜਾਨਚੀ ਸ਼੍ਰੀਰਾਮ ਪਵਾਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਬਰਕਰਾਰ ਰੱਖਣ ਦੇ ਹਵਾਲੇ ਨਾਲ ਪੱਤਰਕਾਰਾਂ, ਖਬਰ ਅਦਾਰਿਆਂ ਅਤੇ ਹੋਰਨਾਂ ਦੇ ਸੋਸ਼ਲ ਮੀਡੀਆਂ ਖਾਤੇ ਬੰਦ ਕਰਨ ਨਾਲ ਸੂਬੇ ਵਿੱਚ ਪੱਤਰਕਾਰਤਾ ਦੀ ਅਜ਼ਾਦੀ ਨੂੰ ਖੋਰਾ ਲੱਗਾ ਹੈ।

ਉਹਨਾ ਸੂਬਾ ਤੇ ਕੇਂਦਰ ਸਰਕਾਰਾਂ ਅਤੇ ਕੇਂਦਰ ਦੀ ਸੂਚਨਾ ਤੇ ਤਕਨੀਕ ਵਜ਼ਾਰਤ ਨੂੰ ਰੋਕਾਂ ਦੇ ਮਾਮਲੇ ਵਿਚ ਸੰਜਮ ਅਤੇ ਲੋੜੀਂਦੀ ਇਹਤਿਆਤ ਵਰਤਣ ਲਈ ਬੇਨਤੀ ਕਰਦਿਆਂ ਕਿਹਾ ਹੈ ਕਿ ਜੇਕਰ ਕਿਤੇ ਰੋਕਾਂ ਲਾਉਣ ਦੀ ਲੋੜ ਪਵੇ ਤਾਂ ਇਹ ਤੱਥ ਅਧਾਰਤ ਅਤੇ ਸੁਪਰੀਮ ਕੋਰਟ ਵੱਲੋਂ ਤਹਿ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਹੀ ਹੋਣੀਆਂ ਚਾਹੀਦੀਆਂ ਹਨ।

ਉਹਨਾਂ ਕਿਹਾ ਕਿ ਮੌਜੂਦਾ ਸਮੇਂ ਪੱਤਰਕਾਰਾਂ ਅਤੇ ਮੀਡੀਆ ਭਾਈਚਾਰੇ ਵਿਰੁਧ ਕੀਤੀ ਜਾ ਰਹੀ ਕਾਰਵਾਈ ਨਾਲ ਪੰਜਾਬ ਵਿੱਚ ਭੈਅ ਦਾ ਮਾਹੌਲ ਸਿਰਜਿਆ ਗਿਆ ਹੈ ਜੋ ਕਿ ਨਿਰਪੱਖ ਅਤੇ ਅਜ਼ਾਦ ਪੱਤਰਕਾਰਤਾ ਲਈ ਸੁਖਾਵਾਂ ਨਹੀਂ ਹੈ।

ਐਡੀਟਰਜ਼ ਗਿਲਡ ਆਫ ਇੰਡੀਆ ਨੇ ਸੂਚਨਾ ਤੇ ਤਕਨੀਕ ਮੰਤਰਾਲੇ ਨੂੰ ਪਾਰਦਰਸ਼ਤਾ ਅਤੇ ਕਾਨੂੰਨ ਦੀ ਭਾਵਨਾ ਦਾ ਖਿਆਲ ਰੱਖਦਿਆਂ ਰੋਕਾਂ ਲਾਉਣ ਦੇ ਸਾਰੇ ਹੁਕਮ ਜਨਤਕ ਕਰਨ ਲਈ ਵੀ ਕਿਹਾ ਹੈ।

### ਮਾਮਲਾ ਪੰਜਵੜ੍ਹ ਦੀ ਮਾਤਾ ਨੂੰ ਲਾਪਤਾ ਕਰਨ ਦਾ

# ਸਾਬਕਾ ਏ.ਆਈ.ਜੀ. ਜਗਦੀਪ ਸਿੰਘ ਨੂੰ ਸੀ.ਬੀ.ਆਈ. ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ

## ਐਡਵੋਕੇਟ ਵੇਰਕਾ ਅਨੁਸਾਰ ਕੇਂਦਰੀ ਏਜੰਸੀਆਂ ਦੀ ਲਾਪਰਵਾਹੀ ਕਾਰਨ ਦੋਸ਼ੀ ਵਿਦੇਸ਼ ਫ਼ਰਾਰ

ਤਰਨ ਤਾਰਨ/ਏ.ਟੀ.ਨਿਊਜ਼ :- ਖਾੜਕੂਵਾਦ ਦੇ ਦੌਰ ਵਿੱਚ ਸਾਲ 1992 ਵਿੱਚ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਖਾੜਕੂ ਪਰਮਜੀਤ ਸਿੰਘ ਪੰਜਵੜ੍ਹ ਦੀ ਮਾਤਾ ਮਹਿੰਦਰ ਕੌਰ ਨੂੰ ਘਰੋਂ ਚੁੱਕ ਕੇ ਕਰੀਬ ਢਾਈ ਮਹੀਨੇ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਲਾਪਤਾ ਕੀਤੇ ਜਾਣ ਦੇ ਮਾਮਲੇ ਵਿੱਚ ਸੀ.ਬੀ.ਆਈ. ਦੀ ਅਦਾਲਤ ਵਿੱਚ ਚੱਲ ਰਹੇ ਕੇਸ ਵਿਚੋਂ ਲਗਾਤਾਰ ਗੈਰ-ਹਾਜ਼ਰ ਰਹਿਣ 'ਤੇ ਸੀ. ਬੀ. ਆਈ. ਦੇ ਸਪੈਸ਼ਲ ਜੁਡੀਸ਼ੀਅਲ ਮੈਜਿਸਟ੍ਰੇਟ ਅਮਨਦੀਪ ਕੰਬੋਜ ਨੇ .ਏ ਆਈ. ਜੀ. ਜਗਦੀਪ ਸਿੰਘ ਨੂੰ ਭਗੌੜਾ ਕਰਾਰ ਦਿੱਤਾ ਹੈ । ਇਸ ਦੇ ਨਾਲ ਹੀ ਅਦਾਲਤ ਨੇ ਸੀ. ਬੀ. ਆਈ. ਨੂੰ ਹੁਕਮ ਜਾਰੀ ਕੀਤੇ ਹਨ ਕਿ ਉਸ ਦੀ ਚੱਲ ਅਤੇ ਅਚੱਲ ਜਾਇਦਾਦ ਬਾਰੇ ਪਤਾ ਕੀਤਾ ਜਾਵੇ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ।ਪਿੰਡ ਪੰਜਵੜ੍ਹ ਨਿਵਾਸੀ ਸੇਵਾ ਮੁਕਤ ਫ਼ੌਜੀ ਬਲਦੇਵ ਸਿੰਘ ਨੇ ਦੱਸਿਆ ਕਿ ਖਾੜਕੂਵਾਦ ਦੇ ਦੌਰ ਵਿੱਚ 1992 ਵਿੱਚ ਜ਼ਿਲ੍ਹਾ ਤਰਨ ਤਾਰਨ ਵਿੱਚ ਉਸ ਸਮੇਂ ਦੇ ਡੀ. ਐਸ. ਪੀ. ਹੈੱਡਕੁਆਰਟਰ ਰਹੇ ਅਸ਼ੋਕ ਕੁਮਾਰ ਅਤੇ ਥਾਣਾ ਝਬਾਲ ਦੇ ਤਤਕਾਲੀ ਐੱਸ.ਐੱਚ.ਓ. ਜਗਦੀਪ ਸਿੰਘ ਨੇ ਉਨ੍ਹਾਂ ਦੇ ਪੰਜਵੜ੍ਹ ਪਿੰਡ ਸਥਿਤ ਘਰ ਵਿੱਚ ਛਾਪਾ ਮਾਰਿਆ ਅਤੇ ਘਰ ਵਿੱਚ ਮੌਜੂਦ ਉਸ ਦੀ ਇਕੱਲੀ ਮਾਤਾ ਮਹਿੰਦਰ ਕੌਰ ਨੂੰ ਘਰੋਂ ਚੁੱਕ ਕੇ ਲੈ ਗਏ ਅਤੇ ਕਰੀਬ ਢਾਈ ਮਹੀਨੇ ਪੁਲਿਸ ਹਿਰਾਸਤ ਵਿੱਚ ਰੱਖਿਆ ਅਤੇ ਬਾਅਦ ਵਿਚ ਲਾਪਤਾ ਕਰ ਦਿੱਤਾ । ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਨੁਮਾਇੰਦੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਉਨ੍ਹਾਂ ਦੇ ਸੰਗਠਨ ਦੇ ਚੇਅਰਮੈਨ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ 1994 ਵਿੱਚ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੁੱਕਿਆ ਸੀ, ਜਿਸ ਤੋਂ ਬਾਅਦ 13 ਸਤੰਬਰ 1994 ਨੂੰ ਹਾਈਕੋਰਟ ਵੱਲੋਂ ਸੀ.ਬੀ.ਆਈ. ਨੂੰ ਇਸ ਮਾਮਲੇ ਵਿੱਚ ਐੱਫ.ਆਈ.ਆਰ. ਜਾਰੀ ਕਰਕੇ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ ।ਸੀ.ਬੀ.ਆਈ. ਵੱਲੋਂ 4 ਨਵੰਬਰ 1994 ਨੂੰ ਸਾਬਕਾ ਡੀ.ਐਸ.ਪੀ. ਅਸ਼ੋਕ ਕੁਮਾਰ ਅਤੇ ਹੁਣ ਏ.ਆਈ.ਜੀ. ਵਜੋਂ ਸੇਵਾ ਮੁਕਤ ਹੋਏ ਜਗਦੀਪ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ 1997 ਨੂੰ ਚਲਾਨ ਅਦਾਲਤ ਵਿੱਚ ਜਮ੍ਹਾਂ ਕਰਵਾ ਦਿੱਤਾ ਸੀ । ਕਈ ਸਾਲ ਇਹ ਮਾਮਲਾ ਅਦਾਲਤਾਂ ਵਿੱਚ ਸਟੇਅ ਰਿਹਾ ਅਤੇ ਹੁਣ ਦੁਬਾਰਾ ਇਸ ਕੇਸ ਦੀ ਸੁਣਵਾਈ ਹੋਣ ਦੌਰਾਨ ਡੀ.ਐਸ.ਪੀ. ਅਸ਼ੋਕ ਕੁਮਾਰ ਦੀ ਮੌਤ ਹੋ ਚੁੱਕੀ ਹੈ, ਜਦਕਿ ਉਸ ਸਮੇਂ ਦੇ ਐੱਸ.ਐੱਚ.ਓ. ਅਤੇ ਹੁਣ ਸੇਵਾ ਮੁਕਤ ਏ.ਆਈ.ਜੀ. ਜਗਦੀਪ ਸਿੰਘ ਪਿਛਲੀਆਂ ਕੁਝ ਤਰੀਕਾਂ ਤੋਂ (ਬਾਕੀ ਸਫ਼ਾ 29 'ਤੇ)

# ਪੰਥਕ ਤੇ ਪੰਜਾਬ ਸੰਕਟ ਦੇ ਹੱਲ ਲਈ ਸਰਬੱਤ ਖ਼ਾਲਸਾ ਬੁਲਾਇਆ ਜਾਣਾ ਜ਼ਰੂਰੀ-ਪੰਥਕ ਆਗੂਆਂ ਤੇ ਬੁੱਧੀਜੀਵੀਆਂ ਦੀ ਰਾਇ

## ਅਕਾਲ ਤਖ਼ਤ ਸਾਹਿਬ ਨੂੰ ਖ਼ੁਦਮੁਖ਼ਤਿਆਰ ਬਣਾਇਆ ਜਾਵੇ: ਬਾਬਾ ਸਰਬਜੋਤ ਸਿੰਘ ਬੇਦੀ

- ਦੀਵਾਲੀ-ਵਿਸਾਖੀ ਉੱਪਰ ਸਰਬੱਤ ਖ਼ਾਲਸਾ ਦੀ ਪੁਰਾਤਨ ਪਰੰਪਰਾ ਦੀ ਬਹਾਲੀ ਜ਼ਰੂਰੀ: ਪ੍ਰੋ. ਸੁਖਦਿਆਲ ਸਿੰਘ
- ਸ਼੍ਰੋਮਣੀ ਕਮੇਟੀ ਤੇ ਕੁਝ ਸਿੱਖ ਆਗੂ ਅੰਮ੍ਰਿਤਪਾਲ ਸਿੰਘ ਦੀ ਮੰਗ ਕਾਰਨ ਕਰ ਰਹੇ ਨੇ ਸਰਬੱਤ ਖ਼ਾਲਸਾ ਦਾ ਵਿਰੋਧ






ਪੰਜਾਬ ਤੇ ਪੰਥ ਦੀਆ ਦਰਪੇਸ਼ ਸਮੱਸਿਆਵਾਂ ਕਾਰਨ ਸਿੱਖ ਜਗਤ ਵਿੱਚ ਸਰਬੱਤ ਖ਼ਾਲਸਾ ਬੁਲਾਏ ਜਾਣ ਦੀ ਮੰਗ ਤੇਜ਼ ਹੋ ਗਈ ਹੈ ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸਿੱਖ ਜਗਤ ਇਹਨਾਂ ਦਰਪੇਸ਼ ਸਮੱਸਿਆਵਾਂ ਤੇ ਸੰਕਟਾਂ ਦਾ ਹੱਲ ਲੱਭ ਸਕੇ। ਸੂਤਰਾਂ ਅਨੁਸਾਰ ਹਾਲਾਂਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਸਰਬੱਤ ਖ਼ਾਲਸਾ ਬਾਰੇ ਚੁੱਪ ਹਨ, ਕਿਉਂਕਿ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਬਾਦਲ ਨੇ ਸਰਬੱਤ ਖ਼ਾਲਸਾ ਬਾਰੇ ਹਰੀ ਝੰਡੀ ਨਹੀਂ ਦਿੱਤੀ।ਯਾਦ ਰਹੇ ਇਹ ਚਰਚਾ ਉਦੋਂ ਛਿੜੀ ਸੀ ਜਦੋਂ ਕਿ ਅੰਮ੍ਰਿਤਪਾਲ ਸਿੰਘ ਨੇ ਸਰਬੱਤ ਖ਼ਾਲਸਾ ਦੀ ਮੰਗ ਕੀਤੀ ਸੀ।

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਵਿਸਾਖੀ ਮੌਕੇ ਸਰਬੱਤ ਖ਼ਾਲਸਾ ਸੱਦਣ ਦੀ ਕੀਤੀ ਗਈ ਅਪੀਲ ਬਾਰੇ ਸ਼੍ਰੋਮਣੀ ਕਮੇਟੀ ਫ਼ਿਲਹਾਲ ਚੁੱਪ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਸੀ ਕਿ ਸਰਬੱਤ ਖ਼ਾਲਸਾ ਸੱਦਣ ਦਾ ਅਧਿਕਾਰ ਸਿਰਫ਼ ਤੇ ਸਿਰਫ਼ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ। ਕੋਈ ਵਿਅਕਤੀ ਨਿੱਜੀ ਤੌਰ 'ਤੇ ਸਰਬੱਤ ਖ਼ਾਲਸਾ ਨਹੀਂ ਸੱਦ ਸਕਦਾ।

ਸਿੱਖ ਬੁੱਧੀਜੀਵੀ ਅਨੁਰਾਗ ਸਿੰਘ ਨੇ ਕਿਹਾ ਸੀ ਕਿ ਸਰਬੱਤ ਖ਼ਾਲਸਾ ਕੋਈ ਮਜ਼ਾਕ ਨਹੀਂ ਹੈ, ਕਿਸੇ ਦੇ ਵੀ ਕਹਿਣ 'ਤੇ ਬੁਲਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਬੱਤ ਖ਼ਾਲਸਾ ਨੂੰ ਬੁਲਾਉਣ ਦੇ ਨਿਯਮ ਹਨ ਅਤੇ ਉਹ ਕਿਸੇ ਦੇ ਵੀ ਕਹਿਣ 'ਤੇ ਨਹੀਂ ਬੁਲਾਇਆ ਜਾ ਸਕਦਾ।

ਸਿੱਖ ਆਗੂਆਂ ਪਰਮਜੀਤ ਸਿੰਘ ਸਹੋਲੀ ਉੱਘੇ ਅਕਾਲੀ ਆਗੂ, ਬਾਬਾ ਬੂਟਾ ਸਿੰਘ, ਗੁਰਮੀਤ ਸਿੰਘ ਗੋਰਾ ਨੇ ਅੰਮ੍ਰਿਤਪਾਲ ਸਿੰਘ ਵੱਲੋਂ ਕੀਤੀ ਗਈ ਸਰਬੱਤ ਖ਼ਾਲਸਾ ਸੱਦਣ ਦੀ ਮੰਗ ਨੂੰ ਨਕਾਰਦੇ ਹੋਏ ਕਿਹਾ ਕਿ ਸਰਬੱਤ ਖ਼ਾਲਸਾ ਸਾਲ 2015 ਵਿੱਚ ਉਦੋਂ ਕਰਾਇਆ ਗਿਆ ਸੀ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ ਅਤੇ ਗੋਲੀ ਕਾਂਡ ਹੋਇਆ ਸੀ। ਉਸ ਸਮੇਂ ਬਾਦਲ ਸਰਕਾਰ ਸੀ ਤੇ ਅਕਾਲ ਤਖ਼ਤ ਸਾਹਿਬ ਤੋ ਕਿਤੇ ਸੁਣਵਾਈ ਨਹੀਂ ਹੋਈ ਸੀ। ਇਹੋ ਜਿਹੇ ਹਾਲਾਤ ਵਿੱਚ ਪੰਥਕ ਜਥੇਬੰਦੀਆਂ ਵੱਲੋਂ ਸਰਬੱਤ ਖ਼ਾਲਸਾ ਕਰਵਾਇਆ ਗਿਆ ਸੀ।ਮੌਜੂਦ ਸਿੱਖ ਆਗੂਆਂ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਸਰਬੱਤ ਖ਼ਾਲਸਾ ਬੁਲਾਉਣ ਦੀ ਮੰਗ ਬਿਲਕੁਲ ਨਾਜਾਇਜ਼ ਤੇ ਗ਼ਲਤ ਹੈ ਕਿਉਂਕਿ ਇਹ ਪੰਥ ਦੇ ਅਸੂਲਾਂ ਦੇ ਖ਼ਿਲਾਫ਼ ਹੈ। ਸਰਬੱਤ ਖ਼ਾਲਸਾ ਦੀ ਮੰਗ ਉਦੋਂ ਕੀਤੀ ਜਾਂਦੀ ਹੈ, ਜਦ ਸਿੱਖ ਪੰਥ ਦਾ ਕੋਈ ਸਾਂਝਾ ਮਸਲਾ ਕੌਮ ਦੇ ਅੱਗੇ ਖੜ੍ਹਾ ਹੋਵੇ ਜਦਕਿ ਅੰਮ੍ਰਿਤਪਾਲ ਆਪਣੇ 'ਨਿੱਜੀ ਮਸਲੇ' ਨੂੰ ਧਿਆਨ ਵਿੱਚ ਰੱਖਦੇ ਹੋਏ ਸਰਬੱਤ ਖ਼ਾਲਸਾ ਦੀ ਮੰਗ ਕਰ ਰਿਹਾ ਹੈ।

ਦੂਜੇ ਪਾਸੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸਰਬੱਤ ਖ਼ਾਲਸਾ ਅਜੋਕੇ ਹਾਲਾਤਾਂ ਵਿੱਚ ਬੁਲਾਉਣਾ ਅਤਿਅੰਤ ਜ਼ਰੂਰੀ ਹੈ ਤਾਂ ਜੋ ਅਕਾਲ ਤਖ਼ਤ ਸਾਹਿਬ ਨੂੰ ਖ਼ੁਦਮੁਖ਼ਤਿਆਰ ਬਣਾਇਆ ਜਾਵੇ ਤੇ ਜਥੇਦਾਰ ਦੀ ਚੋਣ ਦਾ ਪੰਥਕ ਢੰਗ ਨੀਤੀ ਉਸਾਰੀ ਜਾਵੇ। ਉਹਨਾਂ ਕਿਹਾ ਕਿ ਪੰਜਾਬ ਪੰਥਕ ਹਿਤਾਂ ਲਈ ਏਜੰਡਾ ਵੀ ਜ਼ਰੂਰੀ ਹੈ ਜਿਸ ਵਿੱਚ ਸਿੱਖ ਨੌਜਵਾਨਾਂ ਦੀ ਰਿਹਾਈ, ਮਨੁੱਖੀ ਅਧਿਕਾਰ, ਰੁਜ਼ਗਾਰ, ਖੇਤੀ ਤੇ ਪਾਣੀ ਸੰਕਟ, ਪੰਜਾਬ ਦੇ ਮੁੱਦੇ, ਵਿੱਦਿਅਕ ਉਸਾਰੀ, ਪ੍ਰਵਾਸ, ਸਿੱਖ ਰਾਜਨੀਤੀ ,ਪੰਜਾਬੀ ਭਾਈਚਾਰੇ, ਪੰਜਾਬ ਦੇ ਰਾਜਨੀਤਕ ਮਿਸ਼ਨ ਤੇ ਸਾਂਝੇ ਏਜੰਡੇ ਨੂੰ ਸੰਬੋਧਨ ਹੋਇਆ ਜਾਵੇ।ਉਹਨਾਂ ਕਿਹਾ ਕਿ ਸਾਡੇ ਸੰਕਟ ਦਾ ਕਾਰਨ ਸਾਡੀ ਸਿੱਖ ਰਾਜਨੀਤੀ ਮਾਇਆ, ਸੱਤਾ ਲਾਲਸਾ, ਪਰਿਵਾਰਵਾਦ ਵਿੱਚ ਡੁੱਬੀ ਹੋਈ ਹੈ।ਸਿੱਖ ਦੀ ਰਾਜਨੀਤੀ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫ਼ਿਲਾਸਫ਼ੀ ਉਪਰ ਆਧਾਰਿਤ ਹੋਣੀ ਚਾਹੀਦੀ ਹੈ, ਗੁਰਬਾਣੀ ਵਿਹੀਨ ਰਾਜਨੀਤੀ ਨਹੀਂ ਜੋ ਸਾਡੇ ਲਈ ਸੰਕਟ ਪੈਦਾ ਕਰਦੀ ਹੈ। ਸੱਚੀ ਸੁੱਚੀ ਰਾਜਨੀਤੀ ਹੀ ਪੰਥ ਤੇ ਪੰਜਾਬ ਦੇ ਮਸਲੇ ਹੱਲ ਕਰ ਸਕਦੀ ਹੈ।ਉਹਨਾਂ ਕਿਹਾ ਕਿ ਅਕਾਲ ਤਖ਼ਤ ਰੱਬੀ ਤਖ਼ਤ ਹੈ।ਇਹ ਇਮਾਰਤ ਨਹੀਂ ਕਾਇਨਾਤੀ ਪ੍ਰਕਾਸ਼ ਹੈ ਜੋ ਗੁਰੂ ਸਾਹਿਬਾਨ ਦੀ ਫ਼ਿਲਾਸਫ਼ੀ ਤੇ ਸਿਧਾਂਤ ਉਪਰ ਅਟੱਲ ਹੈ। ਉਹਨਾਂ ਕਿਹਾ ਕਿ ਅਸੀਂ ਸਿੱਖ ਕਾਨਫ਼ਰੰਸਾਂ ਤੇ ਸਰਬੱਤ ਖ਼ਾਲਸਾ ਕਰ ਲੈਂਦੇ ਹਾਂ, ਪਰ ਗੁਰਮਤਿਆਂ ਨੂੰ ਲਾਗੂ ਨਹੀਂ ਕਰਦੇ, ਜਿਸ ਕਾਰਨ ਸਾਡੀਆਂ ਸਮੱਸਿਆਵਾਂ ਉਲਝੀਆਂ ਰਹਿੰਦੀਆਂ ਹਨ।

ਸਿੱਖ ਇਤਿਹਾਸਕਾਰ ਡਾ. ਸੁਖਦਿਆਲ ਸਿੰਘ ਨੇ ਕਿਹਾ ਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਚੋਣ ਸਰਬੱਤ ਖ਼ਾਲਸਾ ਰਾਹੀਂ ਹੋਵੇ ਤਾਂ ਹੀ ਸਿਧਾਂਤਹੀਣ ਰਾਜਨੀਤੀ ਦੀ ਦਖਲ ਅੰਦਾਜ਼ੀ ਖ਼ਾਲਸਾ ਪੰਥ ਵਿਚੋਂ ਘਟੇਗੀ।ਉਹਨਾਂ ਕਿਹਾ ਕਿ ਸਰਬੱਤ ਖ਼ਾਲਸਾ ਹਮੇਸ਼ਾ ਨੁਮਾਇੰਦਾ ਇਕੱਠ ਹੁੰਦਾ ਹੈ।ਸੁਆਲ ਇਹ ਹੈ ਕਿ ਜੋ ਗੁਰਮਤੇ ਸਰਬੱਤ ਖ਼ਾਲਸਾ ਵਿੱਚ ਪਾਸ ਕੀਤੇ ਗਏ ਹਨ, ਉਸਨੂੰ ਅਮਲ ਵਿੱਚ ਕਿਵੇਂ ਲਿਆਂਦਾ ਜਾਵੇ। ਜੋ ਪੰਜਾਬ ਦੀ ਸੱਭਿਆਚਾਰਕ ਬਣਤਰ ਬਦਲੀ ਜਾ ਰਹੀ ਹੈ ਉਸਨੂੰ ਰੋਕਣ ਲਈ ਉਪਰਾਲਾ ਹੋਵੇ ਜਿਸ ਨਾਲ ਪੰਜਾਬ ਤੇ ਪੰਥ ਦੀ ਹਸਤੀ ਕਾਇਮ ਰਹਿ ਸਕੇ। ਉਹਨਾਂ ਕਿਹਾ ਕਿ ਆਉਣ ਵਾਲੇ ਦਸ ਸਾਲਾਂ

(ਬਾਕੀ ਸਫ਼ਾ 29 'ਤੇ)

## ਹੁਣ ਕੀ ਕੀਤਾ ਜਾਵੇ?



ਹੁਣ ਸਿਧਾਂਤ ਰੂਪ ਵਿੱਚ ਖ਼ਾਲਸਾ ਜੀ ਦੇ ਸਾਹਮਣੇ ਇਹ ਵੱਡਾ ਸਵਾਲ ਖੜ੍ਹਾ ਹੋ ਗਿਆ ਹੈ ਕਿ ਬਦਲੀਆਂ ਅਤੇ ਬਦਲ ਰਹੀਆਂ ਹਾਲਤਾਂ ਵਿੱਚ ਸਰਬੱਤ ਖ਼ਾਲਸੇ ਦੀ ਬਣਤਰ, ਇਸ ਦੇ ਅਧਿਕਾਰ ਖੇਤਰ ਦੀਆਂ ਤਾਕਤਾਂ ਅਤੇ ਇਸ ਦੀ ਚੋਣ ਪ੍ਰਣਾਲੀ ਕਿਵੇਂ ਤੈਅ ਕੀਤੀ ਜਾਵੇ ਕਿ ਸਮੂਹ ਖ਼ਾਲਸਾ ਪੰਥ ਨੂੰ ਇਸ ਨਵੀਂ ਵਿਵਸਥਾ, ਨਵੇਂ ਪ੍ਰਬੰਧ ਅਤੇ ਨਵੇਂ ਸਿਲਸਿਲੇ ਦੀ ਪ੍ਰਵਾਨਗੀ ਹਾਸਲ ਹੋ ਜਾਵੇ। ਇਸ ਤੋ ਇਲਾਵਾ ਇਸ ਸਵਾਲ ਦਾ ਵੀ ਜਵਾਬ ਦਿੱਤੇ ਜਾਣ ਦੀ ਲੋੜ ਹੈ ਕਿ ਕੀ ਸਰਬੱਤ ਖ਼ਾਲਸੇ ਦੇ ਸਮਾਗਮ ਸਿਰਫ਼ ਅਕਾਲ ਤਖ਼ਤ ਸਾਹਿਬ ਤੇ ਹੀ ਪ੍ਰਵਾਨ ਸਮਝੇ ਜਾਣਗੇ ਜਾਂ ਕਿਸੇ ਹੰਗਾਮੀ ਹਾਲਤ ਵਿੱਚ ਅਕਾਲ ਤਖ਼ਤ ਸਾਹਿਬ ਤੋ ਬਾਹਰ ਵੀ ਇਹ ਇਤਿਹਾਸਕ ਸਮਾਗਮ ਹੋ ਸਕਦੇ ਹਨ। ਇਤਿਹਾਸ ਵਿਚੋਂ ਇਸ ਤਰ੍ਹਾਂ ਦੇ ਸਵਾਲਾਂ ਦੇ ਕੀ ਜਵਾਬ ਮਿਲਦੇ ਹਨ ਅਤੇ ਸਿੱਖੀ ਸਿਧਾਂਤ ਇਸ ਬਾਰੇ ਕੀ ਫ਼ੈਸਲਾ ਦਿੰਦੇ ਹਨ? ਇੱਕ ਹਵਾਲੇ ਮੁਤਾਬਕ ਇੱਕ ਸਰਬੱਤ ਖ਼ਾਲਸਾ ਅਕਾਲ ਤਖ਼ਤ ਤੋਂ ਬਾਹਰ ਸਰਹਿੰਦ ਵਿੱਚ ਵੀ ਹੋਇਆ ਸੀ।

ਪੱਤਰਕਾਰ ਕਰਮਜੀਤ ਸਿੰਘ ਕਹਿੰਦੇ ਹਨ ਕਿ ਜਦੋਂ ਅਸੀਂ ਬਦਲੀਆਂ ਅਤੇ ਬਦਲ ਰਹੀਆਂ ਹਾਲਤਾਂ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਸਿੱਧਾ ਜਿਹਾ ਅਰਥ ਇਹੋ ਹੈ ਕਿ ਅੱਜ ਸਿੱਖ ਪੰਥ ਵੱਡੀ ਗਿਣਤੀ ਵਿੱਚ ਸਾਰੀ ਦੁਨੀਆ ਵਿੱਚ ਫੈਲ ਗਿਆ ਹੈ। ਯੂਰਪ, ਅਮਰੀਕਾ ਅਤੇ ਏਸ਼ੀਆ ਦੇ ਕਈ ਮੁਲਕਾਂ ਵਿੱਚ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਸਿੱਖਾਂ ਦੇ ਭਖਦੇ ਮਾਮਲਿਆਂ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦੀਆਂ ਹਨ ਅਤੇ ਅਕਾਲ ਤਖ਼ਤ ਸਾਹਿਬ ਤੋਂ ਦਿਸ਼ਾ ਨਿਰਦੇਸ਼ ਦੀ ਮੰਗ ਵੀ ਕਰਦੀਆਂ ਹਨ। ਗੁਰੂ ਘਰ ਵੀ ਇਨ੍ਹਾਂ ਸਰਗਰਮੀਆਂ ਦੇ ਮਹੱਤਵਪੂਰਨ ਕੇਂਦਰ ਬਣੇ ਹੋਏ ਹਨ। ਇਨ੍ਹਾਂ ਮੁਲਕਾਂ ਵਿੱਚ ਪੰਜਾਬੀ ਦੇ ਅਖ਼ਬਾਰ ਤੇ ਚੈਨਲ ਵੀ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ। ਪੰਜਾਬ ਤੋਂ ਬਾਹਰ ਭਾਰਤ ਦੇ ਕਈ ਰਾਜਾਂ ਵਿੱਚ ਸਿੰਘ ਸਭਾਵਾਂ ਦੀ ਉੱਦਮਸ਼ੀਲ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਇਨ੍ਹਾਂ ਸਰਗਰਮੀਆਂ ਵਿੱਚ ਸਿੱਖ ਵਿਦਿਆਰਥੀ ਇਤਿਹਾਸ, ਸਾਹਿਤ, ਫ਼ਿਲਾਸਫ਼ੀ, ਕਾਨੂੰਨ, ਅੰਤਰਰਾਸ਼ਟਰੀ ਸਬੰਧ ਅਤੇ ਡਿਪਲੋਮੇਸੀ ਦੇ ਖੇਤਰਾਂ ਵਿੱਚ ਉੱਚੀਆਂ ਪੜ੍ਹਾਈਆਂ ਕਰ ਰਹੇ ਹਨ। ਇਸ ਤੋਂ ਇਲਾਵਾ ਸਿੱਖ ਨੌਜਵਾਨ ਖੇਡਾਂ ਵਿੱਚ ਵਿਸ਼ੇਸ਼ ਦਿਲਚਸਪੀ ਲੈ ਰਹੇ ਹਨ ਅਤੇ ਵਧੀਆ ਖਿਡਾਰੀ ਬਣ ਕੇ ਅੰਤਰਰਾਸ਼ਟਰੀ ਮਹੱਤਤਾ ਹਾਸਲ ਕਰ ਰਹੇ ਹਨ।

(ਬਾਕੀ ਸਫ਼ਾ 29 'ਤੇ)

## ਸੰਭਾਵੀ ਸਰਬੱਤ ਖ਼ਾਲਸਾ ਦਾ ਏਜੰਡਾ ਕੀ ਹੋਵੇ?



ਭਾਈ ਹਰਿਸਿਮਰਨ ਸਿੰਘ
ਮੁਖੀ, ਸੈਂਟਰ ਫ਼ਾਰ ਪੰਥਕ ਕ੍ਰਿਏਟੀਵਿਟੀ, ਸ੍ਰੀ ਅਨੰਦਪੁਰ ਸਾਹਿਬ। ਮੋ. 9872591713

ਜਿਨ੍ਹਾਂ ਹਾਲਾਤ ਅਤੇ ਵਿਕਸਿਤ ਹੋ ਰਹੀਆਂ ਸਥਿਤੀਆਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਵਿਸਾਖੀ 'ਤੇ ਸ੍ਰੀ ਦਮਦਮਾ ਸਾਹਿਬ ਵਿਖੇ ਸਰਬੱਤ ਖ਼ਾਲਸਾ ਸੱਦਣ ਦੀ ਅਪੀਲ ਕੀਤੀ ਹੈ, ਉਸ ਨਾਲ ਹੋਰ ਕਈ ਵਿਚਾਰਾਂ ਦੇ ਨਾਲ-ਨਾਲ ਇਹ ਚਰਚਾ ਵੀ ਚੱਲ ਰਹੀ ਹੈ ਕਿ ਆਖ਼ਿਰ ਇਸ ਸੰਭਾਵੀ ਸਰਬੱਤ ਖ਼ਾਲਸਾ ਦਾ ਸਮੁੱਚਾ ਏਜੰਡਾ ਕੀ ਹੋਵੇ? ਇਸ ਦੇ ਕੀ ਮਕਸਦ ਹੋਣ? ਕੀ ਇਸ ਵਿਚੋਂ ਨਵੀਂਆਂ ਪੰਥਕ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ? ਪਰ ਹੁਣ ਤੱਕ ਤਾਂ ਇਹੀ ਪ੍ਰਭਾਵ ਮਿਲ ਰਿਹਾ ਹੈ ਕਿ ਵਰਤਮਾਨ ਵਿਚ ਸਿੱਖ ਪੰਥ ਦਾ ਕੇਂਦਰ ਜਾਂ ਪੰਜਾਬ ਸਰਕਾਰ ਨਾਲ ਜੋ ਸਿੱਧਾ-ਅਸਿੱਧਾ ਟਕਰਾਅ ਵੱਧ ਰਿਹਾ ਹੈ ਅਤੇ ਜਿਵੇਂ ਕਾਲੇ ਕਾਨੂੰਨਾਂ ਤਹਿਤ ਗ੍ਰਿਫ਼ਤਾਰੀਆਂ ਹੋਈਆਂ ਹਨ, ਉਨ੍ਹਾਂ ਬਾਰੇ ਅਜਿਹੇ ਸੰਭਾਵੀ ਸਰਬੱਤ ਖ਼ਾਲਸਾ ਵਿਚ ਵਿਚਾਰ ਕਰਕੇ ਫ਼ੈਸਲੇ ਲਏ ਜਾਣਗੇ। ਪਰ ਕੀ ਇਤਨੇ ਨਿਵੇਕਲੇ ਮਹੱਤਵਪੂਰਨ ਇਕੱਠ ਨੂੰ ਇੱਥੋਂ ਤੱਕ ਹੀ ਸੀਮਿਤ ਰਹਿਣ ਦਿੱਤਾ ਜਾਵੇ? ਕੀ ਕੁੱਝ ਵੱਡੀਆਂ ਪ੍ਰਾਪਤੀਆਂ ਜਾਂ ਦਿਸ਼ਾਵਾਂ ਤੋ ਪੰਥ ਇਕ ਵਾਰ ਫਿਰ ਥਿੜਕ ਜਾਵੇਗਾ? ਯਕੀਨਨ ਇਹ ਸਮਾਂ ਹੁਣ ਸਾਰੀਆਂ ਸਥਿਤੀਆਂ ਤੋ ਅੱਗੇ ਜਾ ਕੇ ਸਿੱਖ ਵਿਚਾਰਧਾਰਾ ਅਤੇ ਪੰਥ ਵੱਲੋਂ ਇੱਕੀਵੀਂ ਸਦੀ ਦਾ ਪੰਥਕ ਮਿਸ਼ਨ ਨੀਯਤ ਕਰਨ ਦਾ ਹੈ।

ਕਿਸੇ ਵੀ ਰੂਪ ਵਿਚ ਸਰਬੱਤ ਖ਼ਾਲਸਾ ਜਾਂ ਵਿਸ਼ਵ ਸਿੱਖ ਸੰਮੇਲਨ ਵਿਸਾਖੀ ਜਾਂ ਅਗਲੇ ਕੁਝ ਮਹੀਨਿਆਂ ਵਿਚ ਹੁੰਦਾ ਹੈ, ਉਸ ਹਾਲਾਤ ਵਿਚ ਇਸ ਦੇ ਵਿਚਾਰਨ ਲਈ ਏਜੰਡਾ ਤਾਂ ਮਹੱਤਵਪੂਰਨ ਬਣਿਆ ਹੀ ਰਹੇਗਾ।ਇਸ ਸਬੰਧੀ ਜ਼ਰੂਰੀ ਹੈ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਪੰਥਕ ਜੀਵਨ ਦੇ ਧਾਰਮਿਕ, ਦਾਰਸ਼ਨਿਕ, ਰਾਜਨੀਤਿਕ, ਵਿੱਦਿਅਕ, ਆਰਥਿਕ, ਸ਼ਾਸਕੀ, ਵਿਸ਼ਵ ਮਾਮਲਿਆਂ, ਸਮਾਜਿਕ ਸੁਰੱਖਿਆ, ਮੀਡੀਆ, ਸੱਭਿਆਚਾਰ, ਨੌਜਵਾਨੀ, ਗਿਆਨ-ਵਿਗਿਆਨ ਤਕਨਾਲੋਜੀ, ਪ੍ਰਬੰਧਕੀ ਅਤੇ ਸਮਾਜਿਕ ਸੇਵਾਵਾਂ ਆਦਿ ਖੇਤਰਾਂ ਨਾਲ ਸਬੰਧਿਤ ਮਾਹਿਰਾਂ ਦੀਆਂ ਵੱਖ-ਵੱਖ ਕਮੇਟੀਆਂ ਦਾ ਗਠਨ ਕਰਨ ਜਿਨ੍ਹਾਂ ਨੂੰ ਪੰਜਾਬ, ਭਾਰਤ ਅਤੇ ਵਿਸ਼ਵ ਦੀਆਂ ਸਮੁੱਚੀਆਂ ਪ੍ਰਸਥਿਤੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸਮਾਦੀ ਚਿੰਤਨ ਦੀ ਰੌਸ਼ਨੀ ਵਿਚ ਇਕ ਬਦਲਵੀਂ ਸਮਾਜਿਕ ਵਿਵਸਥਾ ਸਿਰਜਣ ਦੇ ਆਧਾਰ ਤਿਆਰ ਕਰਨ ਦੀ ਸੇਵਾ ਲਗਾਈ ਜਾਵੇ। ਪੰਥਕ ਮਿਸ਼ਨ ਕੀ ਹੈ; ਸਿੱਖ ਵਿਚਾਰਧਾਰਕ-ਦਾਰਸ਼ਨਿਕ ਸੇਧਾਂ ਕੀ ਹਨ; ਸਿੱਖ ਧਰਮ, ਵਿਚਾਰਧਾਰਾ ਦਾ ਨਵ-ਉੱਥਾਨ ਕਿਵੇਂ ਕੀਤਾ ਜਾਵੇ; ਸਿੱਖ ਪਾਲਿਟੀ-ਰਾਜਨੀਤੀ ਦਾ ਨਵਾਂ ਰੂਪ-ਸਰੂਪ ਅਤੇ ਕਾਰਜਯੋਜਨਾ ਕਿਵੇਂ ਉਲੀਕੀ ਜਾਏ, ਨਵੇਂ ਪੰਜਾਬ ਦੀ ਉਸਾਰੀ ਵਿੱਚ ਭਾਰਤੀ ਫੈਡਰਲ. ਕਨਫੈਡਰਲ, ਵਿਸ਼ੇਸ਼ ਅਧਿਕਾਰਾਂ ਅਤੇ ਹੋਰ ਦਿਸ਼ਾਵਾਂ ਵਿੱਚ ਸਿੱਖ-ਅਕਾਲੀ ਰਾਜਨੀਤੀ ਦੀ ਕਿਹੜੀ ਭੂਮਿਕਾ ਹੋਵੇ; ਰਣਨੀਤਿਕ ਜੰਗਾਂ ਦੇ ਯੁੱਗ ਵਿਚ ਬੌਧਿਕ, ਕੂਟਨੀਤਿਕ, ਮਨੋਵਿਗਿਆਨਿਕ, ਆਰਥਿਕ ਅਤੇ ਮੀਡੀਆ ਜੰਗਾਂ ਦੀ ਭੂਮਿਕਾ ਨਿਸ਼ਚਿਤ ਹੋਵੇ, ਪੰਜਾਬ ਦੀ ਨਵ-ਉਸਾਰੀ ਦਾ ਵਿਸਮਾਦੀ ਵਿਕਾਸ ਮਾਡਲ ਕਿਵੇਂ ਵਿਕਸਿਤ ਕੀਤਾ ਜਾਵੇ, ਸਿੱਖ ਨੌਜਵਾਨੀ, ਨਾਰੀ ਸ਼ਕਤੀ ਅਤੇ ਸਿੱਖ ਪ੍ਰਤਿੱਭਾ ਨੂੰ ਕਿਵੇਂ ਨਵੇਂ ਰੂਪ ਵਿੱਚ ਸ਼ਕਤੀਸ਼ਾਲੀ ਕੀਤਾ ਜਾਵੇ, ਤਖ਼ਤ ਜਥੇਬੰਦੀ, ਪ੍ਰਬੰਧਕ ਕਮੇਟੀਆਂ ਅਤੇ ਪੰਥਕ ਲੀਡਰਸ਼ਿਪ ਦੇ ਸੰਕਟ ਕਿਵੇਂ ਹੱਲ ਕੀਤੇ ਜਾਣ,

(ਬਾਕੀ ਸਫ਼ਾ 29 'ਤੇ)

# ਪਾਕਿਸਤਾਨ 'ਚ ਸਿੱਖ ਭਾਈਚਾਰਾ ਬਣਿਆ ਵੱਖਰੀ ਕੌਮ

## ਜਨਗਣਨਾ ਦੇ ਆਨ-ਲਾਈਨ ਨਵੇਂ ਫਾਰਮਾਂ 'ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਕੀਤਾ ਦਰਜ

### ਪਾਕਿ 'ਚ ਸਿੱਖਾਂ ਦੀ ਕੁੱਲ ਆਬਾਦੀ 74 ਹਜ਼ਾਰ ਤੋਂ ਵੀ ਵੱਧ



ਲਾਹੌਰ/ਏ.ਟੀ.ਨਿਊਜ਼ :- ਦੇਸ਼ ਦੀ ਵੰਡ ਦੇ 76 ਵਰ੍ਹਿਆਂ ਬਾਅਦ ਪਾਕਿਸਤਾਨ 'ਚ ਪਹਿਲੀ ਵਾਰ ਉਥੇ ਰਹਿ ਰਹੇ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਹੈ । ਪਾਕਿਸਤਾਨ ਸਿੱਖ ਭਾਈਚਾਰੇ ਨੂੰ ਜਨਗਣਨਾ ਦੇ ਫਾਰਮਾਂ ਵਿੱਚ ਕਾਲਮ ਨੰਬਰ 6 'ਚ ਦਰਜ ਕੀਤਾ ਗਿਆ ਹੈ । ਇਸੇ ਤਰ੍ਹਾਂ ਮੁਸਲਮਾਨ, ਈਸਾਈ, ਹਿੰਦੂ, ਕਾਦਿਆਨੀ/ ਅਹਿਮਦੀ, ਦਲਿਤ ਲਈ ਕ੍ਰਮਵਾਰ ਵੱਖੋ-ਵੱਖਰੇ ਕਾਲਮ ਬਣਾਏ ਗਏ ਹਨ । ਪਿਸ਼ਾਵਰੀ ਸਿੱਖ ਸੰਗਤ ਦੇ ਆਗੂ ਗੁਰਪਾਲ ਸਿੰਘ ਨੇ ਦੱਸਿਆ ਕਿ ਕੁਝ ਮੀਡੀਆ ਅਦਾਰੇ ਮਰਦਮਸ਼ੁਮਾਰੀ ਦੇ ਪੁਰਾਣੇ ਫਾਰਮਾਂ ਦੀਆਂ ਤਸਵੀਰਾਂ ਜਨਤਕ ਕਰਕੇ ਝੂਠੇ ਦਾਅਵੇ ਕਰ ਰਹੇ ਹਨ ਕਿ ਪਾਕਿ ਦੀ ਡਿਜੀਟਲ ਜਨਗਣਨਾ 'ਚ ਸਿੱਖਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ, ਜਦਕਿ ਹਿੰਦੂਆਂ ਨੂੰ ਅਨੁਸੂਚਿਤ ਜਾਤੀ ਵਜੋਂ ਦਰਜ ਕੀਤਾ ਗਿਆ ਹੈ । ਇਸ ਤੋਂ ਇਲਾਵਾ ਪਾਕਿ 'ਚ ਸਿੱਖਾਂ ਦੀ ਕੁਲ ਆਬਾਦੀ 74 ਹਜ਼ਾਰ ਤੋਂ ਵੀ ਵਧੇਰੇ ਹੈ । ਉਨ੍ਹਾਂ ਕਿਹਾ ਕਿ ਇਸ ਵਾਰ ਜਨਗਣਨਾ ਡਿਜੀਟਲ ਤੌਰ 'ਤੇ ਕੀਤੀ ਜਾ ਰਹੀ ਹੈ ਅਤੇ ਆਨ-ਲਾਈਨ ਨਵੇਂ ਫਾਰਮਾਂ 'ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਦਿਆਂ ਉਨ੍ਹਾਂ ਲਈ ਵੱਖਰਾ ਕਾਲਮ ਬਣਾਇਆ ਗਿਆ ਹੈ । ਉਨ੍ਹਾਂ ਇਹ ਵੀ ਦੱਸਿਆ ਕਿ ਜਨਗਣਨਾ ਦੇ ਨਵੇਂ ਫਾਰਮ ਸਿਰਫ਼ ਆਨ-ਲਾਈਨ ਉਪਲਬੱਧ ਹਨ, ਜਦਕਿ ਸੰਬੰਧਿਤ ਵਿਭਾਗ ਦੀ ਟੀਮ ਨੂੰ ਜੋ ਲੋਕ ਮੌਕੇ 'ਤੇ ਘਰਾਂ 'ਚ ਨਹੀਂ ਮਿਲਦੇ, ਉਨ੍ਹਾਂ ਨੂੰ ਫਿਲਹਾਲ ਪੁਰਾਣੇ ਫਾਰਮਾਂ 'ਤੇ ਹੀ ਆਪਣੀ ਜਾਣਕਾਰੀ ਲਿਖਣ ਲਈ ਕਿਹਾ ਜਾ ਰਿਹਾ ਹੈ ਤਾਂ ਕਿ ਬਾਅਦ 'ਚ ਅਧਿਕਾਰੀ ਉਨ੍ਹਾਂ ਦੀ ਖ਼ੁਦ ਆਨ-ਲਾਈਨ ਐਂਟਰੀ ਕਰ ਸਕਣ । ਇਥੇ ਇਹ ਵੀ ਦੱਸਣਯੋਗ ਹੈ ਕਿ ਪਿਸ਼ਾਵਰ ਹਾਈ ਕੋਰਟ 'ਚ ਗੁਰਪਾਲ ਸਿੰਘ ਸਮੇਤ 5 ਹੋਰਨਾਂ ਸਿੱਖਾਂ ਵੱਲੋਂ 23 ਮਾਰਚ, 2017 ਨੂੰ ਦਾਇਰ ਕੀਤੀ ਪਟੀਸ਼ਨ ਦੇ ਲਗਭਗ ਸਾਢੇ 5 ਸਾਲ ਬਾਅਦ ਸੁਪਰੀਮ ਕੋਰਟ 'ਚ ਮਾਮਲਾ ਪਹੁੰਚਣ 'ਤੇ ਜੱਜ ਨੇ ਚੀਫ਼ ਮਰਦਮਸ਼ੁਮਾਰੀ ਕਮਿਸ਼ਨਰ, ਪਾਕਿਸਤਾਨ ਬਿਊਰੋ ਆਫ਼ ਸਟੇਟਿਕਸ ਅਤੇ ਸੰਬੰਧਿਤ ਮੰਤਰਾਲੇ ਨੂੰ ਨੋਟਿਸ ਜਾਰੀ ਕਰਦਿਆਂ ਇਹ ਹੁਕਮ ਦਿਤਾ ਸੀ ਕਿ ਸਿੱਖਾਂ ਨੂੰ ਜਨਗਣਨਾ ਸੂਚੀ 'ਚ "ਅਦਰ" (ਹੋਰਨਾ) ਦੀ ਬਜਾਏ ਵੱਖਰੇ ਤੌਰ 'ਤੇ ਸ਼ਾਮਿਲ ਕੀਤਾ ਜਾਵੇ । ਦੱਸਿਆ ਜਾ ਰਿਹਾ ਹੈ ਕਿ ਪਿਛਲੀ ਜਨਗਣਨਾ ਮੁਤਾਬਕ ਪਾਕਿ 'ਚ ਸਿੱਖ ਭਾਈਚਾਰੇ ਦੀ ਕੁਲ ਆਬਾਦੀ 18 ਹਜ਼ਾਰ ਦੇ ਲਗਭਗ ਅਤੇ ਸਿੱਖ ਵੋਟਰਾਂ ਦੀ ਗਿਣਤੀ 6193 ਸੀ । ਇਨ੍ਹਾਂ 'ਚੋਂ ਸੂਬਾ ਖ਼ੈਬਰ ਪਖਤੂਨਖਵਾ 'ਚ 2597, ਸਿੰਧ 1477, ਪੰਜਾਬ 1157, ਫਾਟਾ 730, ਬਲੋਚਿਸਤਾਨ 225 ਅਤੇ ਇਸਲਾਮਾਬਾਦ ਵਿੱਚ 7 ਸਿੱਖ ਵੋਟਰ ਸਨ।

# ਪੰਜਾਬ 'ਚ ਅਪ੍ਰੈਲ ਤੋਂ ਜੂਨ ਤਕ ਗਰਮ ਲੂ ਚੱਲਣ ਦੀ ਸੰਭਾਵਨਾ

## ਪੰਜਾਬ ਸਮੇਤ ਕਈ ਸੂਬਿਆਂ 'ਚ ਵਧਣ ਵਾਲਾ ਹੈ ਪਾਰਾ : ਮੌਸਮ ਵਿਭਾਗ



ਨਵੀਂ ਦਿੱਲੀ : ਭਾਰਤੀ ਮੌਸਮ ਵਿਭਾਗ ਦੀ ਭਵਿੱਖਬਾਣੀ ਮੁਤਾਬਕ ਅਪ੍ਰੈਲ-ਜੂਨ ਦੇ ਮਹੀਨੇ ਭਾਰਤ ਦੇ ਜ਼ਿਆਦਾਤਰ ਹਿੱਸਿਆਂ 'ਚ ਤਾਪਮਾਨ ਹੋਰ ਵਧ ਸਕਦਾ ਹੈ। ਭਾਰਤੀ ਮੌਸਮ ਵਿਭਾਗ ਯਾਨੀ ਆਈਐਮਡੀ ਨੇ ਕਿਹਾ ਕਿ ਉੱਤਰ-ਪੱਛਮੀ ਅਤੇ ਪ੍ਰਾਇਦੀਪ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਅਪ੍ਰੈਲ ਤੋਂ ਜੂਨ ਤਕ ਆਮ ਨਾਲੋਂ ਵੱਧ ਤਾਪਮਾਨ ਰਹਿਣ ਦੀ ਸੰਭਾਵਨਾ ਹੈ।

**ਹੀਟਵੇਵ ਸ਼ੁਰੂ ਹੋਣ ਦਾ ਅਨੁਮਾਨ :** ਮੌਸਮ ਵਿਭਾਗ ਨੇ ਮੱਧ, ਪੂਰਬੀ ਅਤੇ ਉੱਤਰ-ਪੱਛਮੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਆਮ ਹਵਾਵਾਂ ਦੀ ਸਥਿਤੀ ਤੋਂ ਵੱਧ ਗਰਮ ਹਵਾਵਾਂ ਚੱਲਣ ਦੀ ਭਵਿੱਖਬਾਣੀ ਕੀਤੀ ਹੈ। ਆਈਐਮਡੀ ਦੇ ਡਾਇਰੈਕਟਰ ਜਨਰਲ ਮ੍ਰਿਤਯੂੰਜਯ ਮਹਾਪਾਤਰਾ ਨੇ ਇਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼, ਉੜੀਸਾ, ਪੱਛਮੀ ਬੰਗਾਲ, ਛੱਤੀਸਗੜ੍ਹ, ਮਹਾਰਾਸ਼ਟਰ, ਗੁਜਰਾਤ, ਪੰਜਾਬ ਅਤੇ ਹਰਿਆਣਾ ਦੇ ਕੁਝ ਹਿੱਸਿਆਂ ਵਿੱਚ ਹੀਟਵੇਵ ਸ਼ੁਰੂ ਹੋ ਜਾਵੇਗੀ।

**ਅਪ੍ਰੈਲ ਤੋਂ ਜੂਨ ਦੌਰਾਨ ਵਧੇਗਾ ਤਾਪਮਾਨ :** ਚੱਲ ਰਹੇ ਮਹੀਨੇ ਅਪ੍ਰੈਲ ਤੋਂ ਜੂਨ ਦੇ ਗਰਮ ਮੌਸਮ ਦੌਰਾਨ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਵੱਧ ਰਹਿਣ ਦੀ ਸੰਭਾਵਨਾ ਹੈ। ਜਦੋਂਕਿ ਦੱਖਣੀ ਪ੍ਰਾਇਦੀਪ ਭਾਰਤ ਅਤੇ ਉੱਤਰ ਪੱਛਮੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਘੱਟ ਰਹਿਣ ਦੀ ਸੰਭਾਵਨਾ ਹੈ।

ਉੱਤਰ-ਪੂਰਬੀ ਤੇ ਉੱਤਰ-ਪੱਛਮੀ ਭਾਰਤ ਦੇ ਕੁਝ ਖੇਤਰਾਂ ਤੇ ਪ੍ਰਾਇਦੀਪ ਖੇਤਰ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਆਮ ਘੱਟੋ-ਘੱਟ ਤਾਪਮਾਨ ਤੋਂ ਉੱਪਰ ਰਹਿਣ ਦੀ ਸੰਭਾਵਨਾ ਹੈ। ਮੌਸਮ ਬਿਊਰੋ ਨੇ ਕਿਹਾ ਕਿ ਅਪ੍ਰੈਲ ਵਿੱਚ ਭਾਰਤ ਵਿੱਚ ਆਮ ਬਾਰਿਸ਼ ਹੋਣ ਦੀ ਉਮੀਦ ਹੈ। ਉੱਤਰ-ਪੱਛਮੀ, ਕੇਂਦਰੀ ਅਤੇ ਪ੍ਰਾਇਦੀਪ ਖੇਤਰ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ, ਜਦੋਂਕਿ ਪੂਰਬੀ ਤੇ ਉੱਤਰ-ਪੂਰਬੀ ਭਾਰਤ ਵਿੱਚ ਆਮ ਨਾਲੋਂ ਘੱਟ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਹੈ।

# ਉੱਤਰ ਪੂਰਬ ਤੋਂ ਬਾਅਦ ਹੁਣ ਦੱਖਣ 'ਚ ਚੋਣ ਸਰਗਰਮੀਆਂ ਤੇਜ਼

- ਭਾਰਤ ਦੀ ਕੌਮੀ ਸਿਆਸਤ 'ਤੇ ਅਸਰ ਪਾਉਣਗੇ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜੇ
- ਵਿਧਾਨ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਕਰਨਾਟਕ ਵਿੱਚ ਸਿਆਸੀ ਹਲਚਲ ਵਧੀ
- ਕਰਨਾਟਕ 'ਚ ਮੁੱਖ ਮੁਕਾਬਲਾ ਭਾਜਪਾ, ਕਾਂਗਰਸ ਅਤੇ ਜੀ.ਡੀ.ਐੱਸ. ਵਿਚਾਲੇ

ਭਾਰਤ ਦੇ ਉੱਤਰ-ਪੂਰਬੀ ਸੂਬਿਆਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਭਾਰਤ ਦੇ ਦੱਖਣੀ ਹਿੱਸੇ ਕਰਨਾਟਕ 'ਚ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਕਰਨਾਟਕ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰਦੇ ਹੋਏ ਚੋਣ ਕਮਿਸ਼ਨ ਨੇ ਕਿਹਾ ਕਿ ਸੂਬੇ 'ਚ 10 ਮਈ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 13 ਮਈ ਨੂੰ ਆਉਣਗੇ। ਯਾਨੀ ਕਿ ਸਾਰੀਆਂ 224 ਸੀਟਾਂ 'ਤੇ ਇੱਕੋ ਪੜਾਅ 'ਚ ਵੋਟਾਂ ਪੈਣਗੀਆਂ ਅਤੇ ਤਿੰਨ ਦਿਨਾਂ ਦੇ ਅੰਦਰ ਵੋਟਾਂ ਦੀ ਗਿਣਤੀ ਪੂਰੀ ਹੋ ਜਾਵੇਗੀ ਅਤੇ ਨਤੀਜੇ ਵੀ ਆ ਜਾਣਗੇ। ਭਾਵੇਂ ਈਵੀਐਮ ਕਾਰਨ ਚੋਣ ਪ੍ਰਕਿਰਿਆ ਆਸਾਨ ਹੋ ਗਈ ਹੈ ਪਰ ਫਿਰ ਵੀ 70-80 ਸੀਟਾਂ ਵਾਲੇ ਸੂਬਿਆਂ ਵਿੱਚ ਚੋਣ ਕਮਿਸ਼ਨ ਵੱਲੋਂ ਵੋਟਾਂ ਪੈਣ ਅਤੇ ਵੋਟਾਂ ਦੀ ਗਿਣਤੀ ਵਿੱਚ ਕਈ ਦਿਨਾਂ ਦਾ ਵਕਫ਼ਾ ਰੱਖਿਆ ਜਾ ਰਿਹਾ ਹੈ ਜਾਂ ਚੋਣਾਂ ਕਈ ਪੜਾਵਾਂ ਵਿੱਚ ਕਰਵਾਈਆਂ ਜਾਂਦੀਆਂ ਹਨ।



ਅਜਿਹੇ 'ਚ ਇਹ ਖੁਸ਼ੀ ਦੀ ਗੱਲ ਹੈ ਕਿ ਕਰਨਾਟਕ ਵਰਗੇ ਵੱਡੇ ਸੂਬੇ 'ਚ ਇਕ ਹੀ ਪੜਾਅ 'ਚ ਚੋਣਾਂ ਹੋਣਗੀਆਂ ਅਤੇ ਨਤੀਜੇ ਵੀ ਜਲਦੀ ਹੀ ਆਉਣਗੇ। ਚੋਣ ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਚੋਣਾਂ ਵਿੱਚ ਪੈਸੇ ਦੀ ਤਾਕਤ ਦੀ ਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ। ਇਸ ਲਈ ਸਾਰੀਆਂ ਸਬੰਧਤ ਏਜੰਸੀਆਂ ਨੂੰ ਕਾਰਵਾਈ ਕਰਨ ਦੇ ਹੁਕਮ ਦਿੱਤੇ ਗਏ ਹਨ। ਏਜੰਸੀਆਂ ਹਰ ਕਦਮ 'ਤੇ ਨਜ਼ਰ ਰੱਖਣਗੀਆਂ। ਪਾਰਦਰਸ਼ੀ ਅਤੇ ਨਿਰਪੱਖ ਚੋਣਾਂ ਲਈ ਇਹ ਵੀ ਜ਼ਰੂਰੀ ਹੈ ਕਿ ਚੋਣਾਂ ਹਰ ਤਰ੍ਹਾਂ ਦੇ ਦਬਾਅ ਤੋਂ ਮੁਕਤ ਹੋਣ ਪਰ ਚੋਣ ਕਮਿਸ਼ਨ ਵਰਗੀ ਸੁਤੰਤਰ, ਸੰਵਿਧਾਨਕ ਸੰਸਥਾ ਨੂੰ ਇਹ ਭਰੋਸਾ ਦੇਣਾ ਪਵੇਗਾ ਕਿ ਅਜਿਹੀ ਸਥਿਤੀ ਕਿਉਂ ਆਈ ਹੈ, ਇਹ ਵਿਚਾਰਨ ਯੋਗ ਹੈ।

ਭਾਰਤ ਜੋੜੋ ਅੰਦੋਲਨ ਤੋਂ ਬਾਅਦ ਦੇਸ਼ 'ਚ ਬਦਲ ਰਹੀ ਰਾਜਨੀਤੀ, ਅਡਾਨੀ ਮੁੱਦੇ 'ਤੇ ਘਿਰੀ ਭਾਜਪਾ ਅਤੇ ਕਾਂਗਰਸ ਦੇ ਕੁਝ ਵਧਦੇ ਪ੍ਰਭਾਵ ਦੇ ਪਿਛੋਕੜ 'ਚ ਕਰਨਾਟਕ ਚੋਣਾਂ ਹੋ ਰਹੀਆਂ ਹਨ। ਰਾਹੁਲ ਗਾਂਧੀ ਦੇ ਸੰਸਦ ਛੱਡਣ ਤੋਂ ਬਾਅਦ ਵਿਰੋਧੀ ਪਾਰਟੀਆਂ ਵਿੱਚ ਵੀ ਏਕਤਾ ਵਧ ਰਹੀ ਹੈ। ਇਸ ਲਈ ਕਰਨਾਟਕ ਚੋਣਾਂ ਦੇ ਨਤੀਜੇ ਸੂਬੇ ਦੀ ਹੀ ਨਹੀਂ ਦੇਸ਼ ਦੀ ਰਾਜਨੀਤੀ 'ਤੇ ਵੀ ਪ੍ਰਭਾਵਸ਼ਾਲੀ ਸਾਬਤ ਹੋਣਗੇ। ਚੋਣਾਂ ਦਾ ਐਲਾਨ ਹੁੰਦੇ ਹੀ ਭਾਜਪਾ ਨੇ ਜਿੱਤ ਦਾ ਦਾਅਵਾ ਕੀਤਾ ਹੈ। ਭਾਜਪਾ ਦੇ (ਬਾਕੀ ਸਫ਼ਾ 30 'ਤੇ)

# 'ਦਹੀਂ' ਕਾਰਨ ਦੱਖਣ ਦੀ ਸਿਆਸਤ ਹੋਈ 'ਖੱਟੀ'

## ਤਮਿਲਨਾਡੂ ਵਿੱਚ ਸ਼ੁਰੂ ਹੋਈ 'ਦਹੀਂ ਸਿਆਸਤ'

### ਤਮਿਲਨਾਡੂ ਦੀ ਸਿਆਸਤ ਨੂੰ ਕਿਹੜੇ ਪਾਸੇ ਲੈ ਜਾਵੇਗੀ ਦਹੀਂ ਕਾਰਨ ਪੈਦਾ ਹੋਈ ਸਿਆਸੀ ਖਟਾਸ




ਅਕਸਰ ਦਹੀਂ ਨੂੰ ਸਿਹਤ ਲਈ ਚੰਗਾ ਕਿਹਾ ਜਾਂਦਾ ਹੈ ਪਰ ਤਮਿਲਨਾਡੂ ਵਿੱਚ ਦਹੀਂ ਦੇ ਨਾਂਅ ਕਾਰਨ ਹੋ ਰਹੀ ਸਿਆਸਤ ਵੀ ਖੱਟੀ ਹੋ ਗਈ ਹੈ। ਅਸਲ ਵਿੱਚ ਕਰਨਾਟਕ ਦੀ ਰਾਜਨੀਤੀ ਵਿੱਚ ਦਹੀਂ ਦੇ ਨਾਂਅ ਨੂੰ ਲੈ ਕੇ ਬਵਾਲ ਖੜਾ ਹੋ ਗਿਆ ਹੈ ਅਤੇ ਉਥੇ ਦਹੀਂ ਰਾਜਨੀਤੀ ਸ਼ੁਰੂ ਹੋ ਗਈ ਹੈ। ਤਮਿਲਨਾਡੂ ਵਿੱਚ 'ਦਹੀ' ਰਾਜਨੀਤੀ ਉਸ ਸਮੇਂ ਸ਼ੁਰੂ ਹੋਈ ਜਦੋਂ ਫੂਡ ਸੇਫਟੀ ਸਟੈਂਡਰਡ ਅਥਾਰਿਟੀ ਆਫ ਇੰਡੀਆ ਯਾਨੀ ਐਫ. ਐਸ. ਐਸ. ਏ. ਆਈ. ਨੇ ਦੱਖਣੀ ਭਾਰਤ ਵਿੱਚ ਦਹੀਂ ਬਣਾਉਣ ਵਾਲੀਆਂ ਸਹਿਕਾਰੀ ਸੰਸਥਾਵਾਂ ਨੂੰ ਕਿਹਾ ਕਿ ਉਹ ਦਹੀ ਦੇ ਪੈਕੇਟ 'ਤੇ ਵੀ ਹਿੰਦੀ ਵਿੱਚ ਦਹੀਂ ਲਿਖਣ। ਇਸ ਦੇ ਨਾਲ ਦਹੀਂ ਨੂੰ ਕਨੜ ਭਾਸ਼ਾ ਵਿੱਚ 'ਮੋਸਾਰੂ' ਅਤੇ ਤਮਿਲ ਭਾਸ਼ਾ ਵਿੱਚ 'ਤਾਇਰ' ਲਿਖਿਆ ਜਾ ਸਕਦਾ ਹੈ। ਇਸ ਗਲ 'ਤੇ ਤਮਿਲਨਾਡੂ ਦੇ ਮੁੱਖ ਮੰਤਰੀ 'ਐਮ ਕੇ ਸਟਾਲਿਨ' ਨੂੰ ਗੁੱਸਾ ਆ ਗਿਆ। ਉਹਨਾਂ ਨੇ ਇਸ ਨੂੰ ਦੱਖਣੀ ਭਾਰਤੀਆਂ ਉੱਤੇ ਹਿੰਦੀ ਥੋਪਣ ਵਾਲਾ ਕਿਹਾ। ਤਮਿਲਨਾਡੂ ਦੇ ਡੇਅਰੀ ਮੰਤਰੀ ਨੇ ਕਿਹਾ ਹੈ ਕਿ ਰਾਜ ਵਿੱਚ ਐਫਐਸਐਸਏਆਈ ਦਾ ਹੁਕਮ ਲਾਗੂ ਨਹੀਂ ਹੋਵੇਗਾ। ਦਹੀ ਦੇ ਕੱਪ ਜਾਂ ਪੈਕੇਟ 'ਤੇ ਪਹਿਲਾਂ ਦੀ ਤਰ੍ਹਾਂ 'ਤਾਇਰ' ਹੀ ਲਿਖਿਆ ਜਾਵੇਗਾ।

(ਬਾਕੀ ਸਫ਼ਾ 30 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੈਲੀਫੋਰਨੀਆ ਨੂੰ ਜਾਤ ਦੇ ਆਧਾਰ ’ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣਾਉਣ ਦੀ ਕੋਸ਼ਿਸ਼ ਕਾਰਨ ਸੰਸਦ ਮੈਂਬਰ ਨੂੰ ਮਿਲ ਰਹੀਆਂ ਨੇ ਹਿੰਸਕ ਧਮਕੀਆਂ

## ਨਵੇਂ ਬਿੱਲ ਦਾ ਉਦੇਸ਼ ਕੈਲੀਫੋਰਨੀਆ ਵਿੱਚ ਜਾਤੀ ਵਿਤਕਰੇ ਨੂੰ ਗ਼ੈਰਕਾਨੂੰਨੀ ਬਣਾਉਣਾ ਹੈ : ਸੇਨ. ਆਇਸ਼ਾ ਵਹਾਬ





ਕੈਲੀਫੋਰਨੀਆ ਰਾਜ ਦੀ ਸੰਸਦ ਮੈਂਬਰ ਸੇਨ. ਆਇਸ਼ਾ ਵਹਾਬ, ਪਹਿਲੀ ਅਫਗਾਨ-ਅਮਰੀਕੀ ਬੀਬੀ ਹੈ ਜੋ ਯੂਐਸ ਅਤੇ 31 ਰਾਜ ਵਿਧਾਨ ਸਭਾ ਵਿੱਚ ਜਨਤਕ ਦਫਤਰ ਲਈ ਚੁਣੀ ਗਈ ਹੈ। ਪਿਛਲੇ ਬੁੱਧਵਾਰ ਨੂੰ ਉਸ ਨੇ ਇੱਕ ਬਿੱਲ ਪੇਸ਼ ਕੀਤਾ ਜੋ ਜਾਤ - ਜਨਮ ਜਾਂ ਵੰਸ਼ ਨਾਲ ਸਬੰਧਤ ਲੋਕਾਂ ਦੀ ਵੰਡ ਨੂੰ ਰਾਜ ਦੇ ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਇੱਕ ਸੁਰੱਖਿਅਤ ਸ਼੍ਰੇਣੀ ਵਜੋਂ ਜੋੜਦਾ ਹੈ। ਇਸ ਜਾਤ-ਆਧਾਰਿਤ ਵਿਤਕਰੇ ਨੂੰ ਗੈਰਕਾਨੂੰਨੀ ਬਣਾਉਣ ਵਾਲਾ ਇਹ ਬਿੱਲ ਦੇਸ਼ ਵਿੱਚ ਰਾਜ ਦਾ ਪਹਿਲਾ ਕਾਨੂੰਨ ਬਣ ਜਾਵੇਗਾ ਪਰ ਇਸ ਬਿੱਲ ਨੂੰ ਲੈ ਕੇ ਹਿੰਦੂ ਅਮਰੀਕਨ ਫਾਊਂਡੇਸ਼ਨ ਅਤੇ ਕੁਲੀਸ਼ਨ ਆਫ ਹਿੰਦੂਜ਼ ਆਫ ਨਾਰਥ ਅਮਰੀਕਾ ਵਰਗੇ ਕੁਝ ਸਮੂਹ ਅਜਿਹੀਆਂ ਨੀਤੀਆਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਹ ਦਲੀਲ ਦਿੰਦੇ ਹਨ ਕਿ ਇਹ ਕਾਨੂੰਨ ਉਸ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਣਗੇ ਜੋ ਪਹਿਲਾਂ ਹੀ ਨਫ਼ਰਤ ਅਤੇ ਵਿਤਕਰੇ ਦਾ ਸਾਹਮਣਾ ਕਰ ਰਹੇ ਹਨ, ਅਤੇ ਖਾਸ ਤੌਰ ’ਤੇ ਹਿੰਦੂਆਂ ਅਤੇ ਭਾਰਤੀ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣਗੇ ਜੋ ਆਮ ਤੌਰ ’ਤੇ ਜਾਤ ਪ੍ਰਣਾਲੀ ਨਾਲ ਜੁੜੇ ਹੋਏ ਹਨ। ਇਸ ਕਾਨੂੰਨ ਦਾ ਸਮਰਥਨ ਹੋਰ ਸਮੂਹਾਂ ਜਿਵੇਂ ਕਿ ਹਿੰਦੂਜ਼ ਫਾਰ ਹਿਊਮਨ ਰਾਈਟਸ ਅਤੇ ਹਿੰਦੂਜ਼ ਫਾਰ ਕਾਸਟ ਇਕੁਇਟੀ ਦੁਆਰਾ ਕੀਤਾ ਜਾ ਰਿਹਾ ਹੈ।

ਰਾਜ ਸੇਨ. ਆਇਸ਼ਾ ਵਹਾਬ ਦਾ ਕਹਿਣਾ ਹੈ ਕਿ ਪਿਛਲੇ ਹਫ਼ਤੇ ਕਾਨੂੰਨ ਪੇਸ਼ ਕਰਨ ਤੋਂ ਬਾਅਦ ਉਸ ਦਾ ਦਫ਼ਤਰ ਦਰਜਨਾਂ ਨਫ਼ਰਤ ਵਾਲੀਆਂ ਕਾਲਾਂ, ਸੈਂਕੜੇ ਈਮੇਲਾਂ ਅਤੇ ਉਸ ਦੇ ਜ਼ਿਲ੍ਹਾ ਦਫ਼ਤਰ ਦੇ ਸਟਾਫ਼ ’ਤੇ ਚਿਲਾਉਣ ਵਾਲੇ ਵਿਅਕਤੀਆਂ ਨਾਲ ਭਰ ਗਿਆ ਸੀ। ਜਾਤ ਸਮਾਜਿਕ ਲੜੀ ਦੀ ਇੱਕ ਪ੍ਰਣਾਲੀ ਹੈ ਜੋ ਦੱਖਣੀ ਏਸ਼ੀਆ ਵਿੱਚ ਖਾਸ ਤੌਰ ’ਤੇ ਵਿਆਪਕ ਰਹੀ ਹੈ। ਇਹ 3,000 ਸਾਲ ਤੋਂ ਵੀ ਵੱਧ ਪੁਰਾਣਾ ਹੈ ਪਰ ਅੱਜ ਵੀ ਦਲਿਤਾਂ ਸਮੇਤ, ਜਿਨ੍ਹਾਂ ਨੂੰ ਅਛੂਤ ਵਜੋਂ ਛੇਕਿਆ ਗਿਆ ਹੈ, ਉਨ੍ਹਾਂ ਲੋਕਾਂ ਲਈ ਵਿਤਕਰੇ ਦਾ ਆਧਾਰ ਹੈ ਜੋ ਨੀਵੀਂ ਜਾਤ ਸਮਝੇ ਜਾਂਦੇ ਹਨ ਜਾਂ ਸਿਸਟਮ ਤੋਂ ਬਾਹਰ ਹਨ।

ਜਾਤੀ ਵਿਤਕਰੇ ਨੇ ਵਿਦੇਸ਼ਾਂ ਵਿੱਚ ਵੀ ਅਮਰੀਕਾ ਵਰਗੇ ਮੁਲਕਾਂ ’ਚ ਆਪਣਾ ਰਸਤਾ ਬਣਾ ਲਿਆ ਹੈ। ਬਰਾਬਰੀ ਲੈਬਜ਼ ਦੁਆਰਾ 2018 ’ਚ ਕੀਤਾ ਸਰਵੇਖਣ ਜੋ ਦਲਿਤਾਂ ਦੀ ਵਕਾਲਤ ਕਰਦੀ ਹੈ, ਵਿੱਚ ਪਾਇਆ ਗਿਆ ਕਿ ਯੂਐਸ ਵਿੱਚ ਚਾਰ ਵਿੱਚੋਂ ਇੱਕ ਦਲਿਤ ਕਹਿੰਦੇ ਹਨ ਕਿ ਉਹਨਾਂ ਨੂੰ ਜ਼ੁਬਾਨੀ ਜਾਂ ਸਰੀਰਕ ਹਮਲੇ ਦਾ ਸਾਹਮਣਾ ਕਰਨਾ ਪਿਆ ਅਤੇ ਹਰ ਤਿੰਨ ਵਿੱਚੋਂ ਦੋ ਨੂੰ ਕੰਮ ’ਤੇ ਵਿਤਕਰੇ ਦਾ ਸਾਹਮਣਾ ਕਰਨ ਦੀ ਰਿਪੋਰਟ ਕੀਤੀ।ਵਹਾਬ ਦਾ ਪ੍ਰਸਤਾਵ ਪਿਛਲੇ ਮਹੀਨੇ ਸੀਏਟਲ ਆਪਣੇ ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਜਾਤੀ ਜੋੜਨ ਵਾਲਾ ਪਹਿਲਾ ਅਮਰੀਕੀ ਸ਼ਹਿਰ ਬਣਨ ਤੋਂ ਬਾਅਦ ਆਇਆ ਹੈ। ਕੈਲੀਫੋਰਨੀਆ ਦੀ ਯੂਨੀਵਰਸਿਟੀ ਪ੍ਰਣਾਲੀ ਨੇ ਪਿਛਲੇ ਜਨਵਰੀ ਵਿੱਚ ਆਪਣੇ 23 ਕੈਂਪਸਾਂ ਵਿੱਚ ਆਪਣੀ ਗੈਰ-ਵਿਤਕਰੇ ਵਾਲੀ ਨੀਤੀ ਵਿੱਚ ਜਾਤ ਨੂੰ ਸ਼ਾਮਲ ਕੀਤਾ।

ਕੈਲੀਫੋਰਨੀਆ ਲੰਬੇ ਸਮੇਂ ਤੋਂ ਜਾਤੀ-ਸਬੰਧਤ ਵਿਤਕਰੇ ਲਈ ਸੁਰਖੀਆਂ ਵਿੱਚ ਰਿਹਾ ਹੈ। 2001 ਵਿੱਚ, ਬਰਕਲੇ ਦੇ ਸਭ ਤੋਂ ਅਮੀਰ ਜ਼ਿਮੀਂਦਾਰਾਂ ਵਿੱਚੋਂ ਇੱਕ ਲਕੀਰੈੱਡੀ ਬਲੀ ਰੈਡੀ, ਜਿਸ ਕੋਲ 1,000 ਤੋਂ ਵੱਧ ਕਿਰਾਏ ਦੀਆਂ ਜਾਇਦਾਦਾਂ ਸਨ, ਨੂੰ ਗੈਰ-ਕਾਨੂੰਨੀ ਜਿਨਸੀ ਗਤੀਵਿਧੀਆਂ ਲਈ ਨਾਬਾਲਗਾਂ ਨੂੰ ਲਿਜਾਣ ਦਾ ਦੋਸ਼ੀ ਠਹਿਰਾਇਆ ਗਿਆ ਸੀ; ਸੰਘੀ ਅਧਿਕਾਰੀਆਂ ਨੇ ਉਸ ’ਤੇ ਘੱਟੋ-ਘੱਟ 25 ਭਾਰਤੀ ਮਜ਼ਦੂਰਾਂ ਨੂੰ ਅਮਰੀਕਾ ਲਿਆਉਣ ਦਾ ਦੋਸ਼ ਲਾਇਆ ਸੀ ਜਿਨ੍ਹਾਂ ਵਿੱਚੋਂ ਕੁਝ ਦਲਿਤ ਸਨ। ਹਾਲ ਹੀ ਵਿੱਚ, 2020 ਵਿੱਚ, ਕੈਲੀਫੋਰਨੀਆ ਦੇ ਨਿਰਪੱਖ ਰੁਜ਼ਗਾਰ ਅਤੇ ਰਿਹਾਇਸ਼ ਵਿਭਾਗ ਨੇ ਜਾਤੀ ਵਿਤਕਰੇ ਦਾ ਦੋਸ਼ ਲਗਾਉਣ ਵਾਲੇ ਦਲਿਤ ਭਾਰਤੀ ਇੰਜੀਨੀਅਰ ਉੱਤੇ ਸਿਸਕੋ ਸਿਸਟਮਜ਼ ਉੱਤੇ ਮੁਕੱਦਮਾ ਕੀਤਾ। ਇੱਕ ਹੋਰ ਮਾਮਲੇ ਵਿੱਚ, ਤਨੂਜਾ ਗੁਪਤਾ, ਨੇ ਪਿਛਲੇ ਸਾਲ ਗੂਗਲ ਨਿਊਜ਼ ਵਿੱਚ ਆਪਣੀ ਸੀਨੀਅਰ ਮੈਨੇਜਰ ਦੀ ਨੌਕਰੀ ਛੱਡ ਦਿੱਤੀ ਸੀ ਕਿਉਂਕਿ ਅਪਰੈਲ, ਜੋ ਕਿ ਦਲਿਤ ਇਤਿਹਾਸ ਮਹੀਨਾ ਹੈ, ਵਿੱਚ ਸੌਂਦਰਰਾਜਨ ਨੂੰ ਕਰਮਚਾਰੀਆਂ ਨਾਲ ਗੱਲ ਕਰਨ ਲਈ ਸੱਦਾ ਦੇਣ ’ਤੇ ਝਟਕਾ ਲੱਗਾ ਸੀ। ਗੱਲਬਾਤ ਰੱਦ ਕਰ ਦਿੱਤੀ ਗਈ ਅਤੇ ਗੁਪਤਾ ਨੇ ਆਪਣੇ ਸਾਬਕਾ ਮਾਲਕ ’ਤੇ ਬਦਲਾ ਲੈਣ ਦਾ ਦੋਸ਼ ਲਗਾਇਆ, ਜਿਸ ਨੂੰ ਗੂਗਲ ਨੇ ਇਨਕਾਰ ਕੀਤਾ ਹੈ। ਗੁਪਤਾ ਨੇ ਕਿਹਾ ਕਿ ਉਹ ਬਿੱਲ ਦਾ ਸਮਰਥਨ ਕਰ ਰਹੀ ਹੈ ਕਿਉਂਕਿ ਜਾਤੀ ਭੇਦਭਾਵ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਇਸ ਸਮੇਂ ਕੋਈ ਸੁਰੱਖਿਆ ਜਾਂ ਕਾਨੂੰਨੀ ਸਹਾਰਾ ਨਹੀਂ ਹੈ।ਇਹ ਜਵਾਬਦੇਹੀ ਦਾ ਰੂਪ ਹੈ ਜਿਸਦੀ ਸਾਨੂੰ ਲੋੜ ਹੈ, ਇਹ ਬਿੱਲ ਅਜੇ ਪੇਸ਼ ਕੀਤਾ ਗਿਆ ਹੈ ਪਰ ਅਜੇ ਤੱਕ ਕਿਸੇ ਵੀ ਚੈਂਬਰ ਵਿੱਚ ਇਸ ਲਈ ਵੋਟਿੰਗ ਨਹੀ ਹੋਈ।

ਇਸ ਸਾਰੇ ਮਸਲੇ ਨੂੰ ਲੈ ਕੇ ਮੀਡੀਆ ਚੈਨਲ ਵੱਲੋਂ ਵਹਾਬ ਨਾਲ ਜਾਤੀ ਵਿਤਕਰੇ ਦੇ ਮੁੱਦੇ ਬਾਰੇ ਗੱਲ ਕੀਤੀ, ਜਿਸ ਵਿੱਚ ਹੇਠ ਲਿਖੇ ਸਵਾਲ ਜਵਾਬ ਕੀਤੇ ਗਏ

**ਤੁਸੀਂ ਪਹਿਲੀ ਵਾਰ ਜਾਤੀ ਵਿਤਕਰੇ ਬਾਰੇ ਕਿਵੇਂ ਸਿੱਖਿਆ?**

ਵਹਾਬ: ਮੈਂ ਪਹਿਲੀ ਵਾਰ ਜਾਤ ਬਾਰੇ ਉਸ ਸਮੇਂ ਸਿੱਖਿਆ ਜਦੋਂ ਮੈਂ ਦੋਸਤਾਂ ਤੋਂ ਕਹਾਣੀਆਂ ਸੁਣੀਆਂ; ਇੱਕ ਨੇ ਦੱਸਿਆ ਕਿ ਉਸਦੇ ਮਾਤਾ-ਪਿਤਾ ਭਾਰਤ ਤੋਂ ਅਮਰੀਕਾ ਆਵਾਸ ਕਰ ਗਏ ਸਨ। ਕਿਉਂਕਿ ਉਹ ਵੱਖ-ਵੱਖ ਜਾਤਾਂ ਨਾਲ ਸਬੰਧਤ ਸਨ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਇਕ ਦੂਜੇ ਨੂੰ ਸਵੀਕਾਰ ਨਹੀਂ ਕੀਤਾ। ਕੁਝ ਦੋਸਤਾਂ ਨੇ ਦੱਸਿਆ ਕਿ ਕਿਵੇਂ ਉਹਨਾਂ ਦੇ ਪਰਿਵਾਰ ਉਹਨਾਂ ਤੋਂ ਉਹਨਾਂ ਲੋਕਾਂ ਨਾਲ ਵਿਆਹ ਕਰਨ ਦੀ ਉਮੀਦ ਰੱਖਦੇ ਹਨ ਜਿਹਨਾਂ ਦਾ ਆਖਰੀ ਨਾਮ ਇੱਕੋ ਜਿਹਾ ਹੈ, ਪਿਛਲੇ ਕੁਝ ਸਾਲਾਂ ਵਿੱਚ, ਮੈਂ ਇਸ ਬਾਰੇ ਬਹੁਤ ਕੁਝ ਸੁਣਿਆ ਹੈ ਕਿ ਕਿਵੇਂ ਜਾਤ ਨੌਕਰੀ ਦੀਆਂ ਇੰਟਰਵਿਊਆਂ ਵਿੱਚ ਇੱਕ ਮੁੱਦੇ ਵਜੋਂ ਉਭਰ ਸਕਦੀ ਹੈ, ਖਾਸ ਕਰਕੇ ਤਕਨੀਕੀ ਸੰਸਾਰ ਵਿੱਚ।

**ਤੁਸੀਂ ਯੂ.ਐਸ. ਵਿੱਚ ਜਾਤ-ਪਾਤ ਨੂੰ ਕਿਵੇਂ ਦੇਖਿਆ ਹੈ?**

ਵਹਾਬ: ਤੁਸੀਂ ਇਸਨੂੰ ਭਰਤੀ ਪ੍ਰਕਿਰਿਆ ਦੇ ਨਾਲ-ਨਾਲ ਸਿੱਖਿਆ, ਸਿਹਤ ਦੇਖਭਾਲ ਅਤੇ ਰਿਹਾਇਸ਼ੀ ਸੰਸਾਰਾਂ ਵਿੱਚ ਦੇਖਦੇ ਹੋ। ਮਕਾਨ ਮਾਲਕ ਕਈ ਵਾਰ ਨੀਵੀਂ ਜਾਤ ਦੇ ਲੋਕਾਂ ਨੂੰ ਕਿਰਾਏ ’ਤੇ ਨਹੀਂ ਦਿੰਦੇ ਹਨ। ਵਿਤਕਰਾ ਬਹੁਤ ਸਾਰੇ ਵੱਖ-ਵੱਖ ਉਦਯੋਗਾਂ ਵਿੱਚ ਹੋ ਰਿਹਾ ਹੈ। ਇਹ ਪਛਾਣਨਾ ਅਤੇ ਸਮਝਾਉਣਾ ਔਖਾ ਹੈ ਕਿ ਜਦੋਂ ਇਹ ਮੁੱਖ ਧਾਰਾ ਸਮੂਹਾਂ ਵਿੱਚੋਂ ਇੱਕ ਨਹੀਂ ਹੈ ਜਿਸ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।ਤੁਹਾਡਾ ਕਾਨੂੰਨ ਜਾਤ-ਆਧਾਰਿਤ ਵਿਤਕਰੇ ਨੂੰ ਕਿਵੇਂ ਹੱਲ ਕਰੇਗਾ?

ਇਹ ਵੱਡੇ ਪੱਧਰ ’ਤੇ ਮੰਨਿਆ ਜਾਂਦਾ ਹੈ ਕਿ ਕੈਲੀਫੋਰਨੀਆ ਦਾ ਨਾਗਰਿਕ ਅਧਿਕਾਰ ਕਾਨੂੰਨ ਕੁਝ ਹੱਦ ਤੱਕ ਜਾਤ ਨੂੰ ਕਵਰ ਕਰਦਾ ਹੈ, ਕਿਉਂਕਿ ਕੁਝ ਲੋਕ ਇਸ ਨੂੰ ਵੰਸ਼ ਜਾਂ ਨਸਲ ਦੇ ਸੰਕਲਪ ਦੇ ਅਧੀਨ ਰੱਖਦੇ ਹਨ। ਪਰ ਜਾਤ ਬਹੁਤ ਖਾਸ ਹੈ; ਇਹ ਸਿਰਫ਼ ਉਨ੍ਹਾਂ ਦੋ ਕਾਰਕਾਂ ਤੋਂ ਵੱਧ ਸ਼ਾਮਲ ਹੈ। ਅਸੀਂ ਸਿਰਫ਼ ਇੱਕ ਵਿਅਕਤੀ ਦੀ ਜਾਤ ਦੇ ਆਧਾਰ ’ਤੇ ਵਿਤਕਰੇ ਦੇ ਵਿਰੁੱਧ ਸੁਰੱਖਿਆ ਨੂੰ ਸਪੱਸ਼ਟ ਤੌਰ ’ਤੇ ਸ਼ਾਮਲ ਕਰਨ ਲਈ ਕਾਨੂੰਨ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਜਿਸ ਨੂੰ ਅਸੀਂ ਸਮਾਜਿਕ ਪੱਧਰੀਕਰਨ ਦੀ ਇੱਕ ਪ੍ਰਣਾਲੀ ਵਜੋਂ ਪਰਿਭਾਸ਼ਿਤ ਕਰਦੇ ਹਾਂ, ਜਿਸ ਵਿੱਚ ਲੋਕ ਵਿਰਾਸਤੀ ਸਥਿਤੀ, ਸਮਾਜਿਕ ਰੁਕਾਵਟਾਂ ਅਤੇ ਵੱਖ-ਵੱਖ ਰੂਪਾਂ ਦੁਆਰਾ ਵਿਸ਼ੇਸ਼ਤਾ ਰੱਖਦੇ ਹਨ।

**ਤੁਸੀਂ ਆਪਣੇ ਹੀ ਹਲਕਿਆਂ ਤੋਂ ਕੀ ਸੁਣ ਰਹੇ ਹੋ? ਕੀ ਕੋਈ ਖਾਸ ਘਟਨਾ ਸੀ ਜੋ ਇਸ ਕਾਨੂੰਨ ਦੀ ਜ਼ਰੂਰੀਤਾ ਨੂੰ ਦਰਸਾਉਂਦੀ ਸੀ?**

ਵਹਾਬ: ਮੇਰੇ ਹਲਕਿਆਂ ਦੇ ਲੋਕਾਂ ਨੇ ਮੇਰੇ ਨਾਲ ਰਿਹਾਇਸ਼ ਅਤੇ ਸਿੱਖਿਆ ਵਿੱਚ ਜਾਤੀ ਅਧਾਰਤ ਵਿਤਕਰੇ ਬਾਰੇ ਗੱਲ ਕੀਤੀ ਹੈ। ਕਈ ਦਲਿਤ ਔਰਤਾਂ ਨੇ ਬੋਲਣ ’ਤੇ ਜਾਨੋਂ ਮਾਰਨ ਅਤੇ ਬਲਾਤਕਾਰ ਦੀਆਂ ਧਮਕੀਆਂ ਮਿਲਣ ਦੀ ਗੱਲ ਕਹੀ ਹੈ।

**ਕੀ ਤੁਹਾਨੂੰ ਨਹੀਂ ਲੱਗਦਾ ਕਿ ਇੱਕ ਭਾਰਤੀ ਅਮਰੀਕੀ ਨੂੰ ਇਹ ਵਿਸ਼ੇਸ਼ ਬਿੱਲ ਲੈਣਾ ਚਾਹੀਦਾ ਹੈ?**

ਵਹਾਬ: ਇੱਕ ਵਿਅਕਤੀ ਵਜੋਂ ਜੋ ਨਾਗਰਿਕ ਅਤੇ ਮਨੁੱਖੀ ਅਧਿਕਾਰਾਂ ਦੀ ਪਰਵਾਹ ਕਰਦਾ ਹੈ, ਜੇਕਰ ਤੁਸੀਂ ਕੁਝ ਗਲਤ ਦੇਖਦੇ ਹੋ, ਤਾਂ ਤੁਸੀਂ ਇਸਨੂੰ ਠੀਕ ਕਰੋ। ਅਜਿਹਾ ਕਰਨ ਲਈ ਤੁਹਾਨੂੰ ਕਿਸੇ ਖਾਸ ਭਾਈਚਾਰੇ ਦੇ ਹੋਣ ਦੀ ਲੋੜ ਨਹੀਂ ਹੈ।

**ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਤੁਹਾਨੂੰ ਅਤੇ ਤੁਹਾਡੇ ਸਟਾਫ ਨੂੰ ਕਿਸ ਕਿਸਮ ਦੀਆਂ ਧਮਕੀਆਂ ਅਤੇ ਪਰੇਸ਼ਾਨੀਆਂ ਮਿਲੀਆਂ ਹਨ?**

ਵਹਾਬ: ਮੇਰਾ ਆਖਰੀ ਨਾਮ ਵਹਾਬ ਹੈ, ਇਸ ਲਈ ਉਹ ਇਸਨੂੰ ਵਹਾਬਵਾਦ ਨਾਲ ਜੋੜਨਾ ਪਸੰਦ ਕਰਦੇ ਹਨ, ਜਾਂ ਮੈਨੂੰ ਜੇਹਾਦੀ ਜਾਂ ਤਾਲਿਬਾਨੀ ਕਹਿੰਦੇ ਹਨ। ਮੂਲ ਰੂਪ ਵਿੱਚ, ਹਰ ਨਸਲੀ ਗਾਲ ਦਿੱਤੀ ਜਾਂਦੀ ਹੈ। ਮੇਰੇ ਦਫ਼ਤਰ ਨੂੰ ਬਹੁਤ ਸਾਰੀਆਂ ਹਿੰਸਕ ਧਮਕੀਆਂ ਮਿਲੀਆਂ ਹਨ। ਬਿੱਲ ਪੇਸ਼ ਕਰਨ ਦੇ ਪਹਿਲੇ 24 ਘੰਟਿਆਂ ਦੇ ਅੰਦਰ, ਸੈਨੇਟ ਨੂੰ ਕਾਨੂੰਨ ਦੇ ਵਿਰੋਧ ਅਤੇ ਸਮਰਥਨ ਵਿੱਚ ਸੈਂਕੜੇ ਈਮੇਲਾਂ ਪ੍ਰਾਪਤ ਹੋਈਆਂ। ਕੁਝ ਲੋਕ ਜੋ ਬਹੁਤ ਜ਼ਿਆਦਾ ਮਹਿਸੂਸ ਕਰਦੇ ਸਨ ਸਾਡੇ ਜ਼ਿਲ੍ਹਾ ਦਫ਼ਤਰ ਵਿੱਚ ਆਏ ਅਤੇ ਮੁਗਲ ਸਾਮਰਾਜ, ਜੋ ਕਿ ਕਈ ਸੌ ਸਾਲ ਪੁਰਾਣਾ ਹੈ, ਬਾਰੇ ਗੱਲ ਕਰਕੇ ਸਾਡੇ ਸਟਾਫ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਸੈਂਕੜੇ ਸਾਲ ਪਹਿਲਾਂ ਵਿਦੇਸ਼ਾਂ ਵਿੱਚ ਵਾਪਰੀ ਕਿਸੇ ਵੀ ਚੀਜ਼ ’ਤੇ ਕਿਸੇ ਕਿਸਮ ਦੇ ਵਿਤਕਰੇ ਨੂੰ ਆਧਾਰ ਬਣਾਉਣ ਲਈ ਇਸ ਦੇਸ਼ ਵਿੱਚ ਕੋਈ ਥਾਂ ਨਹੀਂ ਹੈ।ਸਾਡੇ ਕੋਲ ਕਈ ਲੋਕ ਵੱਖ-ਵੱਖ ਪੱਧਰਾਂ ਦੇ ਗੁੱਸੇ ਨਾਲ ਦਫਤਰ ਵਿੱਚ ਆਏ ਹਨ। ਬਹੁਤ ਜ਼ਿਆਦਾ ਜੁਝਾਰੂ ਰਹੇ ਹਨ - ਚੀਕਣਾ, ਚੀਕਣਾ ਅਤੇ ਸਟਾਫ ਨਾਲ ਬਹੁਤ ਜ਼ੁਬਾਨੀ ਦੁਰਵਿਵਹਾਰ ਕਰਨਾ।

ਲੋਕਾਂ ਨੇ ਕੈਲੀਫੋਰਨੀਆ ਦੀ ਸੈਨੇਟ, ਵਿਧਾਨਿਕ ਨੈਤਿਕਤਾ ਬਾਰੇ ਸੈਨੇਟ ਕਮੇਟੀ, ਸੈਨੇਟ ਦੇ ਸਕੱਤਰ, ਕੈਲੀਫੋਰਨੀਆ ਦੇ ਨਿਰਪੱਖ ਰਾਜਨੀਤਿਕ ਅਭਿਆਸ ਕਮਿਸ਼ਨ ਅਤੇ ਗਵਰਨਰ ਦੇ ਦਫਤਰ ਕੋਲ ਰਸਮੀ ਸ਼ਿਕਾਇਤਾਂ ਦਾਇਰ ਕੀਤੀਆਂ। ਇਹ ਸਿਰਫ਼ ਸਾਨੂੰ ਬਿੱਲ ’ਤੇ ਧਿਆਨ ਕੇਂਦਰਿਤ ਕਰਨ ਤੋਂ ਰੋਕਣ ਲਈ ਹਨ। ਇਹ ਇੱਕ ਭਟਕਣਾ ਹੈ. ਅਸੀਂ ਕਿਸੇ ਵੀ ਜਾਂਚ ਦੀ ਪਾਲਣਾ ਕਰਾਂਗੇ ਸਾਡੇ ਲਈ ਲੁਕਾਉਣ ਲਈ ਕੁਝ ਵੀ ਨਹੀਂ ਹੈ।

ਅੰਤਰਰਾਸ਼ਟਰੀ ਭਾਈਚਾਰੇ ਵੀ ਇਸ ਬਿੱਲ ਨੂੰ ਦੇਖ ਰਹੇ ਹਨ। ਕੁਝ, ਸਾਬਕਾ ਭਾਰਤੀ ਕਰਨਲ ਸਮੇਤ, ਨਿਊਜ਼ ਪੈਨਲਾਂ ’ਤੇ ਦਿਖਾਈ ਦਿੱਤੇ। ਭਾਰਤ (ਬਾਕੀ ਸਫ਼ਾ 30 ’ਤੇ)

# ਬਰਤਾਨੀਆ ਵਿੱਚ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਸਲਵਾਦੀ ਘਟਨਾਵਾਂ ’ਚ ਵਾਧਾ

- ➢ ਹਰ ਮਹੀਨੇ ਭਾਰਤੀਆਂ ਵਿਰੁੱਧ 1 ਹਜ਼ਾਰ ਨਫ਼ਰਤੀ ਅਪਰਾਧ ਵਧੇ, ਪਿਛਲੇ ਸਾਲ ਨਾਲੋਂ 26% ਹੋਇਆ ਵਾਧਾ
- ➢ ਮਾਰਚ 2022 ਤੋਂ ਮਾਰਚ 2023 ਤੱਕ ਭਾਰਤੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ 58,557 ਮਾਮਲੇ ਸਾਹਮਣੇ ਆਏ




ਲੰਡਨ: ਰਿਸ਼ੀ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਦਾ ਜ਼ਿਆਦਾਤਰ ਭਾਈਚਾਰਿਆਂ ਨੇ ਸਵਾਗਤ ਕੀਤਾ ਸੀ ਪਰ ਗੋਰੇ ਕੱਟੜਪੰਥੀ ਅਜੇ ਵੀ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਦੇ ਖਿਲਾਫ ਹਨ। ਨਸਲਵਾਦੀ ਪੱਖੀ ਬ੍ਰਿਟਿਸ਼ ਸਮੂਹਾਂ ਦਾ ਮੰਨਣਾ ਹੈ ਕਿ ਗੈਰ ਗੋਰੇ ਯੂਕੇ ਵਿੱਚ ਮਜ਼ਬੂਤ ?ਹੋ ਰਹੇ ਹਨ। ਇਹੀ ਕਾਰਨ ਹੈ ਕਿ ਭਾਰਤੀਆਂ ਵਿਰੁੱਧ ਨਫ਼ਰਤੀ ਅਪਰਾਧ ਵਧ ਰਹੇ ਹਨ। ਬ੍ਰਿਟਿਸ਼ ਪੁਲਿਸ ਅਨੁਸਾਰ ਮਾਰਚ 2022 ਤੋਂ ਮਾਰਚ 2023 ਤੱਕ ਭਾਰਤੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਸੰਬੰਧੀ 58,557 ਮਾਮਲੇ ਸਾਹਮਣੇ ਆਏ ਸਨ।ਰਿਸ਼ੀ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਭਾਵ ਮਾਰਚ 2022 ਤੋਂ ਅਕਤੂਬਰ 2022 ਤੱਕ, ਅੱਠ ਮਹੀਨਿਆਂ ਵਿੱਚ ਭਾਰਤੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ 32,789 ਮਾਮਲੇ ਸਨ, ਯਾਨੀ ਹਰ ਮਹੀਨੇ ਲਗਭਗ ਚਾਰ ਹਜ਼ਾਰ ਮਾਮਲੇ ਸਾਹਮਣੇ ਆਏ ਸਨ। ਜਦੋਂ ਕਿ ਸੁਨਕ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਅਕਤੂਬਰ 2022 ਤੋਂ ਮਾਰਚ 2023 ਤੱਕ ਦੇ 5 ਮਹੀਨਿਆਂ ਵਿੱਚ 25,768 ਕੇਸ ਆਏ, ਯਾਨੀ ਹਰ ਮਹੀਨੇ ਪੰਜ ਹਜ਼ਾਰ ਕੇਸ। ਵੈਸੇ, ਬ੍ਰਿਟੇਨ ਵਿੱਚ ਨਸਲੀ ਭਾਈਚਾਰਿਆਂ ਵਿਰੁੱਧ ਨਫ਼ਰਤ ਦੇ ਅਪਰਾਧਾਂ ਦੇ ਕੁੱਲ 1,08,833 ਮਾਮਲੇ ਸਾਹਮਣੇ ਆਏ ਸਨ। ਇਹ ਪਿਛਲੇ ਸਾਲ ਨਾਲੋਂ 26% ਵੱਧ ਹਨ।ਵੇਲਜ਼ ਸਰਕਾਰ ਨੇ ਨਫ਼ਰਤੀ ਅਪਰਾਧਾਂ ਨੂੰ ਰੋਕਣ ਲਈ ਇੱਕ ਵੱਡੀ ਮੁਹਿੰਮ ਸ਼ੁਰੂ ਕੀਤੀ ਸੀ। ਇੱਥੇ ਨਫ਼ਰਤ ਵਿਰੋਧੀ ਅਪਰਾਧ ਨੂੰ ਕੰਟਰੋਲ ਕਰਨ ਸੰਬੰਧੀ ਸਿਖਲਾਈ ਲਈ ਇੱਕ ਵੱਖਰਾ ਫ਼ੰਡ ਸਥਾਪਤ ਕੀਤਾ ਗਿਆ ਹੈ। ਇਸ ਰਾਹੀਂ ਸਰਕਾਰ ਮਕਾਨ ਮਾਲਕਾਂ ਨੂੰ ਨਫ਼ਰਤੀ ਅਪਰਾਧਾਂ ਨਾਲ ਨਜਿੱਠਣ ਲਈ ਸਿਖਲਾਈ ਦੇਵੇਗੀ। ਬ੍ਰਿਟਿਸ਼ ਸਰਕਾਰ ਨੇ ਅਜੇ ਤੱਕ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਹੈ।ਬ੍ਰਿਟੇਨ ਦੀ ਗ੍ਰਹਿ ਮੰਤਰੀ ਭਾਰਤੀ ਮੂਲ ਦੀ ਸੁਏਲਾ ਬ੍ਰੇਵਰਮੈਨ ਹੈ। ਇਸ ਦੇ ਬਾਵਜੂਦ ਭਾਰਤੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ ਮਾਮਲੇ ਰੁਕੇ ਨਹੀਂ ਹਨ। ਇਸ ਦਾ ਵੱਡਾ ਕਾਰਨ ਕੰਜ਼ਰਵੇਟਿਵ ਪਾਰਟੀ ਵੱਲੋਂ ਪ੍ਰਵਾਸੀਆਂ ਵਿਰੁੱਧ ਸ਼ੁਰੂ ਕੀਤੀਆਂ ਸਖ਼ਤ ਨੀਤੀਆਂ ਤੇ ਮੁਹਿੰਮ ਹੈ। ਸਰਕਾਰ ਵੱਲੋਂ ਬ੍ਰੈਗਜ਼ਿਟ ਦੇ ਸਮਰਥਨ ਕਾਰਨ ਪ੍ਰਵਾਸੀਆਂ ਨੂੰ ਇੱਥੇ ਆਸਾਨੀ ਨਾਲ ਵਸਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ। ਇਸ ਨਾਲ ਗੋਰੇ ਨਸਲਵਾਦੀ ਭਾਰਤੀਆਂ ਸਮੇਤ ਹੋਰ ਏਸ਼ੀਆਈ ਲੋਕਾਂ ਦਾ ਵਿਰੋਧ ਕਰ ਰਹੇ ਹਨ।

ਵੱਕਾਰੀ ਬ੍ਰਿਟਿਸ਼ ਸੰਸਥਾ ਇਪਸੋ ਦੇ ਇੱਕ ਸਰਵੇਖਣ ਅਨੁਸਾਰ, 8 ਪ੍ਰਤੀਸ਼ਤ ਗੋਰੇ ਕੱਟੜਪੰਥੀ ਅਜੇ ਵੀ ਮੰਨਦੇ ਹਨ ਕਿ ਅਸਲ ਵਿੱਚ ਬ੍ਰਿਟਿਸ਼ ਬਣਨ ਲਈ ਗੋਰਾ ਹੋਣਾ ਜ਼ਰੂਰੀ ਹੈ। 9 ਫੀਸਦੀ ਦਾ ਮੰਨਣਾ ਹੈ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਵਜੋਂ ਕਿਸੇ ਗੈਰ ਗੋਰੇ ਦਾ ਹੋਣਾ ਉਨ੍ਹਾਂ ਦੇ ਅਨੁਕੂਲ ਨਹੀਂ ਹੈ।

ਦਰਪਣ ਝੂਠ ਨਹੀਂ ਬੋਲਦਾ

# ਫ਼ਿਰਕੂਆਂ ਦੇ ਡਰ ਤੋਂ ਪਾਕਿ ਨਹੀਂ ਲਗਾ ਰਿਹਾ ਲਾਹੌਰ ਕਿਲ੍ਹੇ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

## ਅੰਗਰੇਜ਼ ਜਾਸੂਸ ਬਰਨਜ਼ ਨੇ ਲਿਖਿਆ ਸੀ ਕਿ ਮਹਾਰਾਜਾ ਫ਼ਿਰਕਾਪ੍ਰਸਤੀ, ਐਸ਼ਪ੍ਰਸਤੀ, ਦਿਖਾਵੇ ਤੋਂ ਦੂਰ ਯੋਗ ਸ਼ਾਸਕ ਸੀ

ਲਾਹੌਰ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ 'ਚ ਤਬਦੀਲ ਕੀਤੀ ਜਾ ਚੁਕੀ ਰਾਣੀ ਜਿੰਦ ਕੌਰ ਦੀ ਹਵੇਲੀ ਦੇ ਬਾਹਰ ਸਥਾਪਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਆਦਮ-ਕੱਦ ਬੁੱਤ ਨੂੰ ਪਾਕਿਸਤਾਨੀ ਕੱਟੜਪੰਥੀ ਸੰਗਠਨਾਂ ਦੇ ਡਰ ਕਾਰਨ ਕਿਲ੍ਹੇ ਵਿੱਚ ਮੁੜ ਤੋਂ ਸਥਾਪਤ ਨਹੀਂ ਕੀਤਾ ਗਿਆ। ਸ਼ਾਹੀ ਕਿਲ੍ਹੇ ਦੇ ਇਕ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਪਾਕਿ ਦੇ ਮੌਲਾਨਾ ਖ਼ਾਦਮ ਹੁਸੈਨ ਰਿਜ਼ਵੀ (ਸਵ.) ਦੇ ਕੱਟੜਪੰਥੀ ਸੰਗਠਨ ਪਾਕਿਸਤਾਨ ਤਹਿਰੀਕ-ਏ-ਲੈਬਬੈਕ (ਪੀ.ਟੀ.ਐਲ.) ਵਲੋਂ ਉਕਤ ਬੁੱਤ ਦੇ ਲਾਹੌਰ 'ਚ ਲਗਾਏ ਜਾਣ 'ਤੇ ਜਨਤਕ ਤੌਰ 'ਤੇ ਇਤਰਾਜ਼ ਜਤਾਏ ਜਾਣ ਕਰਕੇ ਮੁਰੰਮਤ ਕੀਤੇ ਜਾਣ ਦੇ ਬਾਵਜੂਦ ਇਸ ਬੁੱਤ ਨੂੰ ਕਿਲ੍ਹੇ ਵਿੱਚ ਪਹਿਲਾਂ ਵਾਲੀ ਜਗ੍ਹਾ 'ਤੇ ਨਹੀਂ ਲਗਾਇਆ ਜਾ ਸਕਿਆ ਹੈ।ਦੱਸਿਆ ਜਾ ਰਿਹਾ ਹੈ ਕਿ ਪੀ.ਟੀ.ਐਲ. ਦੇ ਕਾਰਕੁਨਾਂ ਵਲੋਂ ਲਗਾਤਾਰ ਤਿੰਨ ਵਾਰ ਉਕਤ ਬੁੱਤ ਦੀ ਭੰਨਤੋੜ ਕੀਤੀ ਜਾ ਚੁਕੀ ਹੈ। ਬੁੱਤ ਦੀ ਤੀਜੀ ਵਾਰ ਕੀਤੀ ਗਈ ਭੰਨਤੋੜ ਤੋਂ ਬਾਅਦ ਭਾਵੇਂ ਕਿ ਉਕਤ ਬੁੱਤ ਦੀ ਮੁਰੰਮਤ







ਦਾ ਕੰਮ ਲਗਭਗ ਦੋ ਸਾਲ ਪਹਿਲਾਂ ਮੁਕੰਮਲ ਕੀਤਾ ਜਾ ਚੁੱਕਿਆ ਹੈ ਪਰ ਇਸ ਦੇ ਬਾਵਜੂਦ ਪਾਕਿ ਸਰਕਾਰ ਦੇ ਸੰਬੰਧਿਤ ਵਿਭਾਗ ਬੁੱਤ ਨੂੰ ਲਾਹੌਰ ਕਿਲ੍ਹੇ ਵਿੱਚ ਸੁਰੱਖਿਆ ਮੁਹੱਈਆ ਕਰਾਉਣ ਵਿੱਚ ਅਸਮਰਥਾ ਜਤਾ ਰਹੇ ਹਨ।ਦੱਸਿਆ ਜਾ ਰਿਹਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਇਹ ਬੁੱਤ ਲਗਾਏ ਜਾਣ ਦੇ ਬਾਅਦ ਪੀ.ਟੀ.ਐਲ. ਨਾਲ ਜੁੜੇ ਦੋ ਵਿਅਕਤੀਆਂ ਅਦਨਾਨ ਮੁ਼ਗਲ ਅਤੇ ਅਸਦ ਨੇ ਹਮਲਾ ਕਰਕੇ ਉਕਤ ਬੁੱਤ ਦੀ ਬਾਂਹ ਅਤੇ ਮਹਾਰਾਜਾ ਦੇ ਹੱਥ ਵਿੱਚ ਫੜ੍ਹੀ ਕਮਾਨ ਤੋੜ ਦਿੱਤੀ ਸੀ। ਇਸ ਦੇ ਕੁਝ ਮਹੀਨਿਆਂ ਬਾਅਦ ਜ਼ਹੀਰ ਨਾਂਅ ਦੇ ਲਾਹੌਰ ਦੇ ਇੱਕ ਹੋਰ ਨੌਜਵਾਨ ਨੇ ਹਮਲਾ ਕਰਕੇ ਉਕਤ ਬੁੱਤ ਦੀ ਬਾਹ ਅਤੇ ਹੋਰ ਹਿੱਸੇ ਤੋੜ ਕੇ ਵੱਖ ਕਰ ਦਿੱਤੇ। ਇਸ ਦੇ ਬਾਅਦ ਤੀਜੀ ਵਾਰ ਪੀ.ਟੀ.ਐਲ. ਦੇ ਕਾਰਕੁਨ ਰਿਜ਼ਵਾਨ ਅਸ਼ਰਫ਼ ਵਲੋਂ ਹਮਲਾ ਕਰਕੇ ਮਹਾਰਾਜਾ ਦਾ ਬੁੱਤ ਪੂਰੀ ਤਰ੍ਹਾਂ ਨਾਲ ਤੋੜ ਦਿੱਤਾ ਗਿਆ ਸੀ।ਵਿਸ਼ਵ ਭਰ ਦੇ ਸਿੱਖਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਪਾਕਿਸਤਾਨ ਸਰਕਾਰ ਦੁਬਾਰਾ ਮਹਾਰਾਜਾ ਰਣਜੀਤ ਸਿੰਘ ਦਾ ਬੁਤ ਲਗਾਵੇ।ਕਿਉਂਕਿ ਉਸਨੇ ਵਿਸ਼ਵ ਦੇ ਲਈ ਮਨੁੱਖਤਾ ਪੱਖੀ ਰਾਜ ਮਾਡਲ ਉਸਾਰਿਆ ਸੀ ,ਜਿਥੇ ਕਿ ਹਰੇਕ ਨੂੰ ਇਨਸਾਫ ਮਿਲਦਾ ਸੀ।ਉਸ ਦੇ ਰਾਜ ਵਿੱਚ ਮੁਸਲਮਾਨ, ਹਿੰਦੂ, ਸਿੱਖ ਅਤੇ ਯੂਰਪੀਅਨ ਉਨ੍ਹਾਂ ਦੀ ਆਧੁਨਿਕ ਫ਼ੌਜ ਅਤੇ ਪ੍ਰਸ਼ਾਸਨ ਵਿੱਚ ਸ਼ਾਮਲ ਸਨ। ਉਨ੍ਹਾਂ ਦੀ ਅਗਵਾਈ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤਾ ਗਿਆ, ਵਪਾਰ ਖੁੱਲ੍ਹਿਆ ਅਤੇ ਰਾਜ ਦਾ ਫੈਲਾਅ ਹੋਇਆ। ਅੰਗਰੇਜ਼ ਜਸੂਸ ਬਰਨਜ਼ ਨੇ ਰਾਜ ਪ੍ਰਬੰਧ ਵਿੱਚ ਮੁਹਾਰਤ ਰੱਖਣ ਵਾਲੇ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖਿਆ ਹੈ, " ਮਹਾਰਾਜਾ ਫਿਰਕਾਪ੍ਰਸਤੀ, ਐਸ਼ਪ੍ਰਸਤੀ, ਦਿਖਾਵੇ ਤੋਂ ਕਿਤੇ ਦੂਰ ਸੀ,ਪਰ ਦਰਬਾਰ ਵਿੱਚ ਉਨ੍ਹਾਂ ਦਾ ਦਬਦਬਾ ਕਾਇਮ ਸੀ। ਮੈਂ ਕਿਸੇ ਏਸ਼ੀਆਈ ਨਾਗਰਿਕ ਤੋਂ ਇੰਨ੍ਹਾ ਪ੍ਰਭਾਵਿਤ ਨਹੀਂ ਹੋਇਆ ਸੀ, ਜਿੰਨ੍ਹਾਂ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਹੋਇਆ ਸੀ। ਉਹ ਨਾ ਤਾਂ ਪੜ੍ਹੇ ਲਿਖੇ ਸਨ ਅਤੇ ਨਾ ਹੀ ਉਨ੍ਹਾਂ ਕੋਲ ਕਿਸੇ ਦਾ ਮਾਰਗਦਰਸ਼ਨ ਸੀ, ਪਰ ਸ਼ਾਸਨ ਪ੍ਰਬੰਧ ਦੇ ਮਾਮਲਿਆਂ ਵਿੱਚ ਉਨ੍ਹਾਂ ਦੀ ਅਦਭੁਤ ਮੁਹਾਰਤ ਹੈ। ਉਹ ਇਸ ਕੰਮ ਨੂੰ ਬਹੁਤ ਹੀ ਸਮਝਦਾਰੀ ਅਤੇ ਫੁਰਤੀ ਨਾਲ ਨਜਿੱਠਦੇ ਹਨ।"

# ਹੋਂਦ ਚਿੱਲੜ ਵਿਖੇ ਹੋਈ ਸਿੱਖ ਨਸਲਕੁਸ਼ੀ ਦੇ 39 ਸਾਲਾਂ ਬਾਅਦ ਵੀ ਸ਼ਹੀਦੀ ਯਾਦਗਾਰ ਨਾ ਉਸਾਰ ਸਕੀ ਸ਼੍ਰੋਮਣੀ ਕਮੇਟੀ



ਬੀਤ ਚੁੱਕੇ 39 ਕੁ ਵਰ੍ਹੇ ਪਹਿਲਾਂ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ ਦੀ ਤਹਿਸੀਲ ਪਟੌਦੀ ਦੇ ਪਿੰਡ ਹੋਂਦ ਚਿੱਲੜ ਵਿਖੇ ਦਰਿੰਦਿਆਂ ਦੀ ਭੜਕੀ ਭੀੜ ਵਲੋਂ ਪਿੰਡ ਅੰਦਰ ਦਾਖ਼ਲ ਹੋ ਕੇ ਲਗਪਗ 18 ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਮਾਸੂਮ ਬੱਚਿਆਂ ਸਮੇਤ ਬੇਰਹਿਮੀ ਨਾਲ ਜ਼ਖਮੀ ਕਰਨ ਤੋਂ ਬਾਅਦ ਇਕ ਖੂਹ ਵਿੱਚ ਸੁੱਟ ਕੇ ਮਿੱਟੀ ਦਾ ਤੇਲ ਪਾ ਕੇ ਸਾੜਨ ਦੀ ਦਰਦਨਾਕ ਦਾਸਤਾਨ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਾਇਲ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਨੇ ਜੱਗ-ਜ਼ਾਹਰ ਕੀਤਾ ਸੀ। ਇਸ ਤੋਂ ਇਲਾਵਾ ਦਰਿੰਦਿਆਂ ਵਲੋਂ ਗੁੜਗਾਉਂ ਪਟੌਦੀ ਅਤੇ ਰਿਵਾੜੀ ਵਿਖੇ 47 ਸਿੱਖਾਂ ਨੂੰ ਕੋਹ-ਕੋਹ ਕੇ ਮੌਤ ਦੇ ਹਵਾਲੇ ਕਰ ਦਿੱਤਾ ਗਿਆ ਸੀ। ਇੰਜ. ਗਿਆਸਪੁਰਾ ਵਲੋਂ ਕੇਸਾਂ ਦੀ ਪੈਰਵਾਈ ਕਰਨ ਤੋਂ ਬਾਅਦ ਹਰਿਆਣਾ ਸਰਕਾਰ ਵਲੋਂ ਇਸ ਕਤਲੇਆਮ ਦੌਰਾਨ ਜਾਨਾਂ ਗੁਆ ਚੁੱਕੇ ਜੀਆਂ ਦੇ ਪਰਿਵਾਰਾਂ ਨੂੰ ਭਾਵੇਂ ਮੁਆਵਜ਼ਾ ਮਿਲਣ ਤੋਂ ਬਾਅਦ ਉਨ੍ਹਾਂ ਦੇ ਜ਼ਖ਼ਮਾਂ 'ਤੇ ਕੁਝ ਮੱਲ੍ਹਮ ਤਾਂ ਲੱਗੀ ਪਰ ਦੋਸ਼ੀਆਂ ਨੂੰ ਸਜ਼ਾਵਾਂ ਲਈ ਅਦਾਲਤਾਂ ਦੇ ਇਨਸਾਫ਼ ਨੂੰ ਉਡੀਕਦੇ-ਉਡੀਕਦੇ ਕਈ ਗਵਾਹ ਵੀ ਇਸ ਸੰਸਾਰ ਤੋਂ ਕੂਚ ਕਰ ਗਏ ਸਨ।ਸੰਨ 2011 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਉਸ ਜਗ੍ਹਾ 'ਤੇ ਜਾ ਕੇ ਸ਼ਹੀਦੀ ਯਾਦਗਾਰ ਵਜੋਂ ਨੀਂਹ ਪੱਥਰ ਵੀ ਰੱਖਿਆ ਗਿਆ। ਸਮੇਂ ਦੀਆਂ ਫੇਟਾਂ ਅਤੇ ਤਿੱਖੜ ਦੁਪਹਿਰੇ ਸੰਘਰਸ਼ ਦੀ ਲੰਬੀ ਦਾਸਤਾਨ ਲਿਖਣ ਵਾਲੇ ਸਿੱਖ ਪਰਿਵਾਰਾਂ ਨੇ ਆਖਿਆ ਕਿ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਿਵਾਏ ਸਿਰਫ਼ ਲਾਰਿਆਂ ਦੇ ਉੱਥੇ ਸ਼ਹੀਦੀ ਯਾਦਗਾਰ ਵਜੋਂ ਅੱਜ ਤੱਕ ਇਕ ਇੱਟ ਵੀ ਨਹੀਂ ਲੱਗ ਸਕੀ ਅਤੇ ਜਥੇਦਾਰ ਸਾਹਿਬ ਵਲੋਂ ਰੱਖਿਆ ਨੀਂਹ ਪੱਥਰ ਵੀ ਸ਼ਹੀਦਾਂ ਨਾਲ ਮਜ਼ਾਕ ਬਣ ਕੇ ਰਹਿ ਗਿਆ। ਜਦ ਕਿ ਇਹ ਯਾਦਗਾਰ ਉਸਾਰਨਾ ਸ੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਸੀ।ਸਿੱਖ ਕਤਲੇਆਮ ਦਾ ਸੰਤਾਪ ਹੰਢਾ ਰਹੀ ਅਤੇ

(ਬਾਕੀ ਸਫ਼ਾ 30 'ਤੇ)

# ਹਿੰਦੂਤਵੀ ਸੰਗਠਨਾਂ ਦੇ ਨ਼ਫਰਤੀ ਭਾਸ਼ਣਾਂ ਵਿਰੁੱਧ ਸੁਪਰੀਮ ਕੋਰਟ ਦੀ ਢਿੱਲੀ ਕਾਰਵਾਈ ਕਿਉਂ ?

## ਸੁਪਰੀਮ ਕੋਰਟ ਨੇ ਕਿਹਾ ਸੀ ਕਿ 'ਪਾਕਿਸਤਾਨ ਚਲੇ ਜਾਓ' ਜਿਹੀਆਂ ਟਿੱਪਣੀਆਂ ਦੇਸ਼ ਲਈ ਨੁਕਸਾਨਦੇਹ

ਹਿੰਦੂਤਵੀ ਸੰਗਠਨਾਂ ਦੇ ਆਗੂਆਂ ਤੇ ਧਰਮ ਦੇ ਠੇਕੇਦਾਰਾਂ ਵੱਲੋਂ ਨਫਰਤੀ ਭਾਸ਼ਣਾਂ ਦੀਆਂ ਕਾਰਵਾਈਆਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਜਦੋਂ ਵੀ ਕੋਈ ਚੋਣ ਨੇੜੇ ਆਉਂਦੀ ਹੈ ਤਾਂ ਇਹ ਸਿਲਸਿਲਾ ਹੋਰ ਤੇਜ਼ ਹੋ ਜਾਂਦਾ ਹੈ। ਪੁਲਿਸ ਸਿਸਟਮ ਬੋਨਾ ਸਾਬਤ ਹੋ ਜਾਂਦਾ ਹੈ।



ਬੀਤੇ ਦਿਨੀਂ ਸੁਪਰੀਮ ਕੋਰਟ ਵੱਲੋਂ ਹੇਟ ਸਪੀਚ ਦੇ ਮਾਮਲਿਆਂ ਵਿੱਚ ਅਧਿਕਾਰੀਆਂ ਵੱਲੋਂ ਕਾਰਵਾਈ ਨਾ ਕਰਨ ਲਈ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਸੀ। ਸੁਪਰੀਮ ਕੋਰਟ ਦੇ ਜਸਟਿਸ ਜੋਸਫ ਨੇ ਕਿਹਾ ਸੀ ਕਿ 'ਪਾਕਿਸਤਾਨ ਚਲੇ ਜਾਓ' ਜਿਹੀਆਂ ਟਿੱਪਣੀਆਂ ਕਰ ਕੇ ਕਿਸੇ ਫ਼ਿਰਕੇ ਦੇ ਮਾਣ-ਸਨਮਾਨ ਨੂੰ ਤਹਿਸ ਨਹਿਸ ਕਰਨਾ ਦੇਸ਼ ਲਈ ਨੁਕਸਾਨਦੇਹ ਹੈ।ਐਫ.ਆਈ.ਆਰ. ਦਰਜ ਕਰਨ ਵਿੱਚ ਅਸਫ਼ਲ ਰਹਿਣ ਲਈ ਵੱਖ-ਵੱਖ ਰਾਜਾਂ ਦੇ ਅਧਿਕਾਰੀਆਂ ਵਿਰੁੱਧ ਮਾਣਹਾਨੀ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਕਿਹਾ ਸੀ ਕਿ ਰੋਜ਼ਾਨਾ ਸ਼ਰਾਰਤੀ ਤੱਤ ਟੀ.ਵੀ. ਅਤੇ ਜਨਤਕ ਫੋਰਮਾਂ ਸਮੇਤ ਦੂਜਿਆਂ ਨੂੰ ਬਦਨਾਮ ਕਰਨ ਲਈ ਭਾਸ਼ਣ ਦੇ ਰਹੇ ਹਨ। ਸੁਪਰੀਮ ਕੋਰਟ ਨੇ ਇਸ ਵਰਤਾਰੇ ਲਈ ਧਰਮ ਤੇ ਸਿਆਸਤ ਨੂੰ ਰਲਗੱਡ ਕੀਤੇ ਜਾਣ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਜਿਸ ਦਿਨ ਧਰਮ ਤੇ ਰਾਜਨੀਤੀ ਵੱਖ ਹੋ ਜਾਣਗੇ, ਆਗੂ ਰਾਜਨੀਤੀ ਲਈ ਧਰਮ ਦੀ ਵਰਤੋਂ ਬੰਦ ਕਰ ਦੇਣਗੇ, ਉਸੇ ਦਿਨ ਨਫਰਤ ਫੈਲਾਉਣ ਵਾਲੇ ਭਾਸ਼ਣ ਵੀ ਬੰਦ ਹੋ ਜਾਣਗੇ। ਕੁਝ ਦਿਨ ਪਹਿਲਾਂ ਬੈਂਚ ਨੇ ਮਹਾਰਾਸ਼ਟਰ ਸਰਕਾਰ ਨੂੰ ਆਦੇਸ਼ ਦਿੱਤੇ ਸਨ ਕਿ ਉਹ ਯਕੀਨੀ ਬਣਾਏ ਕਿ ਅਜਿਹੇ ਭਾਸ਼ਣ ਨਾ ਦਿੱਤੇ ਜਾਣ। ਮਹਾਰਾਸ਼ਟਰ ਸਰਕਾਰ ਦੁਆਰਾ ਉਚਿਤ ਕਾਰਵਾਈ ਨਾ ਕੀਤੇ ਜਾਣ ਕਾਰਨ ਸਰਕਾਰ ਵਿਰੁੱਧ ਅਦਾਲਤ ਦਾ ਹੁਕਮ ਨਾ ਮੰਨੇ ਜਾਣ ਕਾਰਨ ਮਾਣਹਾਨੀ ਦੇ ਮਾਮਲੇ 'ਤੇ ਸੁਣਵਾਈ ਹੋ ਰਹੀ ਹੈ। ਜਸਟਿਸ ਨਾਗਰਤਨਾ ਨੇ ਕਿਹਾ ਕਿ ਸੂਬਾ ਸਰਕਾਰ ਵਿਰੁੱਧ ਮਾਣਹਾਨੀ ਦੀ ਕਾਰਵਾਈ ਜ਼ਰੂਰੀ ਹੈ ਕਿਉਂਕਿ ਸਰਬਉੱਚ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਹੋਣੀ ਚਾਹੀਦੀ ਹੈ।

ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਧਰਮ ਨੂੰ ਸਿਆਸਤ ਨਾਲ ਰਲਗੱਡ ਕਰ ਕੇ ਸਿਆਸੀ ਲਾਹਾ ਲੈਣ ਦੀ ਤਰਕੀਬ ਸਫਲ ਅਤੇ ਪਰਖੀ ਹੋਈ ਹੈ। ਫਿਰਕੂ ਸਿਆਸੀ ਆਗੂ ਵੋਟਰਾਂ ਨੂੰ ਭਰਮਾਉਣ ਲਈ ਅਕਸਰ ਇਸਦਾ ਸਹਾਰਾ ਲੈਂਦੇ ਹਨ। ਇਸ ਖ਼ਤਰਨਾਕ 'ਮਿਸ਼ਰਣ' ਦੀ ਵਰਤੋਂ ਇੱਕ ਫ਼ਿਰਕੇ ਨੂੰ ਦੂਸਰੇ ਖ਼ਿਲਾਫ਼ ਭੜਕਾਉਣ ਲਈ ਵਾਰ ਵਾਰ ਕੀਤੀ ਜਾਂਦੀ ਹੈ। ਦਿੱਲੀ ਵਿਚ 1984 ਤੇ 2020 ਵਿੱਚ ਅਤੇ ਗੁਜਰਾਤ ਵਿੱਚ 2002 ਦੌਰਾਨ ਹੋਈ ਹਿੰਸਾ ਦੀ ਸਿਆਸੀ ਮੰਤਵਾਂ ਲਈ ਵਰਤੋਂ ਇਸ ਦੀ ਗਵਾਹੀ ਭਰਦੇ ਹਨ।

ਸਿਖਰਲੀ ਅਦਾਲਤ ਦਾ ਇਸ ਵਰਤਾਰੇ ਲਈ ਕੁਝ ਮਾੜੇ ਅਨਸਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਪੂਰੀ ਤਰ੍ਹਾਂ ਠੀਕ ਨਹੀਂ ਜਾਪਦਾ, ਇਹ ਅਧੂਰਾ ਸੱਚ ਹੈ। ਸੰਸਦ ਮੈਂਬਰ, ਵਿਧਾਇਕ ਅਤੇ ਮੁੱਖ ਧਾਰਾ ਦੀ ਸਿਆਸਤ ਨਾਲ ਜੁੜੀਆਂ ਪਾਰਟੀਆਂ ਦੇ ਆਗੂ ਅਕਸਰ ਆਪਣੇ ਭਾਸ਼ਨਾਂ ਦੌਰਾਨ ਅਜਿਹਾ ਜ਼ਹਿਰ ਉ਼ਗਲਦੇ ਹਨ। ਭਾਜਪਾ ਹਿੰਦੂ ਰਾਸ਼ਟਰਵਾਦ ਦਾ ਜ਼ਹਿਰੀਲਾ ਤੇ ਭੜਕਾਊ ਭਾਸ਼ਨ ਦੇਣ ਵਾਲੇ ਆਗੂਆਂ ਨੂੰ ਉਤਸ਼ਾਹਿਤ ਕਰ ਰਹੀ ਹੈ।ਜਦਕਿ ਘੱਟ ਗਿਣਤੀ ਕੌਮਾਂ ਨੂੰ ਸਟੇਟ ਦੇ ਡੰਡੇ ਨਾਲ ਦਬਾਇਆ ਜਾ ਰਿਹਾ ਹੈ।ਭਾਜਪਾ ਸਰਕਾਰ ਨੇ ਕਦੇ ਵੀ ਹਿੰਦੂ ਰਾਸ਼ਟਰਵਾਦੀਆਂ ਉਪਰ ਸਖਤ ਕਾਰਵਾਈ ਨਹੀਂ ਕੀਤੀ।ਆਪ ਸਰਕਾਰ ਪੰਜਾਬ ਵਿੱਚ ਇਸੇ ਨੀਤੀ ਨੂੰ ਅਪਨਾ ਰਹੀ ਹੈ।ਸਿਖਾਂ ਤੇ ਮੁਸਲਮਾਨਾਂ ਨੂੰ ਦਬਾਇਆ ਜਾ ਰਿਹਾ ਹੈ। ਜਦ ਕਿ ਪੰਜਾਬ ਵਿੱਚ ਵੀ ਹਿੰਦੂ ਰਾਸ਼ਟਰਵਾਦ ਦੀ ਮੰਗ ਉਠਾਉਣ ਵਾਲੇ ਭਗਵਿਆਂ ਵਿਰੁਧ ਕੋਈ ਕਨੂੰਨੀ ਕਾਰਵਾਈ ਨਹੀਂ ਹੋ ਰਹੀ।ਬੀਤੇ ਦਿਨੀਂ ਰਾਹੁਲ ਗਾਂਧੀ ਨੇ ਸੱਚ ਦਾ ਪ੍ਰਗਟਾਵਾ ਕੀਤਾ ਸੀ ਕਿ ਭਾਜਪਾ ਦੇ ਰਾਜ ਵਿੱਚ ਸਿਖਾਂ ਤੇ ਮੁਸਲਮਾਨਾਂ ਦੇ ਹੱਕ ਸੁਰਖਿਅਤ ਨਹੀਂ ਹਨ।

ਸੰਵਿਧਾਨ ਦੀ ਰਖਵਾਲੀ ਕਰਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਸੁਪਰੀਮ ਕੋਰਟ ਨੂੰ ਪੂਰਾ ਅਧਿਕਾਰ ਹੈ ਕਿ ਉਹ ਨ਼ਫਰਤੀ ਭਾਸ਼ਨਾਂ ਵਿਰੁੱਧ ਠੋਸ ਕਾਰਵਾਈ ਕਰੇ ਤੇ ਘੱਟ ਗਿਣਤੀ ਕੌਮਾਂ ਦੇ ਅਧਿਕਾਰਾਂ ਦੀ ਰੱਖਿਆ ਕਰੇ।

# ਟਰੰਪ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਜਿਹਨਾਂ ’ਤੇ ਅਪਰਾਧਿਕ ਮੁਕੱਦਮਾ ਚੱਲੇਗਾ



## ਅਮਰੀਕਾ ਦੇ ਦੋ ਸਾਬਕਾ ਰਾਸ਼ਟਰਪਤੀ ਐਂਡ੍ਰਿਊ ਜੌਨਸਨ ਅਤੇ ਬਿਲ ਕਲਿੰਟਨ ਵੀ ਕਰ ਚੁਕੇ ਹਨ ਮਹਾਂਦੋਸ਼ ਦਾ ਸਾਹਮਣਾ

ਨਿਊਯਾਰਕ/ਏ.ਟੀ.ਨਿਊਜ਼ :- ਅਮਰੀਕਾ ਦੇ ਇਤਿਹਾਸ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹੋਣਗੇ, ਜਿਨ੍ਹਾਂ ’ਤੇ ਅਪਰਾਧਿਕ ਮੁਕਦਮਾ ਚੱਲੇਗਾ। ਨਿਊਯਾਰਕ ਦੀ ਮੈਨਹੈਟਨ ਗਰਾਂਡ ਜਿਊਰੀ ਨੇ ਟਰੰਪ ਤੇ ਮੁਕਦਮਾ ਚਲਾਉਣ ਦਾ ਫੈਸਲਾ ਕੀਤਾ ਹੈ। ਟਰੰਪ ’ਤੇ ਇਹ ਕੇਸ 2016 ਦੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਪੋਰਨ ਸਟਾਰ ਦੇ ਨਾਲ ਅਫੇਅਰ ਅਤੇ ਉਸ ਨੂੰ ਚੁੱਪ ਰਹਿਣ ਲਈ ਪੈਸੇ ਦੇਣ ਦੇ ਦੋਸ਼ ਵਿੱਚ ਚਲੇਗਾ।

ਦੋਸ਼ ਹਨ ਕਿ 2016 ਵਿੱਚ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਟਰੰਪ ਨੇ ਪੌਰਨ ਸਟਾਰ ਨੂੰ ਚੁੱਪ ਰਹਿਣ ਲਈ ਪੈਸੇ ਦਿੱਤੇ ਸਨ। ਟਰੰਪ ਦੇ ਵਕੀਲ ਨੇ ਵੀ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਟਰੰਪ ਨੇ ਪਿਆਰ ਦੀ ਗੱਲ ਨੂੰ ਸਵੀਕਾਰ ਕੀਤਾ ਹੈ।

ਅਮਰੀਕਾ ਵਿੱਚ ਹਰ ਵਿਅਕਤੀ ਨੂੰ ਉਦੋਂ ਤੱਕ ਨਿਰਦੋਸ਼ ਮੰਨਿਆ ਜਾਂਦਾ ਹੈ, ਜਦੋਂ ਤੱਕ ਕੋਈ ਦੋਸ਼ੀ ਸਾਬਤ ਨਹੀਂ ਹੁੰਦਾ।

ਟਰੰਪ ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜਿਹਨਾਂ ਦੇ ਖਿਲਾਫ਼ ਚਾਰਜ਼ਸ਼ੀਟ ਦਾਖਿਲ ਕੀਤਾ ਗਿਆ ਹੈ। ਇਸ ਜਿਊਰੀ ਵਿੱਚ 23 ਮੈਂਬਰ ਹਨ, ਜਿਸਨੇ ਸਬੂਤਾਂ ਦੇ ਆਧਾਰ ’ਤੇ ਟ੍ਰੰਪ ਦਾ ਫੈਸਲਾ ਸੁਣਾਇਆ।ਡੋਨਾਲਡ ਟਰੰਪ ਦੀ ਰੰਗਮਿਜਾਜੀ ਉਹਨਾਂ ਨੂੰ ਇਹ ਹਦ ਤਕ ਲੇ ਆਈ ਹੈ। ਕਿਹਾ ਜਾ ਰਿਹਾ ਹੈ ਕਿ ਟਰੰਪ ਨੇ ਪੋਰਨ ਸਟਾਰ ਸਟੌਰਮੀ ਡੈਨੀਅਲਸ ਦੇ ਨਾਲ ਮਾਮਲੇ ਸੈੱਟ ਕਰਨ ਲਈ ਉਨ੍ਹਾਂ ਨੇ ਇੱਕ ਲੱਖ 30 ਹਜ਼ਾਰ ਡਾਲਰ ਦਾ ਭੁਗਤਾਨ ਕੀਤਾ।

ਟਰੰਪ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜਿਹਨਾਂ ’ਤੇ ਅਪਰਾਧਿਕ ਮੁਕਦਮਾ ਚਲੇਗਾ। ਉਹਨਾਂ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਐਂਡ੍ਰਿਊ ਜੌਨਸਨ ਅਤੇ ਬਿਲ ਕਲਿੰਟਨ ਵੀ ਮਹਾਂਦੋਸ਼ ਦਾ ਸਾਹਮਣਾਂ ਕਰ ਚੁਕੇ ਹਨ ਪਰ ਟਰੰਪ ਦੀ ਤੁਲਨਾ ਕਲਿੰਟਨ ਨਾਲ ਵਧੇਰੇ ਹੁੰਦੀ ਹੈ। ਬਿਲ ਕਲਿੰਟਨ ਦੀ ਚਰਚਾ ਹੁੰਦੀ ਹੈ ਤਾਂ ਮੋਨਿਕਾ ਲੇਵਿੰਸਕੀ ਦਾ ਨਾਮ ਵੀ ਆਉਂਦਾ ਹੈ। 1990 ਦੇ ਦਹਾਕੇ ਦੇ ਅੰਤ ਵਿੱਚ ਮੋਨਿਕਾ ਲੇਵਿੰਸਕੀ ਵਾਈਟ ਹਾਊਸ ਵਿੱਚ ਮੁਲਾਜਮ ਸੀ। ਕਲਿੰਟਨ ਅਤੇ ਲੇਵਿੰਸਕੀ ਦੇ ਵਿਚਾਲੇ ਰਿਸ਼ਤਿਆਂ ਦੀਆਂ ਕਹਾਣੀਆਂ ਚਲੀਆਂ ਸਨ ਪਰ ਕਲਿੰਟਨ ਪਾਓਲਾ ਜੋਨਸ ਮਾਮਲੇ ਵਿੱਚ ਫਸੇ ਸਨ। ਜਿਸ ਤਰ੍ਹਾਂ ਟਰੰਪ ਪੋਰਨ ਸਟਾਰ ਦੇ ਨਾਲ ਰਾਸ ਵਿੱਚ ਤਲੀਨ ਰਹਿਣ ਦੇ ਦੋਸ਼ ਨੂੰ ਬਕਵਾਸ ਦੱਸਦੇ ਹਨ, ਉਸੇ ਤਰ੍ਹਾਂ ਰਾਸ਼ਟਰਪਤੀ ਚੋਣ ਵਿੱਚ ਰੂਸੀ ਮਦਦ ਨੂੰ ਵੀ ਉਹ ਬਕਵਾਸ ਕਹਿੰਦੇ ਹਨ।



**ਅਸਲ ਵਿੱਚ ਹੋਇਆ ਕੀ ?**

1. ਦਸੰਬਰ 2019 ਨੂੰ ਜੂਡਿਸ਼ਰੀ ਕਮੇਟੀ ਨੇ ਟਰੰਪ ’ਤੇ ਮਹਾਂ ਦੋਸ਼ ਚਲਾਉਣ ਦੇ ਆਦੇਸ਼ ਦਿੱਤੇ। ਟਰੰਪ ’ਤੇ ਦੋਸ਼ ਲਗਾਏ ਗਏ ਕਿ ਉਹਨਾਂ ਨੇ ਰਾਸ਼ਟਰਪਤੀ ਦੀ ਤਾਕਤ ਦਾ ਬੇਜਾ ਇਸਤੇਮਾਲ ਕੀਤਾ ਹੈ ਅਤੇ ਕਾਂਗਰਸ ਜਾਂ ਰਾਸ਼ਟਰੀ ਸੰਸਦ ਨੂੰ ਕੰਮ ਕਰਨ ਤੋਂ ਰੋਕਣ ਦਾ ਯਤਨ ਕੀਤਾ ਹੈ।

2. 31 ਜਨਵਰੀ 2020 ਨੂੰ ਸੀਨੇਟ ਨੇ 51-49 ਦੇ ਅੰਤਰ ਨਾਲ ਹੋਰ ਗਵਾਹਾਂ ਨੂੰ ਬੁਲਾਉਣ ਤੋਂ ਨਾਂਹ ਕੀਤੀ।

3. ਪੰਜ ਫਰਵਰੀ, 2020 ਨੂੰ ਸੀਨੇਟ ਨੇ ਤਾਕਤ ਦੀ ਗਲਤ ਵਰਤੋਂ ਦੇ ਦੋਸ਼ ਵਿਚੋਂ ਬਰੀ ਕਰ ਦਿੱਤਾ।

**ਕਲਿੰਟਨ ਅਤੇ ਟਰੰਪ ਵਿੱਚ ਮੁਕਾਬਲਾ :** ਬਿਲ ਕਲਿੰਟਨ ’ਤੇ ਉਹਨਾਂ ਵੱਲੋਂ ਪਾਓਲਾ ਜੋਨਸ ਨੂੰ ਸਾਢੇ ਅੱਠ ਲੱਖ ਡਾਲਰ ਰੁਪਏ ਦੇ ਕੇ ਆਊਟ ਆਫ ਕੋਰਟ ਸੈੱਟਲਮੈਂਟ ਕਰਨ ਦਾ ਦੋਸ਼ ਲਗਾਇਆ ਗਿਆ ਪਰ ਇਹ ਸਰਕਾਰੀ ਫੰਡ ਨਹੀਂ ਲਿਖਿਆ ਗਿਆ। ਇਸ ਦੇ ਬਾਵਜੂਦ ਕਲਿੰਟਨ ਦੇ ਕੰਮ ਨਾਲ ਅਮਰੀਕਾ ਸ਼ਰਮਿੰਦਾ ਹੋਇਆ ਅਤੇ ਬਿਲ ਕਲਿੰਟਨ ਦੀ ਪਾਰਟੀ ਦੇ ਵੀ 33 ਮੈਂਬਰਾਂ ਨੇ ਮਹਾਂਦੋਸ਼ ਚਲਾਉਣ ਦੇ ਪੱਖ ਵਿੱਚ ਗੱਲ ਕੀਤੀ।ਪਰ ਇਹ ਸਥਿਤੀ ਟਰੰਪ ਦੇ ਸਮੇਂ ਨਹੀਂ ਹੈ।ਹੁਣ ਟਰੰਪ ਦੇ ਉੱਪਰ ਜੋ

(**ਬਾਕੀ ਸਫ਼ਾ 31 ’ਤੇ**)

## ਕੀ ਹੈ ਟਰੰਪ ਦਾ ਮਾਮਲਾ

1. 2006 ਵਿੱਚ ਪੋਰਨ ਸਟਾਰ ਸਟਾਰਮੀ ਡਾਈਅਲਸ ਦੇ ਨਾਲ ਟਰੰਪ ਨੇ ਰਿਸ਼ਤਾ ਬਣਾਇਆ।

2. 2012 ਵਿੱਚ ਡਾਈਨਲਜ਼ ਨੇ ਇੱਕ ਮੈਗਜੀਨ ਨੂੰ ਇੰਟਰਵਿਊ ਦੇਣ ਦਾ ਮਨ ਬਣਾਇਆ ਪਰ ਟਰੰਪ ਨੇ ਉਸਨੂੰ ਚਿਤਾਵਨੀ ਦਿੱਤੀ

3. 2016 ਵਿੱਚ ਚੋਣ ਤੋਂ ਠੀਕ ਪਹਿਲਾਂ ਟਰੰਪ ਨੇ ਇੱਕ ਲੱਖ 30 ਹਜ਼ਾਰ ਡਾਲਰ ਦੇਣ ਦੇ ਮਾਮਲੇ ਵਿੱਚ ਰਫਾ ਦਫਾ ਕਰਨ ਦੀ ਕੋਸ਼ਿਸ਼ ਕੀਤੀ।

4. ਟਰੰਪ ਨੇ ਆਪਣੇ ਖਾਸ ਮਾਈਕ ਕੋਹੇਨ ਰਾਹੀਂ ਪੈਸੇ ਭੇਜੇ ਅਤੇ ਉਸ ਨੇ ਵੀ ਇਸ ਮਾਮਲੇ ਨੂੰ ਸਾਹਮਣੇ ਲਿਆਂਦਾ ਹੈ।

5. ਟਰੰਪ ’ਤੇ ਦੋਸ਼ ਹੈ ਕਿ ਉਸਨੇ ਪੋਰਨ ਸਟਾਰ ਨੇ ਪੈਸੇ ਦਿੱਤੇ ਹਨ, ਉਨ੍ਹਾਂ ਨੇ ਲੀਗਲ ਫ਼ੀਸ ਦੇ ਤੌਰ ’ਤੇ ਦਰਜ ਕੀਤਾ ਅਤੇ ਝੂਠ ਬੋਲਿਆ।

## ਬਿਲ ਕਲਿੰਟਨ ’ਤੇ ਲਗਾਇਆ ਗਿਆ ਮਹਾਂਦੋਸ਼

1. ਅੱਠ ਅਕਤੂਬਰ 1998 ਨੂੰ ਹਾਊਸ ਆਫ ਰਿਪ੍ਰੈਜੇਂਟੇਟਿਵ ਯਾਨੀ ਅਮਰੀਕੀ ਸੰਸਦ ਦੇ ਹੇਠਲੇ ਸਦਨ ਨੇ ਕਲਿੰਟਨ ’ਤੇ ਜਵਾਬੀ ਝੂਠ ਬੋਲਣ ਲਈ ਮਹਾਂਦੋਸ਼ ਲਗਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ।

2. 19 ਦਸੰਬਰ, 1998 ਨੂੰ ਕਲਿੰਟਨ ਦੇ ਵਿਰੁੱਧ ਮਹਾਂ ਦੋਸ਼ ਵਿੱਚ ਨਿਆਂ ਅਤੇ ਫਰਜ਼ੀਵਾੜਾ ਦੀ ਪ੍ਰਕਿਰਿਆ ਵਿੱਚ ਰੁਕਾਵਟ ਪਾਉਣ ਦਾ ਦੋਸ਼ ਲਗਾਇਆ ਗਿਆ।

3. 12 ਫਰਵਰੀ, 1999 ਨੂੰ ਫਰਜ਼ੀਵਾੜੇ ਦਾ ਦੋਸ਼ 45-55 ਤੋਂ ਖਾਰਜ ਹੋ ਗਿਆ ਅਤੇ ਨਿਆਂ ਪ੍ਰਕਿਰਿਆ ਵਿੱਚ ਰੁਕਾਵਟ ਪਾਉਣ ਦਾ ਦੋਸ਼ 50-50 ਤੋਂ ਖਾਰਜ ਹੋ ਗਿਆ ਹੈ ਕਿਉਂਕਿ ਇੱਕ ਸੀਨੇਟਰ ਨੇ ‘ਦੋਵਾਂ ਦੋਸ਼ਾਂ ’ਤੇ ਸਾਬਿਤ ਨਹੀਂ ਕੀਤਾ ਹੈ’ ਦਾ ਬਟਨ ਦਬਾਇਆ।ਜਿਸ ਨੂੰ ਜਸਟਿਸ ਨੇ ਕਲਿੰਟਨ ਦੇ ਪੱਖ ਵਿੱਚ ਮੰਨਿਆ।



DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਜਲੰਧਰ ਲੋਕ ਸਭਾ ਜ਼ਿਮਨੀ ਚੋਣ : ਕੁੰਢੀਆਂ ਦੇ ਸਿੰਗ ਫਸਗੇ...

## ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਚੋਣ ਸਰਗਰਮੀਆਂ ਤੇਜ਼

- ਆਪ ਸਰਕਾਰ ਲਈ ਚੁਣੌਤੀ ਬਣੇਗੀ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ
- ਜਲੰਧਰ ਜ਼ਿਮਨੀ ਚੋਣ ਬਹਾਨੇ ਅਕਾਲੀ ਦਲ ਸਿਆਸੀ ਜ਼ਮੀਨ ਤਲਾਸ਼ਣ ਦੀ ਕੋਸ਼ਿਸ਼ ’ਚ
- ਵੋਟ ਬੈਂਕ ਵਧਾਉਣ ਦੀ ਰਣਨੀਤੀ ’ਤੇ ਕੰਮ ਕਰਨ ਲੱਗੀਆਂ ਸਿਆਸੀ ਪਾਰਟੀਆਂ
- ਜਲੰਧਰ ਲੋਕ ਸਭਾ ਹਲਕੇ ’ਚ ਸ਼ਾਮਲ ਹਨ 9 ਵਿਧਾਨ ਸਭਾ ਸੀਟਾਂ
- ਅਜੇ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਹੀਂ ਚੱਲੀ ਹਵਾ

ਜਲੰਧਰ : ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਸਾਰੀਆਂ ਸਿਆਸੀ ਪਾਰਟੀਆਂ ਲਈ ਵਕਾਰ ਦਾ ਸਵਾਲ ਬਣਦੀ ਜਾ ਰਹੀ ਹੈ। ਪੰਜਾਬ ਵਿਚ ਆਪ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਲੋਕ ਸਭਾ ਦੀ ਦੂਜੀ ਜ਼ਿਮਨੀ ਚੋਣ ਹੋ ਰਹੀ ਹੈ। ਇਸ ਤੋਂ ਪਹਿਲਾਂ ਸੰਗਰੂਰ ਲੋਕ ਸਭਾ ਹਲਕੇ ਵਿੱਚ ਜ਼ਿਮਨੀ ਚੋਣ ਹੋਈ ਸੀ, ਜਿਸ ਵਿੱਚ ਅਕਾਲੀ ਦਲ ਮਾਨ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਹੋਈ ਸੀ। ਹੁਣ 10 ਮਈ ਨੂੰ ਜਲੰਧਰ ਲੋਕ ਸਭਾ ਹਲਕੇ ਵਿੱਚ ਜ਼ਿਮਨੀ ਚੋਣ ਲਈ ਵੋਟਾਂ ਪੈਣਗੀਆਂ। ਜ਼ਿਕਰਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਤਤਕਾਲੀ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਦਿਹਾਂਤ ਹੋ ਜਾਣ ਤੋਂ ਕਰੀਬ ਢਾਈ ਮਹੀਨਿਆਂ ਬਾਅਦ ਭਾਰਤੀ ਚੋਣ ਕਮਿਸ਼ਨ ਵਲੋਂ ਇਸ ਸੀਟ ’ਤੇ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਚੋਣ ਦੇ ਐਲਾਨ ਦੇ ਨਾਲ ਹੀ ਸੱਤਾਧਾਰੀ ਸਿਆਸੀ ਪਾਰਟੀ ਆਮ ਆਦਮੀ ਪਾਰਟੀ ਸਮੇਤ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਚੋਣ ਸਰਗਰਮੀਆਂ ਤੇਜ਼ ਕਰ ਦਿਤੀਆਂ ਗਈਆਂ ਹਨ। ਅਸਲ ਵਿੱਚ ਇਹ ਚੋਣ ਆਪ ਸਰਕਾਰ ਲਈ ਵੀ ਚੁਣੌਤੀ ਬਣ ਰਹੀ ਹੈ। ਇਸ ਚੋਣ ਲਈ ਜਿਥੇ ਆਪ ਵੱਲੋਂ ਸਰਗਰਮੀਆਂ ਤੇਜ਼ ਕਰ ਦਿਤੀਆਂ ਗਈਆਂ ਹਨ, ਉਥੇ ਕਾਂਗਰਸ ਵੱਲੋਂ ਵੀ ਸਰਗਰਮੀਆਂ ਪੂਰੀ ਤਰਾਂ ਤੇਜ਼ ਕਰ ਦਿਤੀਆਂ ਗਈਆਂ ਹਨ। ਅਕਾਲੀ ਦਲ ਵੱਲੋਂ ਇਹ ਚੋਣ ਬਸਪਾ ਨਾਲ ਸਾਂਝ ਪਾ ਕੇ ਲੜੀ ਜਾ ਰਹੀ ਹੈ। ਇਸ ਚੋਣ ਬਹਾਨੇ ਅਕਾਲੀ ਦਲ ਵੱਲੋਂ ਸਿਆਸੀ ਜ਼ਮੀਨ ਤਲਾਸ਼ਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਕਾਲੀ ਦਲ ਵੱਲੋਂ ਇਸ ਚੋਣ ਬਹਾਨੇ ਪੰਜਾਬ ਵਿੱਚ ਆਪਣਾ ਖੁਸਿਆ ਵਕਾਰ ਬਹਾਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਭਾਜਪਾ ਵੱਲੋਂ ਇਹ ਚੋਣ ਇਕਲਿਆਂ ਲੜੀ ਜਾ ਰਹੀ ਹੈ। ਭਾਜਪਾ ਦੀ ਟੇਕ ਜਿਆਦਾਤਾਰ ਹਿੰਦੂ ਵੋਟਰਾਂ ’ਤੇ ਰਖੀ ਜਾ ਰਹੀ ਹੈ।




ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਜਿਥੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਉਥੇ ਇਸ ਚੋਣ ਬਹਾਨੇ ਸਾਰੀਆਂ ਸਿਆਸੀ ਪਾਰਟੀਆਂ ਆਪੋ ਆਪਣਾ ਵੋਟ ਬੈਂਕ ਵਧਾਉਣ ਦੀ ਰਣਨੀਤੀ ’ਤੇ ਕੰਮ ਕਰ ਰਹੀਆਂ ਹਨ। ਜਲੰਧਰ ਲੋਕ ਸਭਾ ਹਲਕੇ ਨੂੰ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਹੈ, ਜਿਸ ਕਾਰਨ ਕਾਂਗਰਸ ਇਸ ਹਲਕੇ ਦੀ ਚੋਣ ਜਿੱਤਣ ਲਈ ਪੂਰੀ ਤਰਾਂ ਆਸਵੰਦ ਦਿਖਾਈ ਦੇ ਰਹੀ ਹੈ। ਦੂਜੇ ਪਾਸੇ ਸਾਰੀਆਂ ਸਿਆਸੀ ਪਾਰਟੀਆਂ ਇਸ ਚੋਣ ਨੂੰ ਜਿੱਤਣ ਲਈ ਆਪੋ ਆਪਣੇ ਦਾਅਵੇ ਕਰ ਰਹੀਆਂ ਹਨ। ਜਦੋਂ ਸਾਲ 2014 ਵਿੱਚ ਹਰ ਪਾਸੇ ਮੋਦੀ ਲਹਿਰ ਸੀ ਤਾਂ ਉਸ ਸਮੇਂ ਵੀ ਜਲੰਧਰ ਲੋਕ ਸਭਾ ਹਲਕੇ ਵਿੱਚ ਕਾਂਗਰਸ ਦਾ ਦਬਦਬਾ ਰਿਹਾ ਸੀ। ਉਸ ਸਮੇਂ ਹੋਈਆਂ ਲੋਕ ਸਭਾ ਚੋਣਾਂ ਵਿੱਚ ਜਲੰਧਰ ਲੋਕ ਸਭਾ ਹਲਕੇ ਤੋਂ ਸੰਤੋਖ ਸਿੰਘ ਚੌਧਰੀ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ 70981 ਵੋਟਾਂ ਨਾਲ ਹਰਾ ਕੇ ਸੰਸਦ ਪੁੱਜੇ ਸਨ । ਜਲੰਧਰ ਲੋਕ ਸਭਾ ਹਲਕੇ ਵਿੱਚ 9 ਵਿਧਾਨ ਸਭਾ ਸੀਟਾਂ ਹਨ, ਜਿਹਨਾਂ ’ਤੇ ਵੀ ਕਾਂਗਰਸ ਦਾ ਦਬਦਬਾ ਹੀ ਦਸਿਆ ਜਾ ਰਿਹਾ ਹੈ।

ਸਾਲ 1989 ਅਤੇ 1998 ਦੀਆਂ ਲੋਕ ਸਭਾ ਚੋਣਾਂ ਦੌਰਾਨ ਜਲੰਧਰ ਲੋਕ ਸਭਾ ਹਲਕੇ ਤੋਂ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਜਨਤਾ ਦਲ ਦੀ ਟਿਕਟ ’ਤੇ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ ਸੀ। ਦੋ ਵਾਰ 1977 ਅਤੇ 1996 ਵਿੱਚ ਅਕਾਲੀ ਦਲ ਵੀ ਇਸ ਸੀਟ ’ਤੇ ਜਿੱਤ ਪ੍ਰਾਪਤ ਕਰ ਚੁਕਿਆ ਹੈ।

ਸਾਲ 2008 ਤੋਂ ਬਾਅਦ ਇਹ ਸੀਟ ਅਨੁਸੂਚਿਤ ਜਾਤੀਆਂ ਲਈ ਰਾਖਵੀਂ ਕਰ ਦਿੱਤੀ ਗਈ ਅਤੇ ਸਭ ਤੋਂ ਪਹਿਲਾਂ 2009 ਵਿੱਚ ਮਹਿੰਦਰ ਸਿੰਘ ਕੇ.ਪੀ. ਇਸ ਰਾਖਵੀਂ ਸੀਟ ਤੋਂ ਕਾਂਗਰਸ ਦੀ ਟਿਕਟ ’ਤੇ ਜਿੱਤੇ ਸਨ । ਇਸ ਤੋਂ ਬਾਅਦ 2014 ਅਤੇ 2019 ਵਿੱਚ ਦੋ ਵਾਰ ਸੰਤੋਖ ਚੌਧਰੀ ਨੇ ਜਿੱਤ ਦਰਜ ਕੀਤੀ ਸੀ। ਆਮ ਆਦਮੀ ਪਾਰਟੀ ਵੱਲੋਂ ਵੀ ਸਾਲ 2019 ’ਚ ਇਸ ਸੀਟ ਤੋਂ ਸੇਵਾ ਮੁਕਤ ਜਸਟਿਸ ਜ਼ੋਰਾ ਸਿੰਘ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਸੀ ਪਰ ਉਹ ਜਿੱਤ ਨਹੀਂ ਸੀ ਸਕੇ ਅਤੇ ਉਹਨਾਂ ਨੂੰ ਸਿਰਫ਼ 2.5 ਫ਼ੀਸਦੀ ਵੋਟਾਂ ਹੀ ਮਿਲੀਆਂ ਸਨ, ਇਸ ਕਰਕੇ ਉਹ ਆਪਣੀ ਜ਼ਮਾਨਤ ਵੀ ਜ਼ਬਤ ਕਰਵਾ ਬੈਠੇ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਸਿਆਸੀ ਪਾਰਟੀਆਂ ਜਲੰਧਰ ਲੋਕ ਸਭਾ ਹਲਕੇ ਵਿੱਚ ਆਪਣੇ ਉਮੀਦਵਾਰ ਖੜੇ ਕਰਕੇ ਇਹ ਚੋਣ ਲੜ ਚੁਕੀਆਂ ਹਨ।

ਇਸ ਸਮੇਂ ਜਿਥੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਉਥੇ ਕਈ ਕਿਸਮ ਦੀਆਂ ਸਿਆਸੀ ਕਿਆਸ ਅਰਾਈਆਂ ਦਾ ਦੌਰ ਵੀ ਸ਼ੁਰੂ ਹੋ ਗਿਆ ਹੈ। ਇਹ ਚੋਣ ਲੜ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੀ ਜਿੱਤ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ ਅਤੇ ਇਸ ਹਲਕੇ ਦੇ ਵੋਟਰਾਂ ਵਿੱਚ ਆਪਣਾ ਆਧਾਰ ਵਧਾਉਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ। ਨਿਰਪੱਖ ਤੌਰ ’ਤੇ ਇਹ ਕਿਹਾ ਜਾ ਰਿਹਾ ਹੈ ਕਿ ਅਜੇ ਇਸ ਚੋਣ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਦੇ ਪੱਖ ਵਿੱਚ ਹਵਾ ਨਹੀਂ ਹੈ। ਇਸ ਤਰਾਂ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਕੁੰਢੀਆਂ ਦੇ ਸਿੰਗ ਫਸ ਗਏ ਹਨ ਅਤੇ ਇਹ ਚੋਣ ਲੜ ਰਹੇ ਉਮੀਦਵਾਰਾਂ ਦੀ ਜਿੱਤ ਹਾਰ ਦਾ ਫੈਸਲਾ ਤਾਂ ਹਲਕੇ ਦੇ ਵੋਟਰਾਂ ਦੇ ਹੱਥ ਹੈ।

# ਘੁਟਾਲੇ ਵਿੱਚ ਫਸੀ ਐਮਵੇ ਕੰਪਨੀ

## ਈ. ਡੀ. ਵੱਲੋਂ ਐਮਵੇ ਕੰਪਨੀ ’ਤੇ ਐਮਵੇ ਡਾਇਰੈਕਟ ਸੇਲਿੰਗ ਮਲਟੀ-ਲੈਵਲ ਮਾਰਕੀਟਿੰਗ ਨੈਟਵਰਕ ਦੀ ਆੜ ਵਿੱਚ ਇੱਕ ਪਿਰਾਮਿਡ ਧੋਖਾਧੜੀ ਚਲਾਉਣ ਦਾ ਦੋਸ਼




ਐਮਵੇ ਕੰਪਨੀ ’ਤੇ ਮਲਟੀ-ਲੇਵਲ ਮਾਰਕੀਟਿੰਗ ਘੁਟਾਲਾ ਚਲਾਉਣ ਦਾ ਦੋਸ਼ ਲਗਾਇਆ ਗਿਆ ਹੈ ਅਤੇ ਹੁਣ ਭਾਰਤ ਦੇ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਨਿਗਰਾਨੀ ਹੇਠ ਹੈ। ਐਮਵੇ ਇੰਡੀਆ ਐਂਟਰਪ੍ਰਾਈਜਿਜ਼ ਪ੍ਰਾਈਵੇਟ ਲਿਮਟਿਡ ਨਾਲ ਸਬੰਧਤ 757 ਕਰੋੜ ਰੁਪਏ ਦੀ ਜਾਇਦਾਦ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਦੇ ਤਹਿਤ ਕੁਰਕ ਕੀਤਾ ਗਿਆ ਹੈ। ਇਨ੍ਹਾਂ ਜਾਇਦਾਦਾਂ ਵਿੱਚ ਜ਼ਮੀਨ, ਫੈਕਟਰੀਆਂ, ਮਸ਼ੀਨਰੀ, ਬੈਂਕ ਖਾਤੇ, ਫਿਕਸਡ ਡਿਪਾਜ਼ਿਟ ਅਤੇ ਵਾਹਨ ਸ਼ਾਮਲ ਹਨ।ਈਡੀ ਨੇ ਕਿਹਾ ਕਿ ਈਡੀ ਦੁਆਰਾ ਮਨੀ-ਲਾਂਡਰਿੰਗ ਜਾਂਚ ਤੋਂ ਪਤਾ ਚੱਲਿਆ ਹੈ ਕਿ ਐਮਵੇ ਡਾਇਰੈਕਟ ਸੇਲਿੰਗ ਮਲਟੀ-ਲੈਵਲ ਮਾਰਕੀਟਿੰਗ ਨੈਟਵਰਕ ਦੀ ਆੜ ਵਿੱਚ ਇੱਕ ਪਿਰਾਮਿਡ ਧੋਖਾਧੜੀ ਚਲਾ ਰਿਹਾ ਹੈ।

ਘੁਟਾਲਾ: ਐਮਵੇ ਇੱਕ ਪਿਰਾਮਿਡ ਸਕੀਮ ਦੁਆਰਾ ਆਪਣੇ ਉਤਪਾਦ ਵੇਚ ਰਿਹਾ ਸੀ । ਈਡੀ ਦੁਆਰਾ ਦਿੱਤੇ ਗਏ ਬਿਆਨ ਦੇ ਅਨੁਸਾਰ, ਐਮਵੇ ਨੇ ਲੋਕਾਂ ਨੂੰ ਕੰਪਨੀ ਵਿੱਚ ਸ਼ਾਮਲ ਹੋਣ ਅਤੇ ਉਨ੍ਹਾਂ ਦੇ ਉਤਪਾਦ ਗੈਰ-ਵਾਜਬ ਕੀਮਤਾਂ ’ਤੇ ਖਰੀਦਣ ਦਾ ਲਾਲਚ ਦਿੱਤਾ। ਲੋਕ ਇਨ੍ਹਾਂ ਮਹਿੰਗੇ ਉਤਪਾਦਾਂ ਨੂੰ ਵਰਤੋਂ ਲਈ ਨਹੀਂ, ਸਗੋਂ ਕੰਪਨੀ ਦੇ ਮੈਂਬਰ ਬਣਨ ਲਈ ਖਰੀਦਦੇ ਸਨ।

ਈਡੀ ਨੇ ਅੱਗੇ ਕਿਹਾ ਕਿ ਹਕੀਕਤ ਇਹ ਹੈ ਕਿ ਅਪਲਾਈਨ ਮੈਂਬਰਾਂ ਦੁਆਰਾ ਪ੍ਰਾਪਤ ਕਮਿਸ਼ਨ ਉਤਪਾਦਾਂ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ।

ਈਡੀ ਨੇ ਅੱਗੇ ਦੱਸਿਆ ਕਿ ਐਮਵੇ ਦਾ ਮੁੱਖ ਉਦੇਸ਼ ਕੰਪਨੀ ਵਿੱਚ ਵੱਧ ਤੋਂ ਵੱਧ ਮੈਂਬਰਾਂ ਨੂੰ ਜੋੜਨਾ ਸੀ। ਕੰਪਨੀ ਨੇ ਸਿੱਧੇ-ਤੋਂ-ਗਾਹਕ ਵੇਚਣ ਵਾਲੀ ਕੰਪਨੀ ਦਾ ਝੂਠਾ ਮਾਸਕ ਪਾਇਆ ਸੀ, ਪਰ, ਅਸਲ ਵਿੱਚ, ਉਤਪਾਦਾਂ ’ਤੇ ਕੋਈ ਧਿਆਨ ਨਹੀਂ ਸੀ। ਇਹ ਮਾਡਲ ਨਵੇਂ ਮੈਂਬਰ ਲੈ ਕੇ ਪੁਰਾਣੇ ਮੈਂਬਰਾਂ ਨੂੰ ਅਮੀਰ ਬਣਾਉਣ ਬਾਰੇ ਸੀ।

### ਕੀ ਹੈ ਇੱਕ ਪਿਰਾਮਿਡ ਸਕੀਮ ?

ਅਸੀਂ ਸਾਰੇ ਘੱਟੋ-ਘੱਟ ਇੱਕ ਆਂਟੀ ਨੂੰ ਜਾਣਦੇ ਹਾਂ ਜੋ Oriflame ਜਾਂ Amway ਉਤਪਾਦ ਵੇਚਦੀ ਹੈ ਅਤੇ ਤੁਹਾਨੂੰ ਵਿਕਰੇਤਾ ਬਣਨ ਲਈ ਕਹਿੰਦੀ ਹੈ। ਇਹ ਬਿਲਕੁਲ ਉਹੀ ਹੈ ਜੋ ਪਿਰਾਮਿਡ ਸਕੀਮ ਹੈ।

ਇੱਕ ਪਿਰਾਮਿਡ ਸਕੀਮ ਅਸਲ ਵਿੱਚ ਇੱਕ ਘੁਟਾਲਾ ਹੈ। ਇੱਕ ਪਿਰਾਮਿਡ ਸਕੀਮ ਅਸਲ ਵਿੱਚ ਇੱਕ ਕਾਰੋਬਾਰੀ ਮੌਕੇ ਦੀ ਤਰ੍ਹਾਂ ਦਿਖਾਈ ਦਿੰਦੀ ਹੈ। ਘੱਟ ਪੈਸੇ ਵਾਲੇ ਜਾਂ ਪੈਸੇ ਨਾ ਹੋਣ ਵਾਲੇ ਲੋਕ ਇਨ੍ਹਾਂ ਸਕੀਮਾਂ ਵਿੱਚ ਫਸਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ।

ਇੱਕ ਪਿਰਾਮਿਡ ਸਕੀਮ ਵਿੱਚ, ਉੱਚ ਪੱਧਰ ਦੇ ਲੋਕ ਨਵੇਂ ਮੈਂਬਰਾਂ ਦੀ ਭਰਤੀ ਕਰਦੇ ਹਨ ਅਤੇ ਇੱਕ ਕਮਿਸ਼ਨ ਪ੍ਰਾਪਤ ਕਰਦੇ ਹਨ।ਇਸਦਾ ਸੰਚਾਲਕ ਉਤਪਾਦ ਵੇਚੇਗਾ ਅਤੇ ਤੁਹਾਨੂੰ ਮੈਂਬਰ ਵਜੋਂ ਸ਼ਾਮਲ ਹੋਣ ਲਈ ਕਹੇਗਾ। ਇਹ ਨਵੇਂ ਮੈਂਬਰ ਫਿਰ ਹੋਰ ਲੋਕਾਂ ਨੂੰ ਮੈਂਬਰ ਬਣਨ ਲਈ ਪ੍ਰੇਰਿਤ ਕਰਨ ਲਈ ਪ੍ਰੇਰਿਤ ਹੁੰਦੇ ਹਨ। ਮੁੱਖ ਉਦੇਸ਼ ਬਹੁਤ ਸਾਰੇ ਉਤਪਾਦਾਂ ਨੂੰ ਵੇਚਣਾ ਨਹੀਂ ਹੈ ਪਰ ਕਾਰੋਬਾਰ ਵਿੱਚ ਵੱਧ ਤੋਂ ਵੱਧ ਮੈਂਬਰਾਂ ਨੂੰ ਜੋੜਨਾ ਹੈ। ਹਰ ਨਵੇਂ ਜੋੜ ਦੇ ਨਾਲ, ਹਰ ਪੱਧਰ ’ਤੇ ਮੈਂਬਰ ਇੱਕ ਕਮਿਸ਼ਨ ਕਮਾਉਂਦੇ ਹਨ ਅਤੇ ਸਭ ਤੋਂ ਉੱਚੇ ਪੱਧਰ ਸਭ ਤੋਂ ਵੱਧ ਕਮਾਈ ਕਰਨ ਵਾਲੇ ਹੁੰਦੇ ਹਨ।

ਚੇਨ ਦੇ ਅੰਤ ’ਤੇ ਲੋਕ, ਜਾਂ ਨਵੇਂ ਮੈਂਬਰ ਲਾਗਤ ਸਹਿਣ ਕਰਦੇ ਹਨ ਅਤੇ ਇਹ ਨਵੇਂ ਮੈਂਬਰ ਆਮ ਤੌਰ ’ਤੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੂੰ ਉਤਪਾਦ ਖਰੀਦਣ ਜਾਂ ਮੈਂਬਰ ਬਣਨ ਲਈ ਮਨਾਉਣ ਦੀ ਕੋਸ਼ਿਸ਼ ਕਰਦੇ ਹਨ।ਪਿਰਾਮਿਡ ਸਕੀਮ ਨਵੇਂ ਭਰਤੀ ਕਰਨ ਵਾਲਿਆਂ ਤੋਂ ਫੀਸਾਂ ’ਤੇ ਨਿਰਭਰ ਕਰਦੀ ਹੈ। ਹਰ ਪੱਧਰ ’ਤੇ ਭਰਤੀ ਕਰਨ ਵਾਲਿਆਂ ਤੋਂ ਨਿਰੰਤਰ ਨਕਦੀ ਦੇ ਪ੍ਰਵਾਹ ਦੀ ਲੋੜ ਹੈ। ਪਰ ਨਕਦੀ ਦਾ ਇਹ ਪ੍ਰਵਾਹ ਨਿਰੰਤਰ ਨਹੀਂ ਹੈ ਕਿਉਂਕਿ ਪੁਰਾਣੇ ਮੈਂਬਰ ਜਾਂ ਤਾਂ ਉਤਪਾਦ ਦੀ ਉਸ

(ਬਾਕੀ ਸਫ਼ਾ 30 ’ਤੇ)

# ਪਾਕਿਸਤਾਨੀ ਸੁਏਲਾ ਗੈਂਗ ਬਰਨਤਾਨੀਆ ਸਰਕਾਰ ਦੇ ਨਿਸ਼ਾਨੇ ’ਤੇ

## ਗੋਰੀ ਮੁਟਿਆਰਾਂ ਨੂੰ ਕਰਦਾ ਏ ਨਸ਼ੇ ਸਪਲਾਈ



ਲੰਡਨ/ਏ.ਟੀ. ਨਿਊਜ਼: ਪਾਕਿਸਤਾਨੀ ਸੁਏਲਾ ਗੈਂਗ ਵੱਲੋਂ ਨੌਜਵਾਨ ਲੜਕੀਆਂ ਦਾ ਸ਼ੋਸ਼ਣ ਕਰਨ ਦੀਆਂ ਕਈ ਰਿਪੋਰਟਾਂ ਤੋਂ ਬਾਅਦ ਗ੍ਰਹਿ ਸਕੱਤਰ ਸੁਏਲਾ ਬ੍ਰੇਵਰਮੈਨ ਨੇ ਯੂਕੇ ਵਿੱਚ ਬਾਲ ਜਿਨਸੀ ਸ਼ੋਸ਼ਣ ਨੂੰ ਖ਼ਤਮ ਕਰਨ ਲਈ ਨਵੀਂ ਯੋਜਨਾਵਾਂ ਦਾ ਖ਼ੁਲਾਸਾ ਕੀਤਾ ਹੈ। ਇਸ ਦੌਰਾਨ ਮੰਤਰੀ ਨੇ ਬ੍ਰਿਟਿਸ਼ ਪਾਕਿਸਤਾਨੀ ਅਪਰਾਧੀਆਂ ਦਾ ਸਿੱਧਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੇ ਅਪਰਾਧਾਂ ਵਿੱਚ ਜ਼ਿਆਦਾਤਰ ਬ੍ਰਿਟਿਸ਼ ਪਾਕਿਸਤਾਨੀ ਪੁਰਸ਼ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇੱਥੇ ਬਰਤਾਨਵੀ ਪਾਕਿਸਤਾਨੀਆਂ ਦਾ ਇੱਕ ਗੈਂਗ ਹੈ ਜੋ ਨਸ਼ੇ ਸਪਲਾਈ ਅਤੇ ਬਲਾਤਕਾਰ ਕਰਦਾ ਹੈ।

ਉਨ੍ਹਾਂ ਕਿਹਾ ਕਿ ਸਿਧਾਂਤਹੀਣੀ ਰਾਜਨੀਤੀ ਅਫ਼ਸਰਾਂ ਨੂੰ ਕੰਮ ਕਰਨ ਤੋਂ ਰੋਕਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਜ਼ਰੂਰੀ ਰਿਪੋਰਟਿੰਗ ਉਪਰ ਧਿਆਨ ਕੇਂਦਰਿਤ ਕੀਤਾ ਜਾਵੇਗਾ। ਬਾਲ ਸ਼ੋਸ਼ਣ ’ਤੇ ਚੁੱਪੀ ਧਾਰਨ ਵਾਲਿਆਂ ਦੀ ਜ਼ਿੰਮੇਵਾਰੀ ਯਕੀਨੀ ਬਣਾਈ ਜਾਵੇਗੀ। ਗ੍ਰਹਿ ਮੰਤਰਾਲੇ ਦਾ ਮੰਨਣਾ ਹੈ ਕਿ ਨੌਜਵਾਨ ਕੁੜੀਆਂ ਦੀ ਦੇਖਭਾਲ ਕਰਨ ਵਾਲੇ ਪੇਸ਼ੇਵਰ ਨਸਲਵਾਦੀ ਅਤੇ ਕੱਟੜ ਕਹੇ ਜਾਣ ਦੇ ਡਰ ਤੋਂ ਇਸ ਸ਼ੋਸ਼ਣ ਤੇ ਅਪਰਾਧ ਸੰਬੰਧੀ ਅੱਖਾਂ ਬੰਦ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਇਸ ਡਰ ਕਾਰਨ ਹਜ਼ਾਰਾਂ ਬੱਚਿਆਂ ਦਾ ਬਚਪਨ ਬਰਬਾਦ ਹੋ ਗਿਆ ਹੈ ਅਤੇ ਅਪਰਾਧੀ ਸ਼ਰੇਆਮ ਘੁੰਮ ਰਹੇ ਹਨ।

ਪਾਕਿਸਤਾਨੀ ਅਪਰਾਧਾਂ ਵਿੱਚ ਸ਼ਾਮਲ ਹਨ

ਸੁਏਲਾ ਬ੍ਰੇਵਰਮੈਨ ਇਹਨਾਂ ਪੇਸ਼ਿਆਂ ਬਾਰੇ ਦੱਸਿਆ, ਜਿਸ ਵਿੱਚ ਅਧਿਆਪਕ, ਪੁਲਿਸ ਅਤੇ ਰਾਜ ਏਜੰਸੀਆਂ ਦੇ ਲੋਕ ਸ਼ਾਮਲ ਹਨ। ਹਾਲਾਂਕਿ, ਨਵੇਂ ਨਿਯਮ ਨੂੰ ਲਾਗੂ ਕਰਨ ਦਾ ਕਦਮ ਪਿਛਲੇ ਸਾਲ ਬਾਲ ਜਿਨਸੀ ਸ਼ੋਸ਼ਣ ਦੀ ਸੁਤੰਤਰ ਜਾਂਚ ਦੀ ਸਿਫ਼ਾਰਸ਼ ਤੋਂ ਬਾਅਦ ਆਇਆ ਹੈ। ਸੁਏਲਾ ਨੇ ਕਿਹਾ ਕਿ ਇਨ੍ਹਾਂ ਅਪਰਾਧੀਆਂ ਵਿੱਚ ਬ੍ਰਿਟਿਸ਼ ਪਾਕਿਸਤਾਨੀ ਪੁਰਸ਼ਾਂ ਦਾ ਇੱਕ ਟੋਲਾ ਹੈ ਜੋ ਬ੍ਰਿਟਿਸ਼ ਕਦਰਾਂ-ਕੀਮਤਾਂ ਵਿਰੁੱਧ ਗੈਰ ਸੱਭਿਆਚਾਰਕ ਰਵੱਈਆ ਰੱਖਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

5 ਅਪ੍ਰੈਲ ਤੋਂ 11 ਅਪ੍ਰੈਲ, 2023

## ਪੰਥਕ ਜੋੜ ਮੇਲਿਆਂ ਦਾ ਨਿਆਰਾਪਨ ਮੁੜ ਸੁਰਜੀਤ ਕਰਨ ਦੀ ਲੋੜ

ਗੁਰੂ ਖਾਲਸਾ ਪੰਥ ਦੁਆਰਾ ਮਨਾਏ ਜਾਂਦੇ ਜੋੜ ਮੇਲਿਆਂ ਵਿੱਚ ਗੁਰਮਤਿ ਆਸ਼ੇ ਦੇ ਉਲਟ ਆਈਆਂ ਗਿਰਾਵਟਾਂ ਕਰਕੇ ਦਿਨੋਂ ਦਿਨ ਜੋੜ ਮੇਲਿਆਂ ਦਾ ਮਾਹੌਲ ਆਮ ਮੇਲੇ ਅਤੇ ਹਾਸੇ ਮੌਜ ਦੇ ਪਾਸੇ ਮੁੜਦਾ ਜਾ ਰਿਹਾ ਹੈ। ਜੋੜ ਮੇਲਿਆਂ ਨੂੰ ਅਸਲ ਪੰਥਕ ਰੂਪ ਵਿੱਚ ਸੁਰਜੀਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸ੍ਰੀ ਅਨੰਦਪੁਰ ਸਾਹਿਬ ਵਿੱਚ ਇਸ ਵਾਰ ਹੋਲੇ ਮੁਹੱਲੇ ਉਪਰ ਇੱਕ ਨਿਹੰਗ ਸਿੰਘ ਦੀ ਅਜਿਹੀ ਹੀ ਇੱਕ ਗਿਰਾਵਟ ਦਾ ਵਿਰੋਧ ਕਰਦਿਆਂ ਜਾਨ ਚਲੀ ਗਈ ਹੈ। ਹੁਣ ਅਗਾਂਹ ਕਰਨ ਦੇ ਲਈ ਵੱਡਾ ਕਾਰਜ ਇਹੀ ਹੈ ਕਿ ਪੰਥਕ ਤਰੀਕੇ ਨਾਲ ਜੋੜ ਮੇਲੇ ਲਗਾਏ ਜਾਣ, ਤਾਂਕਿ ਗੁਰੂ ਸਾਹਿਬਾਨ ਜਾਂ ਗੁਰਸਿਖਾਂ ਦੀ ਯਾਦ ਵਿੱਚ ਲੱਗਣ ਵਾਲੇ ਜੋੜ ਮੇਲਿਆਂ ਉਪਰ ਸੰਗਤ ਦਾ ਮਨ ਗੁਰੂ ਨਾਲ ਜੁੜ ਸਕੇ।

ਸਿੱਖਾਂ ਨੇ ਜੋੜ ਮੇਲੇ ਗੁਰੂ ਸਾਹਿਬਾਨ ਨੂੰ ਸੰਗਤੀ ਰੂਪ ਵਿੱਚ ਮਿਲ ਬੈਠ ਕੇ ਯਾਦ ਕਰਨ ਲਈ ਲਗਾਉਣੇ ਸ਼ੁਰੂ ਕੀਤੇ ਸਨ। ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਸਿੱਖ ਕਿਸੇ ਰਾਤ ਨੂੰ ਇਕੱਠੇ ਹੋਕੇ ਆਪਣੇ ਸ਼ਹੀਦ ਹੋਏ ਭਰਾਵਾਂ ਦੀਆਂ ਸ਼ਹੀਦੀਆਂ ਦੀਆਂ ਬਾਤਾਂ ਪਾਉਂਦੇ, ਗੁਰਬਾਣੀ ਪੜਦੇ, ਪਾਠ ਦਾ ਭੋਗ ਪਾਉਂਦੇ ਅਤੇ ਸਵੇਰ ਹੋਣ ਤੋਂ ਪਹਿਲਾਂ ਹੀ ਜੰਗਲਾਂ ਵਿੱਚ ਚਲੇ ਜਾਂਦੇ। ਮੱਸਿਆ, ਪੂਰਨਮਾਸ਼ੀ ਅਤੇ ਮਹੀਨੇ ਦੇ ਪਹਿਲੇ ਦਿਨ ਸੰਗਰਾਂਦ ਨੂੰ ਅਜਿਹੇ ਕਾਰਜਾਂ ਲਈ ਇਕੱਠੇ ਹੋਣ ਵਜੋਂ ਚੁਣ ਲੈਂਦੇ ਸਨ। ਇਸ ਪਵਿੱਤਰ ਅਹਿਸਾਸ ਵਿਚੋਂ ਸਿੱਖਾਂ ਨੇ ਜੋੜ ਮੇਲੇ ਆਰੰਭ ਕੀਤੇ। ਬਿਖੜੇ ਸਮਿਆਂ ਤੋਂ ਬਾਅਦ ਵੀ ਸਿੱਖਾਂ ਨੇ ਗੁਰੂ ਸਾਹਿਬਾਨ, ਸੰਤਾਂ, ਗੁਰਸਿਖਾਂ ਅਤੇ ਸ਼ਹੀਦਾਂ ਦੀ ਪਵਿੱਤਰ ਯਾਦ ਦਾ ਅਹਿਸਾਸ ਅਤੇ ਮਾਹੌਲ ਜੋੜ ਮੇਲਿਆਂ ਦੌਰਾਨ ਕਾਇਮ ਰੱਖਿਆ। ਜਦ ਕਦੀ ਜੋੜ ਮੇਲਿਆਂ ਵਿਚੋਂ ਗੁਰੂ ਦਾ, ਸ਼ਹੀਦਾਂ ਦੀ ਯਾਦ ਦਾ ਅਹਿਸਾਸ ਪਤਲਾ ਹੁੰਦਾ ਨਜਰ ਆਇਆ ਤਾਂ ਸਿੱਖਾਂ ਨੇ ਸੁਚੇਤ ਰੂਪ ਵਿਚ ਕਾਰਵਾਈ ਕਰਦੇ ਹੋਏ ਆਪਣੇ ਵਸੀਲਿਆਂ ਅਤੇ ਸਮਰਥਾ ਦੇ ਨਾਲ ਪ੍ਰਚਲਿਤ ਹੋ ਚੁੱਕੀਆਂ ਕੁਰੀਤੀਆਂ ਨੂੰ ਠੱਲ ਪਾਈ।

ਮਾਲਵੇ ਦੇ ਵਿੱਚ ਸੰਤ ਅਤਰ ਸਿੰਘ ਜੀ ਦੀ ਬਰਸੀ ਦੇ ਉਪਰ ਬੜਾ ਭਾਰੀ ਜੋੜ ਮੇਲਾ ਭਰਦਾ ਹੈ। ਸੰਤ ਅਤਰ ਸਿੰਘ ਜੀ ਬੀਤੀ ਸਦੀ ਵਿੱਚ ਗੁਰੂ ਖਾਲਸਾ ਪੰਥ ਦੀ ਅਣਥਕ ਸੇਵਾ ਕਰਨ ਵਾਲੇ ਅਤੇ ਗੁਰੂ ਪਿਆਰ ਵਿੱਚ ਰੰਗੇ ਹੋਏ ਗੁਰਮੁਖ ਹੋਏ ਹਨ। ਜਿਹਨਾਂ ਨੇ ਅਨੇਕਾਂ ਹੋਰ ਗੁਰਮੁਖਾਂ ਨੂੰ ਪੰਥ ਸੇਵਾ ਦੇ ਰਸਤੇ ਉਪਰ ਤੋਰਿਆ। ਸੰਤ ਅਤਰ ਸਿੰਘ ਜੀ ਦੀ ਯਾਦ ਵਿੱਚ ਦੂਰ ਦੁਰਾਡੇ ਤੋਂ ਸਿੱਖ ਸੰਗਤ ਉਹਨਾਂ ਦੀ ਬਰਸੀ ਉਪਰ ਪਹੁੰਚਦੀ ਹੈ। ਪਰ ਬਹੁਤਾਤ ਵਿੱਚ ਪਹੁੰਚਣ ਵਾਲੇ ਲੋਕਾਂ ਦੇ ਧਿਆਨ ਵਿਚੋਂ ਇਹ ਅਹਿਸਾਸ ਖ਼ਤਮ ਹੋ ਗਿਆ ਹੈ ਕਿ ਉਹ ਸੰਤਾਂ ਦੀ ਬਰਸੀ ਉਪਰ ਪਹੁੰਚ ਰਹੇ ਹਨ। ਵੱਡੀ ਗਿਣਤੀ ਵਿੱਚ ਲੰਗਰ ਅਤੇ ਲੰਗਰਾਂ ਵਿਚੋਂ ਸਪੀਕਰਾਂ ਉਪਰ ਹੋਕੇ, ਟ੍ਰੈਕਟਰਾਂ ਉਪਰ ਸਪੀਕਰਾਂ ਦੀਆਂ ਅਵਾਜ਼ਾਂ, ਗੁਰਮਤਿ ਤੋਂ ਉਲਟ ਦੁਕਾਨਾਂ/ਬਾਜ਼ਾਰ ਵਰਗੇ ਰੁਝਾਨ ਚਿੱਤ ਨੂੰ ਕਾਹਲ, ਮਨ ਨੂੰ ਭਟਕਾਉਣ, ਦੁਨਿਆਵੀ ਮੌਜ ਮੇਲੇ ਦੇ ਵੱਲ ਨੂੰ ਆਮ ਲੋਕਾਂ ਨੂੰ ਧੱਕ ਰਹੇ ਹਨ। ਸਾਦੇ ਲੰਗਰ ਦੀ ਜਗ੍ਹਾ, ਰਸ ਨੂੰ ਜ਼ਿਆਦਾ ਅਹਿਮੀਅਤ ਦੇਣ ਕਰਕੇ ਸ਼ਰਧਾ ਭਾਵਨਾ ਤੋਂ ਟੁੱਟੀ ਹੋਈ ਲੋਕਾਈ ਜੋੜ ਮੇਲਿਆਂ ਉਪਰ ਖਿੱਚੀ ਆਉਂਦੀ ਹੈ। ਲੰਗਰ ਦੀ ਮਰਿਯਾਦਾ ਵਿੱਚ ਢਿੱਲੇ ਪਹਿਰਿਆਂ ਕਾਰਨ ਮਾੜੀ ਕਿਸਮ ਦੇ ਬੰਦੇ ਲੰਗਰ ਦੀ ਮਰਿਯਾਦਾ ਦੇ ਉਲਟ ਕਰਮ ਕਰਦੇ ਹਨ। ਅਜਿਹੇ ਰੁਝਾਨ ਸੰਤ ਜੀ ਦੇ ਆਸ਼ੇ ਅਤੇ ਉਹਨਾਂ ਦੇ ਸੁਭਾਅ ਦੇ ਬਿਲਕੁਲ ਉਲਟ ਪ੍ਰਚਲਿਤ ਹੋ ਰਹੇ ਹਨ, ਜਿਨ੍ਹਾਂ ਨੂੰ ਰੋਕਣ ਦੀ ਜਰੂਰਤ ਹੈ।

ਹਰ ਸਾਲ 'ਖਾਲਸਾ ਸਾਜਨਾ ਦਿਵਸ' ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਚੜ੍ਹਦੀਕਲਾ ਨਾਲ ਮਨਾਇਆ ਜਾਂਦਾ ਹੈ। ਦੂਰੋਂ-ਦੂਰੋਂ ਸੰਗਤਾਂ ਵੱਡੀ ਗਿਣਤੀ ਵਿੱਚ ਇਸ ਪਵਿੱਤਰ ਦਿਹਾੜੇ 'ਤੇ ਹਾਜਰੀ ਭਰਦੀਆਂ ਹਨ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਇਸ ਪਵਿੱਤਰ ਦਿਹਾੜੇ ਨੂੰ ਇੱਕ ਮੇਲੇ ਵਜੋਂ ਜਾਣਿਆ ਜਾਣ ਲੱਗਾ ਹੈ। ਸੁਚਜੇ ਅਮਲ ਤਹਿਤ ਕੁਝ ਉਦਮ, ਸਿੱਖ ਸੰਸਥਾਵਾਂ, ਸ੍ਰੋਮਣੀ ਕਮੇਟੀ ਅਤੇ ਸਿੱਖ ਜਥਿਆਂ ਵਲੋਂ ਟ੍ਰੈਕਟਰਾਂ ਉਪਰ ਵੱਜਣ ਵਾਲੇ ਸਪੀਕਰਾਂ ਦੇ ਰੁਝਾਨ ਨੂੰ ਰੋਕਣ ਲਈ ਹੋਣੇ ਸ਼ੁਰੂ ਹੋ ਗਏ ਹਨ, ਜੋ ਕਿ ਚੰਗੀ ਗੱਲ ਹੈ। ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸਿੱਖ ਜਥਿਆਂ ਵਲੋਂ ਖਾਲਸਾ ਸਾਜਨਾ ਦਿਵਸ ਮੌਕੇ ਹੁੰਦੇ ਸਮਾਗਮਾਂ ਦੌਰਾਨ ਮੇਲਾ ਸਭਿਆਚਾਰ ਨੂੰ ਠੱਲ੍ਹ ਪਾਉਣ ਲਈ ਲਿਖਤੀ ਸੁਝਾਅ ਤਖਤ ਸਾਹਿਬ ਦੇ ਮੈਨੇਜਰ ਨੂੰ ਸੌਂਪੇ ਗਏ।

ਇਸਦੇ ਲਈ ਬਣਦੇ ਕੁਝ ਕਾਰਜ ਜੋ ਸਿੱਖ ਸੰਸਥਾਵਾਂ ਦੇ ਕਰਨਯੋਗ ਹਨ, ਜ਼ਰੂਰ ਕੀਤੇ ਜਾਣੇ ਚਾਹੀਦੇ ਹਨ, ਦੁਕਾਨਾਂ ਜੋ ਮੌਜ ਮੇਲੇ ਨਾਲ ਸਬੰਧਿਤ ਹਨ ਅਤੇ ਗੁਰਮਤਿ ਅਨੁਸਾਰ ਨਹੀਂ ਹਨ, ਅਜਿਹੀਆਂ ਦੁਕਾਨਾਂ ਨੂੰ ਲੱਗਣ ਦੀ ਮਨਜੂਰੀ ਨਹੀਂ ਦਿੱਤੀ ਜਾਣੀ ਚਾਹੀਦੀ, ਜਾਂ ਬਾਹਰ ਕਿਸੇ ਜਗ੍ਹਾ ਵਿੱਚ ਇਕੱਠੀਆ ਕਰਨੀਆਂ ਚਾਹੀਦੀਆਂ ਹਨ। ਸਪੀਕਰਾਂ ਰਾਹੀਂ ਲੰਗਰ ਛਕਣ ਦੀਆਂ ਆਵਾਜ਼ਾਂ ਦੇਣ 'ਤੇ ਸੰਕੋਚ ਕਰਨਾ ਚਾਹੀਦਾ ਹੈ। ਸ਼ਹਿਰ ਵਿੱਚ ਦਾਖਲ ਹੁੰਦਿਆਂ ਹੀ ਟ੍ਰੈਕਟਰਾਂ ਦੇ ਡੈੱਕ 'ਤੇ ਪੂਰਨ ਪਾਬੰਦੀ ਦੇ ਨਾਲ ਨਾਲ ਮੋਟਰਸਾਈਕਲਾਂ 'ਤੇ ਵੱਡੇ ਹਾਰਨ ਅਤੇ ਸ਼ੋਰ ਸ਼ਰਾਬਾ ਪਾਉਣ ਵਾਲਿਆਂ ਨੂੰ ਜੋੜ ਮੇਲਿਆਂ ਦੀ ਪਵਿੱਤਰਤਾ ਦਾ ਅਹਿਸਾਸ ਕਰਵਾਉਣ ਲਈ ਓਹੋ ਜਿਹਾ ਮਾਹੌਲ ਬਣਾਉਣਾ ਚਾਹੀਦਾ ਹੈ। ਖਾਲਸਾ ਸਾਜਨਾ ਦਿਵਸ ਮੌਕੇ ਪ੍ਰਸ਼ਾਸ਼ਨ ਵੱਲੋਂ ਸਾਧਨਾਂ ਦੇ ਦਾਖਲੇ ਲਈ ਜੋ ਪਾਸ ਮੁਹਈਆ ਕਰਵਾਏ ਜਾਂਦੇ ਹਨ ਉਹਨਾਂ 'ਤੇ ਵੀ 'ਮੇਲਾ ਪਾਸ' ਲਿਖਿਆ ਹੁੰਦਾ ਹੈ ਜੋ ਕਿ ਸਹੀ ਨਹੀਂ ਹੈ।

ਇਹ ਗੁਰੂ ਖਾਲਸਾ ਪੰਥ ਵਿੱਚ ਸ਼ਾਮਲ ਸਮੂਹ ਜਥਿਆਂ ਅਤੇ ਸੰਸਥਾਵਾਂ ਦਾ ਫਰਜ ਬਣਦਾ ਹੈ ਕਿ ਇਹਨਾਂ ਦਿਹਾੜਿਆ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪੋ ਆਪਣੀ ਸਮਰੱਥਾ ਅਨੁਸਾਰ ਯਤਨ ਕਰਨ। ਖਾਲਸਾ ਪਰਮਾਤਮਾ ਦੀ ਮੌਜ ਵਿੱਚ ਪਰਗਟ ਹੋਇਆ ਹੈ, ਇਹ ਅਕਾਲ ਪੁਰਖ ਦੀ ਫੌਜ ਹੈ ਜੋ ਹਮੇਸ਼ਾ ਨਿਤਾਣਿਆਂ ਦੀ ਧਿਰ ਬਣ ਕੇ ਪੂਰੀ ਧਰਤ 'ਤੇ ਸਰਬੱਤ ਦੇ ਭਲੇ ਅਤੇ ਬਰਾਬਰਤਾ ਦਾ ਢਾਂਚਾ ਸਿਰਜਣ ਲਈ ਯਤਨਸ਼ੀਲ ਹੈ। ਇਹਦੇ ਅਮਲਾਂ ਦੀਆਂ ਮਹਿਕਾਂ ਹਵਾਵਾਂ ਵਿੱਚ ਸਦਾ ਲਈ ਰਹਿਣਗੀਆਂ, ਜਿਹੜੀਆਂ ਯੁਗਾਂ-ਯੁਗਾਂ ਤਕ ਲੁਕਾਈ ਦੇ ਸਾਹਾਂ ਵਿੱਚ ਘੁਲ ਕੇ ਇਸ ਲਗਾਤਾਰਤਾ ਨੂੰ ਜਾਰੀ ਰੱਖਣਗੀਆਂ।

**ਧੰਨਵਾਦ ,**

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਧਰੁਵੀਕਰਨ ਦੀ ਸਿਆਸਤ ਨੇ ਲੋਕੰਤਤਰੀ ਕਦਰਾਂ ਕੀਮਤਾਂ ਦਾ ਕੀਤਾ ਨੁਕਸਾਨ

## ਭਾਰਤ ਨੂੰ ਧਰਮ ਨਿਰਪੱਖ ਦੇਸ਼ ਹੋਣਾ ਚਾਹੀਦਾ ਹੈ ਜਾਂ ਹਿੰਦੂ ਰਾਸ਼ਟਰ ?

### ਵੰਡਿਆ ਹੋਇਆ ਰਾਜਨੀਤਿਕ ਦ੍ਰਿਸ਼, ਭਾਰਤ 'ਚ ਆਰਥਿਕ ਤਬਦੀਲੀ, ਮੀਡੀਆ ਦੇ ਹਾਲਾਤ ਅਤੇ ਮੁਕਾਬਲੇ ਵਾਲੀ ਜਾਤੀ ਰਾਜਨੀਤੀ 'ਚ ਵਾਧੇ ਨੇ ਧਰੁਵੀਕਰਨ ਵਧਾਇਆ



**ਰਣਜੀਤ ਸਿੰਘ ਕੁਕੀ**




> *ਸਟੇਟ ਦੁਆਰਾ ਪਿਛਲੇ ਵਰ੍ਹੇ ਤੋਂ ਹੀ ਖੋਖਲੇ ਬਿਰਤਾਂਤਾਂ ਨੂੰ ਮੁੱਖਧਾਰਾ ਵਿੱਚ ਲੈ ਕੇ ਆਉਣ ਨਾਲ ਸਿੱਖਾਂ ਦੀ ਅਰਥਪੂਰਣ ਰਾਜਨੀਤਿਕ ਸੋਚ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਤਾਂ ਕਿ ਇੱਥੇ ਕੋਈ ਸਿਹਤਮੰਦ ਰਾਜਨੀਤਿਕ ਵਿਚਾਰ ਪੈਦਾ ਨਾ ਹੋ ਸਕੇ।ਸੱਤਾਧਾਰੀ ਪਾਰਟੀ ਦੇ ਕੇਂਦਰੀ ਲੀਡਰਸ਼ਿਪ ਨੇ ਖੋਖਲੇ ਬਿਰਤਾਤਾਂ ਨੂੰ ਮੁੱਖਧਾਰਾ ਵਿੱਚ ਲਿਆਉਣ ਅਤੇ ਉਸ ਰਾਹੀ ਇੱਥੇ ਤਣਾਅ ਪੈਦਾ ਕਰਨ ਵਿੱਚ ਕਾਫੀ ਭੂਮਿਕਾ ਅਦਾ ਕੀਤੀ ਹੈ।ਇਸ ਤੋਂ ਇਲਾਵਾ ਇਕ ਹੋਰ ਮਹੱਤਵਪੂਰਨ ਮੁੱਦਾ ਕੁੱਝ ਕੁ ਘਟਨਾਵਾਂ ਜਾਂ ਖ਼ਾਸ ਵਿਅਕਤੀਆਂ ਨੂੰ ਨਿਰੰਤਰ ਵਧਾ ਚੜ੍ਹਾ ਕੇ ਪੇਸ਼ ਕਰਨਾ ਹੈ ਤਾਂ ਕਿ ਖ਼ਤਰੇ ਦੇ ਬਿਰਤਾਂਤ ਨੂੰ ਅੱਗੇ ਵਧਾਇਆ ਜਾ ਸਕੇ ਜਦੋਂ ਕਿ ਅਸਲ ਵਿੱਚ ਸਥਿਤੀ ਕੁਝ ਹੋਰ ਹੈ।ਆਰ ਐਸ ਐਸ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਧਰੁਵੀਕਰਨ ਦੇ ਬਿਰਤਾਂਤ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ ਤਾਂ ਕਿ ਸਿੱਖਾਂ ਨੂੰ ਇਸ ਦੇ ਨਾਲ-ਨਾਲ ਤੋਰ ਕੇ ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤਾ ਜਾ ਸਕੇ।*

2024 ਵਰ੍ਹੇ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਹੀ ਭਾਰਤ ਵਿੱਚ ਲੋਕ ਸਭਾ ਚੋਣਾਂ ਹੋਣ ਜਾ ਰਹੀਆਂ ਹਨ, ਪਰ ਭਾਰਤ ਅਤੇ ਭਾਰਤੀ ਰਾਜਨੀਤੀ ਵਿੱਚ ਧਰੁਵੀਕਰਨ ਪਹਿਲਾਂ ਤੋਂ ਵੀ ਜ਼ਿਆਦਾ ਜ਼ਹਿਰੀਲਾ ਹੋ ਚੁੱਕਿਆ ਹੈ ਅਤੇ ਇਸ ਦੇ ਘਟਣ ਦੀਆਂ ਵੀ ਕੋਈ ਸੰਭਾਵਨਾਵਾਂ ਨਜ਼ਰ ਨਹੀਂ ਆ ਰਹੀਆਂ।19ਵੀਂ ਸਦੀ ਦੇ ਅੰਤ ਤੋਂ ਹੀ ਭਾਰਤ ਵਿੱਚ ਰਾਜਨੀਤਿਕ ਅਤੇ ਸਮਾਜਿਕ ਧਰੁਵੀਕਰਨ ਨੇਸ਼ਨਹੁੱਡ ਦੇ ਸੁਆਲ ਵਿੱਚ ਮਹੱਤਵਪੂਰਨ ਰਿਹਾ ਹੈ।ਕੀ ਭਾਰਤ ਨੂੰ ਧਰਮ ਨਿਰਪੱਖ ਦੇਸ਼ ਹੋਣਾ ਚਾਹੀਦਾ ਹੈ ਜਾਂ ਹਿੰਦੂ ਰਾਸ਼ਟਰ ਕਿਉਂ ਕਿ ਅੱਸੀ ਪ੍ਰਤੀਸ਼ਤ ਅਬਾਦੀ ਹਿੰਦੂ ਹੈ।ਹਾਲਾਂਕਿ, ਧਰਮਨਿਰੱਪਖ ਅਤੇ ਬਹੁਲਵਾਦੀ ਕਾਂਗਰਸ 1970ਵਿਆਂ ਤੱਕ ਧਰੁਵੀਕਰਨ ਦੇ ਮੁੱਦੇ ਨਾਲ ਛੇੜਛਾੜ ਕਰਦੀ ਰਹੀ ਹੈ, ਪਰ ਪਿਛਲੇ ਦਹਾਕਿਆਂ ਵਿੱਚ ਹਿੰਦੂ ਸੰਸਥਾਵਾਂ ਦੇ ਪ੍ਰਫੁੱਲਿਤ ਹੋਣ ਨਾਲ ਇਸ ਤਣਾਅ ਵਿੱਚ ਵਾਧਾ ਹੋਇਆ ਹੈ।ਬੁਰੀ ਤਰਾਂ ਵੰਡਿਆ ਹੋਇਆ ਰਾਜਨੀਤਿਕ ਦ੍ਰਿਸ਼, ਭਾਰਤੀ ਵਿੱਚ ਆਰਥਿਕ ਤਬਦੀਲੀ, ਮੀਡੀਆ ਦੇ ਹਾਲਾਤ ਅਤੇ ਮੁਕਾਬਲੇ ਵਾਲੀ ਜਾਤੀ ਰਾਜਨੀਤੀ ਵਿੱਚ ਵਾਧੇ ਨੇ ਧਰੁਵੀਕਰਨ ਵਿੱਚ ਵਾਧਾ ਕੀਤਾ ਹੈ।ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਦੀ 2014 ਅਤੇ 2019 ਵਿੱਚ ਹੋਈ ਜਿੱਤ ਕਰਕੇ ਧਰੁਵੀਕਰਨ ਦੀ ਰਾਜਨੀਤੀ ਵਿੱਚ ਹੋਰ ਜ਼ਿਆਦਾ ਵਾਧਾ ਹੋਇਆ ਹੈ।

ਭਾਰਤ ਦੀਆਂ ਅਜ਼ਾਦ ਰਾਜਨੀਤਿਕ ਸੰਸਥਾਵਾਂ ਉੱਪਰ ਹਮਲੇ ਵਧੇ ਹਨ। ਭਾਰਤ ਦੀਆਂ ਵਿਰੋਧੀ ਪਾਰਟੀਆਂ ਬਹੁਲਵਾਦ ਨੂੰ ਬਚਾਉਣ ਦੀ ਰਾਜਨੀਤੀ ਤੋਂ ਪਿੱਛੇ ਹਟਣ ਲੱਗੀਆਂ ਹਨ ਅਤੇ ਘੱਟ ਗਿਣਤੀਆਂ ਖ਼ਿਲਾਫ਼ ਨਫ਼ਰਤ ਅਤੇ ਹਿੰਸਾ ਵਿੱਚ ਵੀ ਬੇਇੰਤਹਾ ਵਾਧਾ ਹੋਇਆ ਹੈ।ਕੋਰੋਨਾ ਮਹਾਂਮਾਰੀ ਨੇ ਰਾਜਨੀਤਿਕ ਲੀਡਰਸ਼ਿਪ ਨੂੰ ਇਕਜੁੱਟ ਕਰ ਇਸ ਧਰੁਵੀਕਰਨ ਨੂੰ ਬਿਲਕੁਲ ਹੀ ਸਤਹ ਉੱਪਰ ਲਿਆਂਦਾ ਹੈ, ਪਰ ਸਮਾਜਿਕ ਪੱਧਰ ਉੱਪਰ ਇਸ ਸੰਕਟ ਕਰਕੇ ਭਾਰਤ ਵਿੱਚ ਮੁਸਲਿਮ ਭਾਈਚਾਰੇ ਵਿਰੁੱਧ ਅਸਹਿਣਸ਼ੀਲਤਾ ਵਿੱਚ ਵਾਧਾ ਹੋਇਆ ਹੈ। ਹਾਲਾਂਕਿ ਬਹੁਤ ਸਾਰੇ ਲੋਕਾਂ ਨੇ ਭਾਰਤ ਵਿੱਚ ਬਹੁਗਿਣਤੀਵਾਦ ਦੀ ਰਾਜਨੀਤੀ ਖਿਲ਼ਾਫ ਆਪਣਾ ਬਿਰਤਾਂਤ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਸੰਵਾਦ ਨੂੰ ਬਿਹਤਰ ਬਣਾਉਣ ਦੀ ਪਹਿਲ ਕੀਤੀ ਹੈ।

ਭਾਰਤ ਵਿੱਚ ਧਰਮ ਨਿਰਪੱਖ ਅਤੇ ਹਿੰਦੂ ਰਾਸ਼ਟਰ ਦੀ ਪਰਿਕਲਪਨਾ ਵਿੱਚ ਪਾੜਾ ਹੀ ਧਰੁਵੀਕਰਨ ਦਾ ਧੁਰਾ ਬਣਦਾ ਹੈ।ਇਸ ਦਾ ਅਰਥ ਜਾਤੀ, ਜਮਾਤ, ਭਾਸ਼ਾ ਅਤੇ ਖਿੱਤਾ ਅਧਾਰਿਤ ਧਰੁਵੀਕਰਨ ਨੂੰ ਅੱਖੋਂ-ਪਰੋਖੇ ਕਰਨਾ ਨਹੀਂ ਹੈ।ਇਸ ਤਰਾਂ ਦੀ ਦਰਾਰ ਉਪ-ਰਾਸ਼ਟਰ ਪੱਧਰ 'ਤੇ ਹੋਰ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ ਕਿਉਂਕਿ ਕੋਈ ਵੀ ਇਕ ਸਮੂਹ ਰਾਸ਼ਟਰ ਪੱਧਰ ਉੱਪਰ ਅੱਗੇ ਨਹੀਂ ਆ ਪਾਇਆ ਹੈ।ਇਹਨਾਂ ਮੁੱਦਿਆਂ ਉੱਪਰ ਅਧਾਰਿਤ ਧਰੁਵੀਕਰਨ ਨੇ ਐਮਰਜੈਂਸੀ (1975-77) ਨੂੰ ਛੱਡ ਕੇ ਭਾਰਤੀ ਲੋਕਤੰਤਰ ਨੂੰ ਹੋਂਦ ਦਾ ਖ਼ਤਰਾ ਨਹੀਂ ਪੈਦਾ ਕੀਤਾ ਹੈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇੱਕੀ ਮਹੀਨਿਆਂ ਲਈ ਨਾਗਰਿਕਾਂ ਦੇ ਸਾਰੇ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਸੀ। ਇਸ ਨੂੰ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਕਾਲੇ ਪੰਨੇ ਵਜੋਂ ਜਾਣਿਆ ਜਾਂਦਾ ਹੈ।ਧਰੁਵੀਕਰਨ ਦੇ ਹੋਰ ਮੁੱਦਿਆਂ ਦੇ ਨਾਲ-ਨਾਲ ਹਿੰਦੂ ਰਾਸ਼ਟਰਵਾਦ ਉੱਪਰ ਅਧਾਰਿਤ ਧਰੁਵੀਕਰਨ ਅਜ਼ਾਦੀ ਅਤੇ ਬਹੁਲਾਵਾਦੀ ਲੋਕਤੰਤਰ ਨੂੰ ਗੰਭੀਰ ਖ਼ਤਰੇ ਖੜੇ ਕਰ ਰਿਹਾ ਹੈ।ਕੋਈ ਵੀ ਰਾਜ ਉਦੋਂ ਖ਼ੁਦਮੁਖ਼ਤਿਆਰ ਹੋ ਸਕਦਾ ਹੈ ਜਦੋਂ ਇਹ ਬਹੁਲਵਾਦ ਅਤੇ ਧਰਮਨਿਰਪੱਖ ਵਰਗੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਨਾਲ ਲੈ ਕੇ ਚੱਲਦਾ ਹੈ ਨਾ ਕਿ ਧਰੁਵੀਕਰਨ ਦੇ ਬਿਰਤਾਂਤ ਨੂੰ ਅੱਗੇ ਵਧਾਉਣ ਨਾਲ।

ਅੱਜ ਕੱਲ ਰਾਜਨੀਤਿਕ ਵਿਗਿਆਨ ਉੱਚੇ ਨਾਹਰਿਆਂ, ਰਾਜਨੀਤਿਕ ਗੁੱਸਾ ਅਤੇ ਅਤਿਰਾਸ਼ਟਰਵਾਦ ਉੱਪਰ ਆਧਾਰਿਤ ਹੈ ਜੋ ਕਿ ਲੋਕਾਂ ਦੀ ਸੋਚ ਅਤੇ ਦ੍ਰਿਸ਼ਟੀ ਨੂੰ ਧੁੰਦਲਾ ਕਰ ਰਿਹਾ ਹੈ।ਇਸ ਲਈ ਸੱਚ ਨੂੰ ਝੂਠ ਤੋਂ ਵੱਖ ਕਰਨਾ ਹੋਰ ਵੀ ਜ਼ਿਆਦਾ ਔਖਾ ਹੋ ਜਾਂਦਾ ਹੈ।ਜਿਸ ਤਰਾਂ ਸਟੇਟ ਦੀਆਂ ਸੰਸਥਾਵਾਂ ਵਿੱਚ ਨਿਘਾਰ ਆ ਰਿਹਾ ਹੈ, ਧਾਰਮਿਕ ਖੇਤਰ ਵੀ ਇਸ ਤੋਂ ਅਣਲੱਗ ਨਹੀਂ ਰਿਹਾ ਹੈ। ਅੱਜ ਦੇ ਸਮੇਂ ਵਿੱਚ ਧਰਮ ਨੇ ਵੀ ਆਪਣੀ ਦਿਆਲਤਾ ਗੁਆ ਲਈ ਹੈ ਅਤੇ ਇਸ ਦੀ ਜਗ੍ਹਾ ਦਿਲਕਸ਼ ਨਾਹਰਿਆਂ ਨੇ ਲੈ ਲਈ ਹੈ ਜਿਸ ਨੇ ਇਸ ਤਰਾਂ ਦਾ ਨਜ਼ਰੀਆ ਪੈਦਾ ਕੀਤਾ ਹੈ ਜਿਸ ਨੇ ਧਰਮ ਨੂੰ ਸਿਰਫ਼ ਸਨਸਨੀ ਤੱਕ ਮਹਿਦੂਦ ਕਰ ਦਿੱਤਾ ਹੈ ਅਤੇ ਨੈਤਿਕ ਅਤੇ ਬੌਧਿਕ ਕੰਗਾਲੀ ਦਾ ਵੀ ਜਸ਼ਨ ਮਨਾਉਣਾ ਸਾਹਮਣੇ ਲਿਆਂਦਾ ਹੈ।ਜਿਸ ਚੀਜ਼ ਨੇ ਬੁੱਧ ਨੂੰ ਮਾਨਵਤਾ ਦੇ ਸਿੱਖਿਅਕ ਵਜੋਂ ਪੇਸ਼ ਕੀਤਾ, ਉਹ ਸੀ ਜ਼ਿੰਦਗੀ ਅਤੇ ਮੌਤ ਦੇ ਰਾਗ ਨੂੰ ਡੂੰਘਾਈ ਵਿੱਚ ਉੱਤਰ ਕੇ ਦੇਖ ਸਕਣਾ, ਮਨੁੱਖੀ ਜ਼ਿੰਦਗੀ ਅਤੇ ਆਤਮਾ ਦੇ ਆਪਸੀ ਸੁਮੇਲ ਨੂੰ ਸਮਝਣਾ ਅਤੇ ਸੀਮਿਤ ਅਤੇ ਅਸੀਮਿਤ ਦੇ ਫ਼ਰਕ ਨੂੰ ਸਮਝਣਾ ਅਤੇ ਖੋਖਲੇ ਨਾਅਰਿਆਂ ਦੇ ਥਾਂ ਤੇ ਮੁਹੱਬਤ ਅਤੇ ਦਯਾ ਨੂੰ ਸਥਾਨ ਦੇਣਾ।

ਸਟੇਟ ਦੁਆਰਾ ਪਿਛਲੇ ਵਰ੍ਹੇ ਤੋਂ ਹੀ ਖੋਖਲੇ ਬਿਰਤਾਂਤਾਂ ਨੂੰ ਮੁੱਖਧਾਰਾ ਵਿੱਚ ਲੈ ਕੇ ਆਉਣ ਨਾਲ ਸਿੱਖਾਂ ਦੀ ਅਰਥਪੂਰਣ ਰਾਜਨੀਤਿਕ ਸੋਚ ਨੂੰ ਕਮਜੋਰ ਕੀਤਾ ਜਾ ਰਿਹਾ ਹੈ ਤਾਂ ਕਿ ਇੱਥੇ ਕੋਈ ਸਿਹਤਮੰਦ ਰਾਜਨੀਤਿਕ ਵਿਚਾਰ ਪੈਦਾ ਨਾ ਹੋ ਸਕੇ।ਸੱਤਾਧਾਰੀ ਪਾਰਟੀ ਦੇ ਕੇਂਦਰੀ ਲੀਡਰਸ਼ਿਪ ਨੇ ਖੋਖਲੇ ਬਿਰਤਾਤਾਂ ਨੂੰ ਮੁੱਖਧਾਰਾ ਵਿਚ ਲਿਆਉਣ ਅਤੇ ਉਸ ਰਾਹੀ ਇੱਥੇ ਤਣਾਅ ਪੈਦਾ ਕਰਨ ਵਿੱਚ ਕਾਫੀ ਭੂਮਿਕਾ ਅਦਾ ਕੀਤੀ ਹੈ।ਇਸ ਤੋਂ ਇਲਾਵਾ ਇਕ ਹੋਰ ਮਹੱਤਵਪੂਰਨ ਮੁੱਦਾ ਕੁੱਝ ਕੁ ਘਟਨਾਵਾਂ ਜਾਂ ਖ਼ਾਸ ਵਿਅਕਤੀਆਂ ਨੂੰ ਨਿਰੰਤਰ ਵਧਾ ਚੜ੍ਹਾ ਕੇ ਪੇਸ਼ ਕਰਨਾ ਹੈ ਤਾਂ ਕਿ ਖ਼ਤਰੇ ਦੇ ਬਿਰਤਾਂਤ ਨੂੰ ਅੱਗੇ ਵਧਾਇਆ ਜਾ ਸਕੇ

(ਬਾਕੀ ਸਫ਼ਾ 30 'ਤੇ)

# ਭਾਰਤ 'ਚ ਘੱਟਗਿਣਤੀਆਂ ਤੇ ਮੀਡੀਆ ਦਾ ਹੋ ਰਿਹੈ ਘਾਣ

## ਐਮਨੈਸਟੀ ਇੰਟਰਨੈਸ਼ਨਲ ਨੇ ਮਨੁੱਖੀ ਅਧਿਕਾਰਾਂ ਬਾਰੇ ਜਾਰੀ ਕੀਤੀ ਰਿਪੋਰਟ






ਐਮਨੈਸਟੀ ਇੰਟਰਨੈਸ਼ਨਲ ਨੇ ਹਾਲ ਹੀ ਵਿੱਚ ਆਪਣੀ ਸਾਲਾਨਾ ਰਿਪੋਰਟ 2022/23 ਦਾ ਸਟੇਟ ਆਫ ਵਰਲਡਜ ਹਿਊਮਨ ਰਾਈਟਸ ਪ੍ਰਕਾਸ਼ਿਤ ਕੀਤੀ ਹੈ। ਇਸ ਵਿੱਚ ਭਾਰਤ ਬਾਰੇ ਦੱਸਿਆ ਗਿਆ ਹੈ ਕਿ ਬਿਨਾਂ ਬਹਿਸ ਅਤੇ ਕਾਨੂੰਨੀ ਮਾਹਿਰਾਂ ਦੀ ਸਲਾਹ ਲਏ ਬਿਨਾਂ ਨਵੇਂ ਕਾਨੂੰਨ ਅਤੇ ਨੀਤੀਆਂ ਲਾਗੂ ਕਰਕੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਮੈਂਬਰਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ।ਭਾਰਤ ਸਰਕਾਰ ਧਾਰਮਿਕ ਘੱਟ-ਗਿਣਤੀਆਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ ਅਤੇ ਸੱਤਾਧਾਰੀ ਨੇਤਾ, ਸਮਰਥਕ ਅਤੇ ਸੱਤਾ 'ਤੇ ਬੈਠੇ ਸਰਕਾਰੀ ਅਧਿਕਾਰੀ ਖੁੱਲ੍ਹੇਆਮ ਨਫ਼ਰਤ ਭਰੇ ਬਿਆਨ ਦਿੰਦੇ ਹਨ, ਘੱਟ ਗਿਣਤੀਆਂ ਵਿਰੁੱਧ ਭਾਸ਼ਣ ਤੇ ਨਾਅਰੇਬਾਜ਼ੀ ਕਰਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਹੀਂ ਮਿਲਦੀ। ਮੁਸਲਿਮ ਪਰਿਵਾਰਾਂ ਅਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਸਜ਼ਾ ਦੇ ਨਾਂ 'ਤੇ ਬਿਨਾਂ ਕਿਸੇ ਕਾਨੂੰਨੀ ਪ੍ਰਕਿਰਿਆ ਦੇ ਬੁਲਡੋਜ਼ਰ ਨਾਲ ਉਹਨਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਅਤੇ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਮਿਲਦੀ।

ਐਮਨੈਸਟੀ ਦੀ ਰਿਪੋਰਟ ਅਨੁਸਾਰ ਸਰਕਾਰ ਅਤੇ ਮੀਡੀਆ ਘੱਟ ਗਿਣਤੀ ਕੌਮਾਂ ਦੀਆਂ ਮੰਗਾਂ ਬਾਰੇ ਅੰਦੋਲਨਾਂ ਨੂੰ ਦੇਸ਼ ਲਈ ਖ਼ਤਰਾ ਦੱਸਦੀ ਹੈ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਤੇ ਅੰਦੋਲਨਾਂ ਨੂੰ ਕੁਚਲਣ ਲਈ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਉਹਨਾਂ ਦੀ ਆਵਾਜ਼ ਨੂੰ ਦਬਾਉਣ ਲਈ ਉਹਨਾਂ ਵਿਰੁੱਧ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਿਆਪਕ ਤੌਰ 'ਤੇ ਦੁਰਵਰਤੋਂ ਕੀਤੀ ਜਾਂਦੀ ਹੈ। ਨਿਰਪੱਖ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਚੁੱਪ ਕਰਾਉਣ ਲਈ ਡਿਜੀਟਲ ਤਕਨਾਲੋਜੀ ਦੇ ਨਾਲ-ਨਾਲ ਗੈਰ-ਕਾਨੂੰਨੀ ਤੌਰ ਉਪਰ ਨਿਗਰਾਨੀ ਰੱਖੀ ਜਾਂਦੀ ਹੈ। ਭਾਰਤ ਵਿੱਚ ਆਦਿਵਾਸੀਆਂ ਅਤੇ ਦਲਿਤਾਂ ਵਰਗੇ ਹਾਸ਼ੀਏ 'ਤੇ ਰਹਿ ਗਏ ਭਾਈਚਾਰਿਆਂ ਵਿਰੁੱਧ ਹਿੰਸਾ ਅਤੇ ਵਿਤਕਰਾ ਆਮ ਗੱਲ ਹੈ।

ਇਸ ਰਿਪੋਰਟ ਵਿੱਚ ਪ੍ਰਗਟਾਵੇ ਅਤੇ ਵਿਰੋਧ ਦੀ ਆਜ਼ਾਦੀ, ਗੈਰ-ਕਾਨੂੰਨੀ ਨਜ਼ਰਬੰਦੀ, ਗੈਰ-ਕਾਨੂੰਨੀ ਹਮਲੇ ਅਤੇ ਹੱਤਿਆਵਾਂ, ਸੁਰੱਖਿਆ ਬਲਾਂ ਦੀ ਦੁਰਵਰਤੋਂ, ਧਾਰਮਿਕ ਆਜ਼ਾਦੀ, ਵਿਤਕਰਾ ਅਤੇ ਅਸਮਾਨਤਾ, ਆਦਿਵਾਸੀਆਂ ਦੇ ਅਧਿਕਾਰ, ਜੰਮੂ-ਕਸ਼ਮੀਰ, ਨਿੱਜਤਾ ਦਾ ਅਧਿਕਾਰ, ਔਰਤਾਂ ਦੇ ਅਧਿਕਾਰ, ਵਾਤਾਵਰਨ ਦੇ ਪਰਿਵਰਤਨ ਨੂੰ ਕੰਟਰੋਲ ਕਰਨ ਵਿੱਚ ਅਸਫਲਤਾ ਤੇ ਪ੍ਰਦੂਸ਼ਣ ਵਰਗੇ ਵਿਸ਼ੇ ਸ਼ਾਮਲ ਹਨ।

ਇਸ ਰਿਪੋਰਟ ਮੁਤਾਬਕ ਭਾਰਤ ਹੀ ਨਹੀਂ, ਸਗੋਂ ਪੂਰਾ ਦੱਖਣੀ ਏਸ਼ੀਆ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਗੜ੍ਹ ਬਣ ਚੁੱਕਾ ਹੈ। ਇਸ ਪੂਰੇ ਖ਼ਿੱਤੇ ਵਿੱਚ ਸੱਤਾ ਦੇ ਵਿਰੋਧ ਦੀਆਂ ਆਵਾਜ਼ਾਂ ਨੂੰ ਕੁਚਲਿਆ ਜਾ ਰਿਹਾ ਹੈ, ਔਰਤਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ ਅਤੇ ਘੱਟ ਗਿਣਤੀਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਦੱਖਣੀ ਏਸ਼ੀਆ ਵਿਸ਼ਵ ਆਰਥਿਕ ਗਤੀਵਿਧੀਆਂ ਅਤੇ ਸਿਆਸੀ ਤਾਕਤਾਂ ਦਾ ਧੁਰਾ ਬਣ ਰਿਹਾ ਹੈ, ਜਿਸ ਕਾਰਨ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਹੋ ਰਹੀ ਹੈ ਅਤੇ ਦੁਨੀਆ ਦਾ ਧਿਆਨ ਇਸ ਪਾਸੇ ਨਹੀਂ ਜਾ ਰਿਹਾ ਹੈ।

ਕਿਸੇ ਵੀ ਅੰਤਰਰਾਸ਼ਟਰੀ ਜਾਂ ਖੇਤਰੀ ਵਾਰਤਾਲਾਪ ਵਿੱਚ ਮਨੁੱਖੀ ਅਧਿਕਾਰਾਂ ਦਾ ਕੋਈ ਮੁੱਦਾ ਨਹੀਂ ਉਠਦਾ। ਤਮਾਮ ਖ਼ਤਰਿਆਂ ਦੇ ਬਾਵਜੂਦ ਪਿਛਲੇ ਸਾਲ ਅਫ਼ਗਾਨਿਸਤਾਨ, ਬੰਗਲਾਦੇਸ਼, ਭਾਰਤ, ਨੇਪਾਲ, ਮਾਲਦੀਵ, ਮਿਆਂਮਾਰ, ਪਾਕਿਸਤਾਨ ਅਤੇ ਸ੍ਰੀਲੰਕਾ ਵਿੱਚ ਸੱਤਾ ਤੋਂ ਦੁਖੀ ਜਨਤਾ ਸੜਕਾਂ 'ਤੇ ਪ੍ਰਦਰਸ਼ਨ ਕਰਦੀ ਰਹੀ। ਭਾਰਤ, ਅਫ਼ਗਾਨਿਸਤਾਨ, ਮਿਆਂਮਾਰ ਅਤੇ ਬੰਗਲਾਦੇਸ਼ ਵਿੱਚ ਸੱਤਾ ਦੁਆਰਾ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਇਆ ਜਾ ਰਿਹਾ ਹੈ।

ਭਾਰਤ ਵਿੱਚ ਮਨੁੱਖੀ ਅਧਿਕਾਰ ਕਾਰਕੁਨਾਂ, ਨਿਰਪੱਖ ਪੱਤਰਕਾਰਾਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਦੇ ਵਿਦੇਸ਼ ਜਾਣ 'ਤੇ ਪਾਬੰਦੀ ਲਗਾਈ ਜਾਂਦੀ ਹੈ, ਤਾਂ ਜੋ ਮਨੁੱਖੀ ਅਧਿਕਾਰਾਂ ਦੇ ਘਾਣ ਦੀਆਂ ਖ਼ਬਰਾਂ ਵਿਦੇਸ਼ਾਂ ਤੱਕ ਨਾ ਪਹੁੰਚ ਸਕਣ। ਭਾਰਤ ਵਿੱਚ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਨੂੰ ਬਿਨਾਂ ਮੁਕੱਦਮੇ ਚਲਾਏ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦਾ ਇੱਕ ਨਵਾਂ ਰੁਝਾਨ ਸ਼ੁਰੂ ਹੋ ਗਿਆ ਹੈ। ਵਿਰੋਧੀਆਂ ਅਤੇ ਨਿਰਪੱਖ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ 'ਤੇ ਮਨੀ ਲਾਂਡਰਿੰਗ ਦੀ ਜਾਂਚ ਅਚਾਨਕ ਸ਼ੁਰੂ ਹੋ ਜਾਂਦੀ ਹੈ।

ਦੱਖਣੀ ਏਸ਼ੀਆ ਲਈ ਐਮਨੈਸਟੀ ਇੰਟਰਨੈਸ਼ਨਲ ਦੀ ਡਿਪਟੀ ਡਾਇਰੈਕਟਰ, ਦਿਨੁਸ਼ਿਖਾ ਦਿਸਾਨਾਇਕ ਦੇ ਅਨੁਸਾਰ, ਪੂਰੇ ਖੇਤਰ ਵਿੱਚ ਮਨੁੱਖੀ ਅਧਿਕਾਰ ਬੁਰੀ ਤਰ੍ਹਾਂ ਵਹਿਸ਼ੀ ਢੰਗ ਨਾਲ ਸਟੇਟ ਦੁਆਰਾ ਕੁਚਲੇ ਜਾਂਦੇ ਹਨ।

ਹਿਊਮਨ ਰਾਈਟਸ ਵਾਚ ਨੇ ਐਮਨੈਸਟੀ ਇੰਟਰਨੈਸ਼ਨਲ ਤੋਂ ਪਹਿਲਾਂ ਗਲੋਬਲ ਵਿਸ਼ਲੇਸ਼ਣ 2023 ਪ੍ਰਕਾਸ਼ਿਤ ਕੀਤਾ ਸੀ, ਜਿਸ ਵਿੱਚ ਸਾਲ 2022 ਵਿੱਚ ਵਿਸ਼ਵ ਮਨੁੱਖੀ ਅਧਿਕਾਰਾਂ ਦੀ ਸਥਿਤੀ ਦਾ ਮੁਲਾਂਕਣ ਪੇਸ਼ ਕੀਤਾ ਸੀ। ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਅਫ਼ਗਾਨਿਸਤਾਨ ਅਤੇ ਮਿਆਂਮਾਰ ਵਿੱਚ ਮਨੁੱਖੀ ਅਧਿਕਾਰਾਂ ਦੇ ਨਾਲ-ਨਾਲ ਜਿਊਣ ਦੇ ਅਧਿਕਾਰ ਦਾ ਵੀ ਘਾਣ ਕੀਤਾ ਜਾਂਦਾ ਹੈ ਪਰ ਦੁਨੀਆ ਚੁੱਪ ਹੈ। ਚੀਨ ਵਿੱਚ ਲੱਖਾਂ ਉਗਯਾਰ ਅਤੇ ਤੁਰਕੀ ਮੁਸਲਮਾਨਾਂ ਨੂੰ ਗੁਲਾਮ ਵਰਗੀ ਸਥਿਤੀ ਵਿੱਚ ਰੱਖਿਆ ਜਾ ਰਿਹਾ ਹੈ। ਹਿਊਮਨ ਰਾਈਟਸ ਵਾਚ ਦੀ ਮੁਖੀ ਤੀਰਾਨਾ ਹਸਨ ਦੇ ਅਨੁਸਾਰ, ਕੁਝ ਦੇਸ਼ਾਂ ਵਿੱਚ ਜਿੱਥੇ ਲੋਕ ਕਦੇ ਵੀ ਤਾਨਾਸ਼ਾਹ ਸ਼ਕਤੀ ਦੇ ਵਿਰੁੱਧ ਖੜ੍ਹੇ ਨਹੀਂ ਹੁੰਦੇ ਸਨ, ਉੱਥੇ ਵੀ ਵੱਡੇ ਅੰਦੋਲਨ ਅਤੇ ਪ੍ਰਦਰਸ਼ਨ ਹੋ ਰਹੇ ਹਨ।

ਚੀਨ ਵਿੱਚ ਹੀ ਜ਼ੀਰੋ-ਕੋਵਿਡ ਦੇ ਨਾਂ 'ਤੇ ਲਾਈਆਂ ਗਈਆਂ ਸਖ਼ਤ ਪਾਬੰਦੀਆਂ ਖ਼ਿਲਾਫ਼ ਕਈ ਸ਼ਹਿਰਾਂ ਵਿੱਚ ਸੜਕਾਂ 'ਤੇ ਵੱਡੇ ਪ੍ਰਦਰਸ਼ਨ ਕੀਤੇ ਗਏ। ਈਰਾਨ ਵਿੱਚ 22 ਸਾਲਾ ਮਹਿਸਾ ਅਮੀਨੀ ਦੇ ਪੁਲਿਸ ਹੱਥੋਂ ਮਾਰੇ ਜਾਣ ਤੋਂ ਬਾਅਦ ਲਗਭਗ ਪੂਰੀ ਆਬਾਦੀ ਸੜਕਾਂ 'ਤੇ ਆ ਗਈ ਸੀ। ਇਰਾਨ ਵਰਗੇ ਤਾਨਾਸ਼ਾਹ ਦੇਸ਼ ਵਿੱਚ ਇਸ ਅੰਦੋਲਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ, ਪਰ ਇਸ ਅੰਦੋਲਨ ਵਿੱਚ ਔਰਤਾਂ, ਮਰਦ ਅਤੇ ਬੱਚੇ ਵੀ ਸ਼ਾਮਲ ਸਨ, ਖਿਡਾਰੀਆਂ ਅਤੇ ਕਲਾਕਾਰਾਂ ਨੇ ਵੀ ਸਰਗਰਮ ਹਿੱਸਾ ਲਿਆ। ਤੀਰਾਨਾ ਹਸਨ ਅਨੁਸਾਰ ਕੁਝ ਘਟਨਾਵਾਂ ਤੋਂ ਬਾਅਦ ਅੰਦੋਲਨ ਅਤੇ ਪ੍ਰਦਰਸ਼ਨ ਕੀਤੇ ਜਾਂਦੇ ਹਨ, ਪਰ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਅਜਿਹੇ ਅੰਦੋਲਨਾਂ ਨੂੰ ਵਿਸ਼ਵ ਸਹਾਇਤਾ ਦੀ ਲੋੜ ਹੁੰਦੀ ਹੈ। ਪਰ ਦੁਨੀਆ ਇਹਨਾਂ ਹਰਕਤਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਅੱਜ ਵੀ ਅਫ਼ਗਾਨਿਸਤਾਨ, ਮਿਆਂਮਾਰ, ਫ਼ਲਸਤੀਨ ਅਤੇ ਇਥੋਪੀਆ ਵਰਗੇ ਦੇਸ਼ਾਂ ਵਿੱਚ ਵੱਡੇ ਪੱਧਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਦੇ ਬਾਵਜੂਦ ਕੌਮਾਂਤਰੀ ਭਾਈਚਾਰਾ ਚੁੱਪ-ਚਾਪ ਬੈਠਾ ਤਮਾਸ਼ਾ ਦੇਖ ਰਿਹਾ ਹੈ। ਸਾਲ 2022 ਔਰਤਾਂ ਦੇ ਅਧਿਕਾਰਾਂ ਲਈ ਬਹੁਤ ਮਾੜਾ ਰਿਹਾ ਹੈ। ਅਫ਼ਗਾਨਿਸਤਾਨ ਵਿੱਚ ਔਰਤਾਂ ਤੋਂ ਸਾਰੇ ਅਧਿਕਾਰ ਖੋਹ ਲਏ ਗਏ ਅਤੇ ਅਮਰੀਕਾ ਵਿੱਚ ਗਰਭਪਾਤ ਸੰਬੰਧੀ ਕਾਨੂੰਨ ਨੂੰ ਰੱਦ ਕਰ ਦਿੱਤਾ ਗਿਆ। ਪਰ, ਦੂਜੇ ਪਾਸੇ, ਮੈਕਸੀਕੋ, ਅਰਜਨਟੀਨਾ ਅਤੇ ਕੋਲੰਬੀਆ ਵਰਗੇ ਕਈ ਦੱਖਣੀ ਅਮਰੀਕੀ ਦੇਸ਼ਾਂ ਵਿੱਚ, ਗਰਭਪਾਤ ਨਾਲ ਸਬੰਧਤ ਕਾਨੂੰਨ ਦਾ ਘੇਰਾ ਵੀ ਵਧਾਇਆ ਗਿਆ ਸੀ।

ਇਸ ਰਿਪੋਰਟ ਵਿੱਚ ਭਾਰਤ ਬਾਰੇ ਦੱਸਿਆ ਗਿਆ ਹੈ ਕਿ ਭਾਜਪਾ ਸਰਕਾਰ ਲਗਾਤਾਰ ਘੱਟ ਗਿਣਤੀਆਂ ਨੂੰ ਕੁਚਲਣ ਦਾ ਕੰਮ ਕਰ ਰਹੀ ਹੈ ਅਤੇ ਇਸ ਦੇ ਸਮਰਥਕ ਬਿਨਾਂ ਕਿਸੇ ਡਰ ਦੇ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੇ ਹਨ। ਭਾਜਪਾ ਦੇ ਫਿਰਕੂਵਾਦ ਅਤੇ ਹਿੰਦੂ-ਰਾਸ਼ਟਰਵਾਦ ਦਾ ਪ੍ਰਭਾਵ ਹੁਣ ਨਿਆਂ ਪ੍ਰਣਾਲੀ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਵਿੱਚ ਸਪਸ਼ਟ ਦਿਖਾਈ ਦੇ ਰਿਹਾ ਹੈ। ਨਿਆਂ ਪ੍ਰਣਾਲੀ ਸੱਤਾ ਦੇ ਬੁਲਡੋਜ਼ਰ ਹੇਠ ਦੱਬ ਰਹੀ ਹੈ ਅਤੇ ਜਨਤਾ ਅਤੇ ਮੀਡੀਆ ਘੱਟ ਗਿਣਤੀਆਂ ਦੇ ਘਾਣ ਦੇ ਸਮਰਥਨ ਵਿੱਚ ਖੜ੍ਹੇ ਹਨ। ਪੁਲਿਸ ਅਤੇ ਪ੍ਰਸ਼ਾਸਨ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਸੁਤੰਤਰ ਪੱਤਰਕਾਰਾਂ ਦੀ ਆਵਾਜ਼ ਨੂੰ ਕੁਚਲ ਰਹੇ ਹਨ। ਭਾਰਤ ਵਿੱਚ ਪੁਲਿਸ ਰਾਜ ਸਥਾਪਤ ਹੋ ਗਿਆ ਹੈ ਅਤੇ ਉਹ ਜਿਸ ਨੂੰ ਚਾਹੇ ਕਤਲ ਕਰਨ ਲਈ ਆਜ਼ਾਦ ਹੈ। ਸਾਲ 2022 ਦੇ ਪਹਿਲੇ 9 ਮਹੀਨਿਆਂ ਦੌਰਾਨ ਹੀ ਪੁਲਿਸ ਹਿਰਾਸਤ ਵਿੱਚ 147 ਮੌਤਾਂ, ਨਿਆਇਕ ਹਿਰਾਸਤ ਵਿੱਚ 1882 ਮੌਤਾਂ ਅਤੇ ਪੁਲਿਸ ਵੱਲੋਂ ਅਖੌਤੀ ਮੁਕਾਬਲਿਆਂ ਵਿੱਚ 119 ਮੌਤਾਂ ਦਰਜ ਕੀਤੀਆਂ ਗਈਆਂ ਹਨ। ਜੰਮੂ-ਕਸ਼ਮੀਰ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਅੰਦੋਲਨਾਂ ਦੇ ਅਧਿਕਾਰ ਨੂੰ ਦਬਾਉਣ ਲਈ ਵਹਿਸ਼ੀਪੁਣੇ ਦਾ ਪੈਮਾਨਾ ਵੱਧ ਗਿਆ ਹੈ।

ਲੰਬੇ ਸਮੇਂ ਤੋਂ ਕਸ਼ਮੀਰੀ ਪੰਡਤਾਂ ਨਾਲ ਖੜ੍ਹਨ ਦਾ ਦਾਅਵਾ ਕਰਨ ਵਾਲੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਨੇ ਇਨ੍ਹਾਂ ਪੰਡਤਾਂ ਦੇ ਕਤਲ ਤੋਂ ਬਾਅਦ ਉਨ੍ਹਾਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। (ਬਾਕੀ ਸਫ਼ਾ 31 'ਤੇ)

## ਭਾਰਤ ਦੀ ਸਖ਼ਤ ਕਾਰਵਾਈ ਨੇ ਪੰਜਾਬੀਆਂ ਅਤੇ ਸਿੱਖਾਂ ਨੂੰ 1984 ਦਾ ਦਰਦ ਯਾਦ ਕਰਵਾਇਆ: ਰਿਪ. ਇਲਹਾਨ ਉਮਰ

### ਪੰਜਾਬ, ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਪ੍ਰਤੀਨਿਧੀ ਉਮਰ ਦਾ ਬਿਆਨ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਵਾਸ਼ਿੰਗਟਨ—ਰਿਪ. ਇਲਹਾਨ ਉਮਰ ਨੇ ਪੰਜਾਬ, ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਹੇਠ ਲਿਖਿਆ ਬਿਆਨ ਜਾਰੀ ਕੀਤਾ। ਜਿਸ ਵਿੱਚ ਭਾਰਤ ਵੱਲੋਂ ਪੰਜਾਬ 'ਚ ਸਿੱਖਾਂ ਪ੍ਰਤੀ ਅਪਣਾਏ ਸਖ਼ਤ ਕਾਰਵਾਈ ਨਿਖੇਧੀ ਕੀਤੀ ਗਈ ਹੈ। ਉਸਨੇ ਆਪਣੇ ਬਿਆਨ ਵਿੱਚ ਕਿਹਾ...



"ਮੈਂ ਪੰਜਾਬ, ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਬਹੁਤ ਚਿੰਤਤ ਹਾਂ। ਭਾਰਤ ਸਰਕਾਰ ਨੇ ਇੱਕ ਸਖ਼ਤ ਰਵਈਆ ਅਪਣਾਉਂਦੇ ਹੋਏ ਸੰਚਾਰ ਬੰਦ ਕੀਤਾ, ਸੈਂਕੜੇ ਗ੍ਰਿਫਤਾਰ ਕੀਤੇ ਹਨ, ਅਤੇ ਬੀਬੀਸੀ ਪੰਜਾਬ ਅਤੇ ਇੱਕ ਕੈਨੇਡੀਅਨ ਸੰਸਦ ਮੈਂਬਰ ਸਮੇਤ ਨਾਗਰਿਕ ਨੇਤਾਵਾਂ, ਪੱਤਰਕਾਰਾਂ ਦੇ ਟਵਿੱਟਰ ਖਾਤਿਆਂ ਨੂੰ ਬਲੌਕ ਕਰ ਦਿੱਤਾ ਹੈ। ਇਸ ਵਿੱਚ ਕਸ਼ਮੀਰ ਵਿੱਚ ਹੋਏ ਧੱਕੇਸ਼ਾਹੀ ਅਤੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਜ਼ਬਰਦਸਤ ਹੁੰਗਾਰੇ ਦੀਆਂ ਅਸਪਸ਼ਟ ਗੂੰਜਾਂ ਹਨ, ਬਹੁਤ ਸਾਰੇ ਪੰਜਾਬੀਆਂ ਅਤੇ ਸਿੱਖਾਂ ਲਈ, ਇਹ 1984 ਵਿੱਚ ਉਨ੍ਹਾਂ ਦੇ ਭਾਈਚਾਰੇ ਦੇ ਵਿਰੁੱਧ ਹੋਏ ਬੇਰਹਿਮੀ ਦੀਆਂ ਗੂੰਜਾਂ ਨੂੰ ਵੀ ਯਾਦ ਕਰਵਾਉਂਦਾ ਹੈ।"

ਅਸੀਂ ਇਸ ਬਾਰੇ ਬਹੁਤ ਕੁਝ ਸੁਣਦੇ ਹਾਂ ਕਿ ਕਿਵੇਂ ਭਾਰਤ ਦੀ ਸਰਕਾਰ ਨਾਲ ਸਾਡੇ ਸਬੰਧ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀਆਂ ਆਪਸੀ ਕਦਰਾਂ-ਕੀਮਤਾਂ 'ਤੇ ਅਧਾਰਤ ਹਨ, ਯੂਕਰੇਨ ਦੇ ਹਮਲੇ ਤੋਂ ਬਾਅਦ ਰੂਸ ਨਾਲ ਉਨ੍ਹਾਂ ਦੇ ਚਾਰ ਗੁਣਾ ਵਪਾਰ ਦੇ ਬਾਵਜੂਦ ਅਸੀਂ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਦੇ ਬਾਵਜੂਦ ਅਜਿਹੇ ਵਤੀਰੇ ਸੁਣਦੇ ਹਾਂ।

ਦੁਨੀਆਂ ਭਰ ਵਿੱਚ ਸੱਜੇ-ਪੱਖੀ ਤਾਨਾਸ਼ਾਹੀ ਦੇ ਵਧਣ ਦੇ ਨਾਲ, ਸੰਯੁਕਤ ਰਾਜ ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ, ਖਾਸ ਤੌਰ 'ਤੇ ਸਾਰੀਆਂ ਧਾਰਮਿਕ ਅਤੇ ਨਸਲੀ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਸਪੱਸ਼ਟ ਤੌਰ 'ਤੇ ਖੜ੍ਹਾ ਹੋਣਾ ਚਾਹੀਦਾ ਹੈ।

## ਭਾਰਤ 'ਚ ਬਣੇਗਾ ਹੁਣ ਇਲੈਕਟ੍ਰੌਨਿਕ ਪਾਸਪੋਰਟ

### ਹੁਣ ਆਵੇਗਾ ਚਿਪ ਵਾਲਾ ਈ-ਪਾਸਪੋਰਟ

ਨਵੀਂ ਦਿੱਲੀ/ਏ.ਟੀ.ਨਿਊਜ਼ :- ਹੁਣ ਪਾਸਪੋਰਟ ਇਲੈਕਟ੍ਰੌਨਿਕ ਹੋਵੇਗਾ। ਇਹ ਈ-ਪਾਸਪੋਰਟ ਕਹਾਏਗਾ। ਬੁੱਕਲੇਟ 'ਚ ਚਿਪ ਲੱਗੀ ਹੋਵੇਗੀ, ਜਿਸ 'ਚ ਤੁਹਾਡਾ ਪੂਰਾ ਬਿਊਰਾ ਇਲੈਕਟ੍ਰੌਨਿਕ ਰੂਪ ਨਾਲ ਦਰਜ ਹੋਵੇਗਾ। ਇਸ ਨੂੰ ਕੰਪਿਊਟਰ ਸੈਂਸਰ ਦੇ ਕੋਲ ਲਿਆਉਣ ਨਾਲ ਬਿਊਰਾ ਸਕ੍ਰੀਨ 'ਤੇ ਖੁੱਲ੍ਹ ਜਾਵੇਗਾ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਈ-ਪਾਸਪੋਰਟ ਦਾ ਪਾਇਲਟ ਪ੍ਰਾਜੈਕਟ ਮਈ 'ਚ ਸ਼ੁਰੂ ਹੋਵੇਗਾ।




ਪਾਇਲਟ ਪ੍ਰੋਜੈਕਟ 'ਚ 10 ਲੱਖ ਈ-ਪਾਸਪੋਰਟ ਜਾਰੀ ਕਰਨ ਦਾ ਟੀਚਾ ਹੈ। ਸ਼ੁਰੂਆਤ ਲਈ ਹਾਲੇ ਅਜਿਹੇ ਸੇਵਾ ਕੇਂਦਰਾਂ ਨੂੰ ਚੁਣਿਆ ਜਾ ਰਿਹਾ ਹੈ, ਜਿਥੇ ਘੱਟ ਪਾਸਪੋਰਟ ਜਾਰੀ ਹੁੰਦੇ ਹਨ, ਤਾਂ ਜੋ ਭੀੜ-ਭੜੱਕੇ ਵਾਲੇ ਕੇਂਦਰਾਂ 'ਤੇ ਕੰਮ ਪ੍ਰਭਾਵਿਤ ਨਾ ਹੋਵੇ। ਆਉਣ ਵਾਲੇ ਸਮੇਂ 'ਚ ਸਿਰਫ਼ ਈ-ਪਾਸਪੋਰਟ ਮਿਲਣਗੇ। ਇਸ ਨਾਲ ਯਾਤਰਾ ਆਸਾਨ ਹੋਵੇਗੀ। ਇਸ ਨਾਲ ਇੰਟਰਨੈਸ਼ਨਲ ਸਵਿਲ ਐਵੀਏਸ਼ਨ ਆਰਗੇਨਾਈਜੇਸ਼ਨ ਦੇ ਮਾਪਦੰਡ ਨੂੰ ਅਪਣਾਉਣ ਵਾਲੇ 70 ਦੇਸ਼ਾਂ 'ਚ ਭਾਰਤੀਆਂ ਨੂੰ ਇਮੀਗ੍ਰੇਸ਼ਨ ਸੰਬੰਧੀ ਆਸਾਨੀ ਹੋਵੇਗੀ।

**ਕੀ ਪੁਰਾਣੇ ਪਾਸਪੋਰਟ ਵੀ ਅਪਗ੍ਰੇਡ ਕਰਨੇ ਪੈਣਗੇ :** ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਮੁਤਾਬਕ ਪੁਰਾਣੇ ਪਾਸਪੋਰਟ ਬੁੱਕਲੇਟ ਨੂੰ ਵੀ ਚਿੱਪ ਵਾਲੇ ਪਾਸਪੋਰਟ 'ਚ ਬਦਲਿਆ ਜਾਵੇਗਾ। ਉਸ ਦੇ ਲਈ ਹਾਲੇ ਅਰਜ਼ੀ ਦੇ ਤਰੀਕੇ ਤੈਅ ਕੀਤੇ ਜਾ ਰਹੇ ਹਨ। ਨਵੀਂ ਬੁੱਕਲੇਟ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਦੇਸ਼ 'ਚ 10 ਕਰੋੜ ਲੋਕਾਂ ਕੋਲ ਪਾਸਪੋਰਟ ਹਨ।ਭਵਿੱਖ 'ਚ ਇਨ੍ਹਾਂ ਸਾਰਿਆਂ ਨੂੰ ਈ-ਪਾਸਪੋਰਟ 'ਚ ਬਦਲਿਆ ਜਾਵੇਗਾ। ਚਿੱਪ ਵਾਲੀ ਬੁੱਕਲੇਟ ਦੀ ਪ੍ਰਿੰਟਿੰਗ ਇੰਡੀਅਨ ਸਕਿਓਰਿਟੀ ਪ੍ਰੈਸ, ਨਾਸਿਕ 'ਚ ਕੀਤੀ ਜਾ ਰਹੀ ਹੈ। ਕੁੱਲ 4.5 ਕਰੋੜ ਬੁੱਕਲੇਟ ਦਾ ਆਰਡਰ ਦਿੱਤਾ ਗਿਆ ਹੈ। ਇਹ ਅਗਲੇ 4-5 ਸਾਲਾਂ ਦੀ ਲੋੜ ਦੇ ਹਿਸਾਬ ਨਾਲ (ਬਾਕੀ ਸਫ਼ਾ 31 'ਤੇ)

# ਪੰਜਾਬੀਆਂ ਦੀ ਸਿਆਸੀ ਤੇ ਆਰਥਿਕ ਹਾੜ੍ਹੀ- ਸਾਉਣੀ



## ਪੰਜਾਬ ਦੀ ਸਿਆਸਤ ਅਤੇ ਆਰਥਿਕਤਾ ਦਾ ਲੇਖਾ ਜੋਖਾ

- ਪੰਜਾਬ ਦੀ ਸਿਆਸਤ ਵਿੱਚ ਤੀਜਾ ਸਿਆਸੀ ਬਦਲ ਲਿਆ ਕੇ ਕੀ ਮਹਿਸੂਸ ਕਰ ਰਹੇ ਹਨ ਪੰਜਾਬੀ ?
- ਅਕਾਲੀ ਦਲ ਅਤੇ ਕਾਂਗਰਸ ਦੇ ਰਵਾਇਤੀ ਸਿਆਸੀ ਚੱਕਰ 'ਚੋਂ ਨਿਕਲੇ ਪੰਜਾਬੀ ਕੀ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਵਿਚੋਂ ਨਿਕਲ ਸਕਣਗੇ ?




ਜਗਮੋਹਨ ਸਿੰਘ
9463819174







ਪੰਜਾਬ ਇੱਕ ਖੇਤੀਪ੍ਰਧਾਨ ਸੂਬਾ ਹੈ ਅਤੇ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਮੁੱਖ ਧੁਰਾ ਹੈ। ਵੱਡੀ ਗਿਣਤੀ ਪੰਜਾਬੀ ਖੇਤੀਬਾੜੀ ਅਤੇ ਖੇਤੀ ਨਾਲ ਸਬੰਧਿਤ ਕੰਮ ਧੰਦਿਆਂ ਨਾਲ ਜੁੜੇ ਹੋਏ ਹਨ। ਪੰਜਾਬੀ ਖੇਤੀਬਾੜੀ ਵਾਲਾ ਹੀ ਫਾਰਮੂਲਾ ਅਕਸਰ ਪੰਜਾਬ ਦੀ ਸਿਆਸਤ ਵਿੱਚ ਵਰਤ ਲੈਂਦੇ ਹਨ। ਇਹੋ ਕਾਰਨ ਹੈ ਕਿ ਜਿਸ ਤਰਾਂ ਲੰਬੇ ਸਮੇਂ ਤੋਂ ਪੰਜਾਬ ਦੇ ਵੱਡੀ ਗਿਣਤੀ ਲੋਕ ਕਣਕ ਝੋਨੇ ਦੇ ਰਵਾਇਤੀ ਫਸਲੀ ਚੱਕਰ ਵਿੱਚ ਫਸੇ ਹੋਏ ਹਨ, ਉਸੇ ਤਰਾਂ ਪੰਜਾਬ ਵਿੱਚ ਮੌਜੂਦਾ ਆਪ ਸਰਕਾਰ ਬਣਨ ਤੋਂ ਪਹਿਲਾਂ ਤਕ ਪੰਜਾਬੀ ਅਕਾਲੀ ਦਲ ਅਤੇ ਕਾਂਗਰਸ ਵਰਗੀਆਂ ਰਵਾਇਤੀ ਸਿਆਸੀ ਪਾਰਟੀਆਂ ਦੇ ਸਿਆਸੀ ਚੱਕਰ ਵਿੱਚ ਫਸੇ ਰਹੇ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀਆਂ ਵੱਲੋਂ ਜਿਸ ਤਰਾਂ ਹਾੜੀ ਸਾਉਣੀ ਦੇ ਸੀਜਨ ਦੌਰਾਨ ਇਕ ਵਾਰ ਖੇਤਾਂ ਵਿੱਚ ਕਣਕ ਬੀਜੀ ਜਾਂਦੀ ਹੈ, ਉਸੇ ਤਰਾਂ ਅਗਲੀ ਵਾਰ ਖੇਤਾਂ ਵਿੱਚ ਝੋਨਾ ਬੀਜਿਆ ਜਾਂਦਾ ਹੈ। ਇਸ ਤਰਾਂ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬੀ ਕਣਕ ਅਤੇ ਝੋਨੇ ਦੇ ਰਵਾਇਤੀ ਫਸਲੀ ਚੱਕਰ ਵਿੱਚ ਫਸੇ ਹੋਏ ਹਨ। ਕਣਕ ਝੋਨੇ ਦੇ ਫਸਲੀ ਚੱਕਰ ਵਾਂਗ ਹੀ ਪੰਜਾਬੀਆਂ ਨੇ ਪੰਜਾਬ ਵਿੱਚ ਰਵਾਇਤੀ ਸਿਆਸੀ ਪਾਰਟੀਆਂ ਅਕਾਲੀ ਦਲ ਅਤੇ ਕਾਂਗਰਸ ਨੂੰ ਵੋਟਾਂ ਪਾ ਕੇ ਵਾਰੋ ਵਾਰੀ ਪੰਜਾਬ ਦੀ ਰਾਜ ਸੱਤਾ ਸੌਂਪਣ ਦੀ ਰਵਾਇਤ ਕਾਇਮ ਰਖੀ। ਪੰਜਾਬ ਦੇ ਪਿਛਲੇ ਕੁਝ ਦਹਾਕਿਆਂ ਦੀਆਂ ਪੰਜਾਬ ਸਰਕਾਰਾਂ ਦਾ ਇਤਿਹਾਸ ਵੇਖ ਕੇ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਪੰਜਾਬ ਦੇ ਲੋਕ ਵਿਧਾਨ ਸਭਾ ਚੋਣਾਂ ਤੋਂ ਬਾਅਦ ਇੱਕ ਵਾਰ ਕਾਂਗਰਸ ਦੀ ਸਰਕਾਰ ਬਣਾ ਦਿੰਦੇ ਸਨ ਅਤੇ ਉਸ ਤੋਂ ਅਗਲੀ ਵਾਰ ਅਕਾਲੀ ਦਲ ਨੂੰ ਵੋਟਾਂ ਪਾ ਕੇ ਪੰਜਾਬੀ ਅਕਾਲੀ ਦਲ ਦੀ ਸਰਕਕਾਰ ਬਣਾ ਦਿੰਦੇ ਸਨ ਅਤੇ ਉਸ ਤੋਂ ਅਗਲੀ ਵਾਰ ਪੰਜਾਬੀ ਫਿਰ ਕਾਂਗਰਸ ਨੂੰ ਵੋਟਾਂ ਪਾ ਕੇ ਕਾਂਗਰਸ ਦੀ ਸਰਕਾਰ ਬਣਾ ਦਿੰਦੇ ਸਨ। ਇਹ ਸਿਆਸੀ ਰਵਾਇਤ ਪੰਜਾਬ ਵਿੱਚ ਕਈ ਦਹਾਕਿਆਂ ਤਕ ਰਹੀ। ਹੁਣ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜ਼ਰੂਰ ਪੰਜਾਬੀਆਂ ਨੇ ਪੰਜਾਬ ਦੀ ਸਿਆਸਤ ਵਿੱਚ ਤੀਜਾ ਸਿਆਸੀ ਬਦਲ ਲਿਆਉਂਦਿਆਂ ਆਮ ਆਦਮੀ ਪਾਰਟੀ ਨੂੰ ਵਧੇਰੇ ਵੋਟਾਂ ਪਾ ਕੇ ਇਸ ਪਾਰਟੀ ਨੂੰ ਪੰਜਾਬ ਦੀ ਸੱਤਾ ਸੌਂਪ ਦਿਤੀ ਅਤੇ ਇਸ ਸਮੇਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਕਰ ਰਹੀ ਹੈ।

ਪੰਜਾਬ ਵਿੱਚ 11 ਜੂਨ 1987 ਨੂੰ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਉਸ ਸਮੇਂ ਦੀ ਕੇਂਦਰ ਸਰਕਾਰ ਵੱਲੋਂ ਭੰਗ ਕਰਨ ਤੋਂ ਬਾਅਦ 11 ਜੂਨ 1987 ਤੋਂ 25 ਫਰਵਰੀ 1992 ਤਕ ਪੰਜਾਬ ਵਿੱਚ ਰਾਸ਼ਟਰਪਤੀ ਸ਼ਾਸ਼ਨ ਰਿਹਾ। ਫਿਰ ਸਾਲ 1992 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੀ ਸੀ। ਉਸ ਤੋਂ ਬਾਅਦ ਫਰਵਰੀ 1997 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਅਕਾਲੀ ਦਲ (ਭਾਜਪਾ ਨਾਲ ਗਠਜੋੜ) ਦੀ ਸਰਕਾਰ ਹੋਂਦ ਵਿੱਚ ਆ ਗਈ ਸੀ। ਉਸ ਤੋਂ ਬਾਅਦ ਫਰਵਰੀ 2002 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੀ ਸਰਕਾਰ ਹੋਂਦ ਵਿੱਚ ਆ ਗਈ ਸੀ। ਉਸ ਤੋਂ ਬਾਅਦ 2007 ਵਿੱਚ ਪੰਜਾਬ ਵਿੱਚ ਪੰਜਾਬੀਆਂ ਨੇ ਅਕਾਲੀ ਦਲ ਨੂੰ ਵੋਟਾਂ ਪਾ ਕੇ ਅਕਾਲੀ ਦੀ ਸਰਕਾਰ ਬਣਾ ਦਿਤੀ ਸੀ। ਉਸ ਤੋਂ ਬਾਅਦ ਅਕਾਲੀ ਦਲ ਨੇ ਸਾਲ 2017 ਤਕ ਪੰਜਾਬ 'ਤੇ ਰਾਜ ਕੀਤਾ। ਉਸ ਤੋਂ ਬਾਅਦ ਮਾਰਚ 2017 ਵਿੱਚ ਪੰਜਾਬ ਵਿੱਚ ਮੁੜ ਪੰਜਾਬੀਆਂ ਨੇ ਆਪਣੀ ਪੁਰਾਣੀ ਰਵਾਇਤ ਨੂੰ ਕਾਇਮ ਰਖਦਿਆਂ ਕਾਂਗਰਸ ਨੂੰ ਪੰਜਾਬ ਦੀ ਸੱਤਾ ਕਾਂਗਰਸ ਨੂੰ ਸੌਂਪ ਦਿਤੀ ਸੀ। ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬੀਆਂ ਨੇ ਪੰਜਾਬ ਦੀ ਸਿਆਸਤ ਵਿੱਚ ਵੱਡਾ ਉਲਟਫੇਰ ਕਰਦਿਆਂ ਪੰਜਾਬ ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੌਂਪ ਦਿਤੀ ਅਤੇ ਇਸ ਸਮੇਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਕਰ ਰਹੀ ਹੈ।



ਪੰਜਾਬੀਆਂ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਆਪਣੀ ਪੁਰਾਣੀ ਰਵਾਇਤ 'ਇਕ ਵਾਰੀ ਕਾਂਗਰਸ ਸਰਕਾਰ ਤੇ ਇਕ ਵਾਰ ਅਕਾਲੀ ਸਰਕਾਰ' ਬਣਾਉਣ ਨੂੰ ਤੋੜਦਿਆਂ ਵੱਡਾ ਸਿਆਸੀ ਬਦਲਾਓ ਲਿਆ ਕੇ ਪੰਜਾਬ ਦੀ ਸੱਤਾ ਆਮ ਆਦਮੀ ਪਾਰਟੀ ਨੂੰ ਸੌਂਪ ਦਿਤੀ। ਜਿਸ ਤੋਂ ਬਾਅਦ ਵੱਡੀ ਗਿਣਤੀ ਬੁੱਧੀਜੀਵੀਆਂ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਜਿਸ ਤਰੀਕੇ ਨਾਲ ਪੰਜਾਬੀਆਂ ਨੇ ਰਵਾਇਤੀ ਸਿਆਸੀ ਚੱਕਰ ਵਿਚੋਂ ਨਿਕਲਦਿਆਂ ਤੀਜਾ ਸਿਆਸੀ ਬਦਲ ਖੜਾ ਕੀਤਾ ਹੈ, ਹੁਣ ਸ਼ਾਇਦ ਪੰਜਾਬੀ ਖੇਤੀ ਦੇ ਕਣਕ ਝੋਨੇ ਦੇ ਰਵਾਇਤੀ ਫਸਲੀ ਚੱਕਰ ਵਿਚੋਂ ਵੀ ਬਾਹਰ ਆ ਜਾਣਗੇ ਪਰ ਪੰਜਾਬੀ ਅਜੇ ਵੀ ਕਣਕ ਝੋਨੇ ਦੇ ਰਵਾਇਤੀ ਫਸਲੀ ਚੱਕਰ ਵਿੱਚ ਫਸੇ ਹੋਏ ਹਨ, ਜਿਸ ਕਰਕੇ ਪੰਜਾਬੀ ਇੱਕ ਵਾਰ ਖੇਤਾਂ ਵਿੱਚ ਕਣਕ ਬੀਜ ਦਿੰਦੇ ਹਨ ਅਤੇ ਉਸ ਤੋਂ ਅਗਲੀ ਵਾਰ ਪੰਜਾਬੀ ਖੇਤਾਂ ਵਿੱਚ ਝੋਨਾ ਬੀਜ ਦਿੰਦੇ ਹਨ।

ਰਵਾਇਤੀ ਫਸਲਾਂ ਕਣਕ ਅਤੇ ਝੋਨੇ ਦੀ ਖੇਤੀ ਕਰਨ ਬਾਰੇ ਜਦੋਂ ਪੰਜਾਬ ਦੇ ਕਿਸਾਨਾਂ ਨਾਲ ਗਲਬਾਤ ਕੀਤੀ ਜਾਂਦੀ ਹੈ ਤਾਂ ਕਿਸਾਨਾਂ ਦਾ ਕਹਿਣਾ ਹੁੰਦਾ ਹੈ ਕਿ (**ਬਾਕੀ ਸਫ਼ਾ 31 'ਤੇ**)

# ਪੰਜਾਬ ਨੂੰ ਬਚਾਉਣ ਲਈ ਖੇਤੀ ਅਤੇ ਸਨਅਤਾਂ ਦਾ ਨਵਾਂ ਮਾਡਲ ਸਿਰਜਣ ਦੀ ਲੋੜ



ਕੰਵਲਪ੍ਰੀਤ ਸਿੰਘ
ਸੂਬਾ ਪ੍ਰਧਾਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ

ਜਿਸ ਰਫ਼ਤਾਰ ਨਾਲ ਫ਼ਸਲਾਂ ਦੀ ਪੈਦਾਵਾਰ, ਸਨਅਤੀ ਜ਼ਰੂਰਤਾਂ, ਘਰੇਲੂ ਵਰਤੋਂ ਲਈ ਧਰਤੀ ਹੇਠਲੇ ਪਾਣੀ ਦੀ ਡੂੰਘੇ ਬੋਰ ਕਰ ਕੇ ਵਰਤੋਂ ਕੀਤੀ ਜਾ ਰਹੀ ਹੈ, ਧਰਤੀ ਹੇਠਲੇ ਪਾਣੀ ਦੇ ਖ਼ਾਤਮੇ ਦੇ ਸੰਕੇਤ ਆਉਣੇ ਸ਼ੁਰੂ ਹੋ ਚੁੱਕੇ ਹਨ। ਅਜੋਕਾ ਖੇਤੀ ਅਤੇ ਸਨਅਤੀ ਮਾਡਲ ਇਸ ਲਈ ਜ਼ਿੰਮੇਵਾਰ ਹਨ। ਸ਼ਹਿਰਾਂ ਦਾ ਵਿਸਥਾਰ, ਨਵੀਂਆਂ ਕਾਲੋਨੀਆਂ ਦਾ ਵੱਸਣਾ ਅਤੇ ਪਿੰਡਾਂ ਵਿੱਚ ਵੀ ਆਬਾਦੀ ਦੇ ਵਧਣ ਨਾਲ ਪਾਣੀ ਦੀ ਘਰੇਲੂ ਖਪਤ ਵਧੀ ਹੈ। ਪਾਣੀ ਦੀ ਜਿੰਨੀ ਖਪਤ ਹਰ ਇਕ ਸਾਲ ਵਿੱਚ ਖੇਤੀ, ਸਨਅਤ ਅਤੇ ਘਰੇਲੂ ਖੇਤਰ ਵਿੱਚ ਹੋ ਰਹੀ ਹੈ। ਓਨੀ ਇਕ ਸਾਲ ਵਿੱਚ ਦਰਿਆਵਾਂ ਅਤੇ ਬਰਸਾਤ ਦੇ ਪਾਣੀ ਦੀ ਧਰਤੀ ਵਿੱਚ ਜੀਰਨ (ਰੀਚਾਰਜ) ਨਾਲ ਭਰਪਾਈ ਨਹੀਂ ਹੋ ਰਹੀ।

ਪਾਣੀ ਦੀ ਬੱਚਤ ਲਈ ਖੇਤੀ ਅਤੇ ਸਨਅਤੀ ਮਾਡਲ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਹੈ। ਇਹ ਮਸਲੇ ਨੂੰ ਇਕੱਲੀ ਕਿਸਾਨੀ ਨਾਲ ਹੀ ਜੋੜ ਕੇ ਨਾ ਵੇਖਿਆ ਜਾਵੇ। ਇਹ ਸਮੁੱਚੇ ਸਮਾਜ ਦਾ ਮਸਲਾ ਹੈ। ਇਸ ਦੇ ਹੱਲ ਵਾਸਤੇ ਪੰਜਾਬ ਵਿੱਚ ਸਮਾਜਿਕ ਲਹਿਰ ਉਸਾਰਨ ਦੀ ਲੋੜ ਹੈ। ਪਾਣੀ ਦੇ ਖ਼ਾਤਮੇ ਵਾਲੀ ਸਥਿਤੀ ਅਤੇ ਸਨਅਤੀ ਪ੍ਰਦੂਸ਼ਣ ਦਾ ਜਿਸ ਤਰ੍ਹਾਂ ਦਾ ਸਾਹਮਣਾ ਅਸੀਂ ਪੰਜਾਬ ਵਾਸੀ ਕਰ ਰਹੇ ਹਾਂ, ਇਹ ਵਰਤਾਰਾ ਕੋਈ ਇਕ ਦਿਨ ਵਿੱਚ ਹੀ ਨਹੀਂ ਵਾਪਰ ਗਿਆ। ਖੇਤੀ ਦਾ ਹਰੀ ਕ੍ਰਾਂਤੀ ਦਾ ਮਾਡਲ ਇਸ ਲਈ ਜ਼ਿੰਮੇਵਾਰ ਹੈ।

ਹਵਾ, ਪਾਣੀ, ਜ਼ਮੀਨ ਨੂੰ ਪ੍ਰਦੂਸ਼ਿਤ ਕਰਨ ਲਈ ਕੌਣ ਕਿੰਨਾ ਜ਼ਿੰਮੇਵਾਰ ਹੈ, ਇਸ ਸਬੰਧੀ ਖੋਜ ਕਰਕੇ ਠੋਸ ਤੱਥ ਸਾਹਮਣੇ ਲਿਆਂਦੇ ਜਾਣ। ਪੰਜਾਬ ਖੇਤੀ ਦੀ ਵੰਨ-ਸੁਵੰਨਤਾ ਲਈ ਮਸ਼ਹੂਰ ਸੀ। ਏਥੇ ਖੇਤੀ ਅਧਾਰਿਤ ਸਨਅਤਾਂ ਲੱਗਣੀਆਂ ਚਾਹੀਦੀਆਂ ਸਨ। ਖੇਤੀ ਆਧਾਰਿਤ ਸਨਅਤਾਂ ਲੱਗਣ ਦੇ ਨਾਲ ਸਨਅਤ ਅਤੇ ਖੇਤੀ ਦੇ ਖੇਤਰ ਵਿੱਚ ਰੋਜ਼ਗਾਰ ਦੇ ਬਹੁਤ ਸਾਰੇ ਮੌਕੇ ਵਧਣ ਦੀ ਵੱਡੀ ਸੰਭਾਵਨਾ ਮੌਜੂਦ ਹੈ।

ਜੇਕਰ ਅਸੀਂ ਪੰਜਾਬ ਦੇ ਪਾਣੀ ਨੂੰ ਬਚਾਉਣ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਸ ਦੀ ਹਕੀਕਤ ਸਮਝਣੀ ਪਵੇਗੀ। ਪੰਜਾਬ ਵਿੱਚ ਖੇਤੀ ਖੇਤਰ ਵਿੱਚ ਜ਼ਮੀਨ ਲਗਾਤਾਰ ਘਟਦੀ ਜਾ ਰਹੀ ਹੈ ਜੋ ਕਿ ਕਮਰਸ਼ੀਅਲ ਅਤੇ ਰਿਹਾਇਸ਼ੀ ਖੇਤਰ ਵਿੱਚ ਬਦਲਦੀ ਜਾ ਰਹੀ ਹੈ। ਜਿਹੜੀ ਖੇਤੀ ਖੇਤਰ ਦੀ ਜ਼ਮੀਨ ਰਿਹਾਇਸ਼ੀ ਕਾਲੋਨੀਆਂ, ਸੜਕਾਂ, ਸਨਅਤਾਂ ਹੇਠ ਆ ਚੁੱਕੀ ਹੈ, ਉਸਦੇ ਹਿੱਸੇ ਦਾ ਨਹਿਰੀ ਪਾਣੀ ਕਿੱਥੇ ਗਿਆ ? ਇਹ ਵੀ ਇਕ ਵੱਡਾ ਸਵਾਲ ਹੈ। ਹੁਣ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸਾਡੀ ਨਿਰਭਰਤਾ ਦਰਿਆਈ ਪਾਣੀ ਉਪਰ ਵਧਣੀ ਚਾਹੀਦੀ ਹੈ। ਸਨਅਤਾਂ ਅਤੇ ਘਰੇਲੂ ਵਰਤੋਂ ਲਈ ਪਾਣੀ ਦੀ ਨਿਰਭਰਤਾ ਦਰਿਆਈ ਪਾਣੀਆਂ ਉੱਪਰ ਵਧਾਉਣ ਲਈ ਦਰਿਆਵਾਂ ਵਿਚੋਂ ਪਾਣੀ ਦੀ ਸਪਲਾਈ ਦੇ ਨਵੇਂ ਪ੍ਰੋਜੈਕਟ ਲੱਗਣੇ ਚਾਹੀਦੇ ਹਨ। ਪਾਣੀ ਦੇ ਤਿੰਨ ਸਰੋਤ ਮੀਂਹ, ਨਹਿਰੀ ਅਤੇ ਧਰਤੀ ਹੇਠਲਾ ਪਾਣੀ ਹਨ। ਪਾਣੀ ਦੀ ਕੁੱਲ ਲਾਗਤ ਵਿੱਚ ਅੱਧਾ ਪਾਣੀ ਨਹਿਰੀ ਅਤੇ ਮੀਂਹ ਤੋਂ ਮਿਲਦਾ ਹੈ। ਬਾਕੀ ਦਾ ਅੱਧਾ ਪਾਣੀ ਧਰਤੀ ਹੇਠੋਂ ਟਿਊਬਵੈੱਲਾਂ ਦੀ ਮਦਦ ਨਾਲ ਕੱਢਿਆ ਜਾ ਰਿਹਾ ਹੈ। ਜੇਕਰ ਪੰਜਾਬ ਦੀ ਜ਼ਮੀਨ ਦੀ ਫ਼ਸਲਾਂ ਨੂੰ ਪੈਦਾ ਕਰਨ ਦੀ ਤਾਕਤ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਖੇਤੀ ਦੀ ਪੈਦਾਵਾਰ ਵਿਕਸਤ ਦੇਸ਼ਾਂ ਦੇ ਬਰਾਬਰ ਹੈ। ਵਿਕਸਿਤ ਦੇਸ਼ਾਂ ਵਿਚ ਖੇਤੀ ਆਧਾਰਿਤ ਸਨਅਤਾਂ ਦੀ ਸਮਰੱਥਾ 86% ਦੇ ਕਰੀਬ ਹੈ। ਜੇਕਰ ਅਸੀਂ ਪੰਜਾਬ ਵਿਚ ਲੱਗੀ ਖੇਤੀ ਆਧਾਰਿਤ ਸਨਅਤ ਦਾ ਉਥੋਂ ਦੀ ਸਨਅਤ ਨਾਲ ਮੁਕਾਬਲਾ ਕਰੀਏ ਤਾਂ ਪੰਜਾਬ ਵਿੱਚ ਸਿਰਫ਼ 6% ਖੇਤੀ ਅਧਾਰਤ ਸਨਅਤ ਹੈ। ਪੰਜਾਬ ਵਿੱਚ ਕਿੰਨੇ ਵੱਡੇ ਪੱਧਰ 'ਤੇ ਸਨਅਤਾਂ ਅਤੇ ਖੇਤੀ ਖੇਤਰ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ ਮੌਜੂਦ ਹਨ। ਇਸ ਨਵੇਂ ਮਾਡਲ ਨਾਲ ਸਿਰਫ਼ ਪਾਣੀ ਦੀ ਬੱਚਤ ਹੀ ਨਹੀਂ ਹੋਵੇਗੀ ਸਗੋਂ ਪ੍ਰਦੂਸ਼ਣ ਤੋਂ ਵੀ ਮੁਕਤੀ ਮਿਲੇਗੀ। ਪੰਜਾਬ ਦੀ ਜ਼ਮੀਨ ਨੂੰ ਕੁਦਰਤੀ ਪੈਦਾਵਾਰੀ ਖੇਤੀ ਜ਼ੋਨਾਂ ਵਿੱਚ ਵੰਡ ਕੇ ਉਸ ਜ਼ੋਨ ਵਿੱਚ ਸਿਰਫ਼ ਓਹੀ ਫਸਲ ਬੀਜੀ ਜਾਵੇ ਜੋ ਕੁਦਰਤੀ ਪੈਦਾਵਾਰੀ ਉਸ ਇਲਾਕੇ ਦੇ ਯੋਗ ਹੋਵੇ। ਇਸ ਨਾਲ ਉਸ ਫ਼ਸਲ 'ਤੇ ਆਧਾਰਤ ਸਨਅਤਾਂ ਵੀ ਉਸੇ ਹੀ ਜ਼ੋਨ ਵਿੱਚ ਲੱਗਣ, ਜਿਸ ਨਾਲ ਵਾਧੂ ਦੀ ਢੋਆ-ਢੁਆਈ ਦਾ ਵੀ ਬਚਾਅ ਹੋਵੇਗਾ। ਖੇਤੀ ਅਤੇ ਸਨਅਤਾਂ ਵਿੱਚ ਉਸ ਇਲਾਕੇ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ। ਜੇਕਰ ਪੰਜਾਬ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਗੰਨਾ ਜ਼ੋਨ, ਮੱਕੀ ਜ਼ੋਨ, ਬਾਸਮਤੀ ਜ਼ੋਨ, ਦਾਲਾਂ ਦਾ ਜ਼ੋਨ, ਨਰਮਾ-ਕਪਾਹ ਦਾ ਜ਼ੋਨ, ਸਬਜ਼ੀਆਂ ਦਾ ਜ਼ੋਨ, ਫਲਾਂ ਦਾ ਜ਼ੋਨ ਬਣਾ ਕੇ ਪੰਜਾਬ ਵਿੱਚ ਡੱਬਾ ਬੰਦ ਖੇਤੀ ਵਸਤਾਂ ਦੀ ਬਹੁਤ ਵੱਡੀ ਸਨਅਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਡੇਅਰੀ ਫਾਰਮਿੰਗ ਨੂੰ ਉਤਸ਼ਾਹਿਤ ਕਰਨ ਵਾਲੀ ਨੀਤੀ ਬਣਾਈ ਜਾਵੇ ਤਾਂ ਹੋ ਕਿਸਾਨਾਂ ਨੂੰ ਦੁੱਧ ਉਤਪਾਦ ਦਾ ਸਹੀ ਮੁੱਲ ਮਿਲ ਸਕੇ। ਇਸ ਦੇ ਨਾਲ ਹੀ ਪੰਜਾਬ ਦੀਆਂ ਰਵਾਇਤੀ ਫ਼ਸਲਾਂ ਜਿਵੇਂ ਕਿ ਬਾਜਰਾ, ਅਲਸੀ, ਤਾਰਾ ਮੀਰਾ, ਸੂਰਜ -ਮੁਖੀ, ਸਰ੍ਹੋਂ, ਤੋਰੀਆ ਆਦਿ ਨੂੰ ਮੁੜ ਵਿਕਸਿਤ ਕੀਤਾ ਜਾਵੇ। ਪੰਜਾਬ ਦੇ ਹਿੱਸੇ ਦਾ ਬਣਦਾ ਨਹਿਰੀ ਪਾਣੀ ਪੰਜਾਬ ਨੂੰ ਮਿਲੇ। ਨਹਿਰਾਂ, ਸੂਇਆਂ ਅਤੇ ਖਾਲਾਂ ਦਾ ਨਵੇਂ ਸਿਰੇ ਤੋਂ ਵਿਸਥਾਰ ਕਰਕੇ ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕੀਤਾ ਜਾਵੇ। ਧਰਤੀ ਹੇਠਲੇ ਪਾਣੀ ਉਪਰ ਨਿਰਭਰਤਾ ਜਿੰਨੀ ਹੋ ਸਕੇ, ਘਟਾਈ ਜਾਵੇ। ਸਾਨੂੰ ਪੰਜਾਬ, ਪੰਜਾਬੀ ਸੱਭਿਆਚਾਰ ਤੇ ਸਮਾਜਿਕ ਤਾਣੇ-ਬਾਣੇ ਨੂੰ ਬਚਾਉਣ ਲਈ ਇੱਕ ਸਮਾਜਿਕ ਅੰਦੋਲਨ ਦੀ ਲੋੜ ਹੈ। ਇਸ ਸਮਾਜਿਕ ਅੰਦੋਲਨ ਵਿੱਚ ਪੰਜਾਬ ਦੇ ਹਰ ਤਬਕੇ ਨੂੰ ਸ਼ਾਮਿਲ ਹੋਣਾ ਪਵੇਗਾ। ਅਸੀਂ ਇਸ ਅੰਦੋਲਨ ਨਾਲ ਪਾਣੀਆਂ ਦੇ ਨਾਂਅ ਉੱਪਰ ਵਸੇ ਪੰਜਾਬ ਨੂੰ ਬਚਾ ਸਕਾਂਗੇ। ਰੁਜ਼ਗਾਰ ਖਾਤਰ ਪੰਜਾਬ ਨੂੰ ਛੱਡ ਕੇ ਵਿਦੇਸ਼ਾਂ ਵੱਲ ਜਾ ਰਹੇ ਆਪਣੇ ਬੱਚੇ-ਬੱਚੀਆਂ ਨੂੰ ਪੰਜਾਬ ਵਿੱਚ ਹੀ ਰੋਜ਼ਗਾਰ ਦੇਣ ਦੇ ਸਮਰੱਥ ਹੋ ਸਕਾਂਗੇ। ਸ਼ੁੱਧ ਪਾਣੀ, ਹਵਾ, ਜ਼ਮੀਨ ਆਉਣ ਵਾਲੀ ਪੀੜ੍ਹੀ ਦੀ ਝੋਲੀ ਪਾ ਕੇ ਜਾਈਏ, ਇਸ ਦਾ ਸਾਨੂੰ ਅਹਿਦ ਕਰਨਾ ਚਾਹੀਦਾ ਹੈ। 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤੁ ਮਹਤੁ॥' ਦੇ ਮਹਾਂਵਾਕਾਂ ਉੱਪਰ ਡਟ ਕੇ ਪਹਿਰਾ ਦੇਣ ਦੀ ਲੋੜ ਹੈ।

# ਵਿਸ਼ਵ ਨੇਤਾਵਾਂ ਲਈ ਯੋਗਤਾ ਦਾ ਪੰਘੂੜਾ ਬਣਿਆ ਭਾਰਤੀ ਉਪ ਮਹਾਂਦੀਪ

- ਵੱਖ- ਵੱਖ ਦੇਸ਼ਾਂ ਦੇ ਅਸਮਾਨ 'ਤੇ ਚਮਕਦੇ ਭਾਰਤੀ ਸਿਤਾਰੇ
- ਹੁਣ ਭਾਰਤੀ ਉਪ ਮਹਾਂਦੀਪ ਤੋਂ ਹਨ ਯੂਕੇ, ਆਇਰਲੈਂਡ ਅਤੇ ਸਕਾਟਲੈਂਡ ਦੇ ਰਾਜਾਂ ਦੇ ਮੁਖੀ
- ਭਾਰਤੀਆਂ ਨੇ ਦੁਨੀਆਂ 'ਚ ਆਪਣੀ ਸਖ਼ਤ ਮਿਹਨਤ, ਕਲਾ, ਯੋਗਤਾ ਅਤੇ ਦ੍ਰਿੜ ਇੱਛਾ ਸ਼ਕਤੀ ਦਾ ਲੋਹਾ ਮਨਵਾਇਆ
- ਵਰਲਡ ਬੈਂਕ ਦਾ ਮੁਖੀ ਵੀ ਭਾਰਤੀ ਸਿੱਖ ਦੇ ਬਣਨ ਦਾ ਰਾਹ ਪੱਧਰਾ




ਭਾਰਤੀ ਉਪ ਮਹਾਂਦੀਪ ਵਿਸ਼ਵ ਨੇਤਾਵਾਂ ਲਈ ਯੋਗਤਾ ਦਾ ਪੰਘੂੜਾ ਬਣ ਗਿਆ ਹੈ। ਇਸ ਸਮੇਂ ਵੱਖ ਵੱਖ ਦੇਸ਼ਾਂ ਦੇ ਅਸਮਾਣ 'ਤੇ ਅਨੇਕਾਂ ਭਾਰਤੀ ਸਿਤਾਰਿਆਂ ਵਾਂਗ ਚਮਕ ਰਹੇ ਹਨ। ਅਸਲ ਵਿੱਚ ਭਾਰਤ ਦੇ ਲੋਕ ਦੁਨੀਆ ਵਿੱਚ ਜਿਥੇ ਵੀ ਜਾਂਦੇ ਹਨ, ਉਥੇ ਹੀ ਆਪਣੀ ਸਖਤ ਮਿਹਨਤ, ਕਲਾ, ਯੋਗਤਾ ਅਤੇ ਦ੍ਰਿੜ ਇੱਛਾ ਸ਼ਕਤੀ ਨਾਲ ਖੁਦ ਵੀ ਤਰੱਕੀ ਕਰਦੇ ਹਨ ਅਤੇ ਜਿਸ ਦੇਸ਼ ਵਿੱਚ ਉਹ ਰਹਿ ਰਹੇ ਹੁੰਦੇ ਹਨ, ਉਸ ਦੇਸ਼ ਨੂੰ ਵੀ ਆਪਣੀ ਸਖਤ ਮਿਹਨਤ ਨਾਲ ਤਰੱਕੀ ਦੀਆਂ ਲੀਹਾਂ 'ਤੇ ਤੋਰ ਦਿੰਦੇ ਹਨ। ਭਾਰਤੀਆਂ ਦੀ ਸਖਤ ਮਿਹਨਤ ਦਾ ਨਤੀਜਾ ਹੈ ਕਿ ਅੱਜ ਵੱਖ- ਵੱਖ ਦੇਸ਼ਾਂ ਵਿੱਚ ਅਨੇਕਾਂ ਭਾਰਤੀ ਰਾਜ ਮੁਖੀ ਬਣੇ ਹੋਏ ਹਨ ਅਤੇ ਆਪਣੀ ਯੋਗਤਾ ਦਾ ਪ੍ਰਗਟਾਵਾ ਕਰ ਰਹੇ ਹਨ। ਇਸ ਤਰਾਂ ਭਾਰਤ ਤੋਂ ਪਰਵਾਸ ਕਰਕੇ ਹੋਰਨਾਂ ਮੁਲਕਾਂ ਵਿੱਚ ਗਏ ਅਨੇਕਾਂ ਭਾਰਤੀਆਂ ਨੇ ਦੁਨੀਆ ਵਿੱਚ ਆਪਣੀ ਯੋਗਤਾ ਦਾ ਲੋਹਾ ਮਨਵਾਇਆ ਹੈ ਅਤੇ ਆਪਣੇ ਦੇਸ਼ ਦੇ ਨਾਮ ਨੂੰ ਰੌਸ਼ਣ ਕੀਤਾ ਹੈ।

ਯੂਕੇ, ਆਇਰਲੈਂਡ ਅਤੇ ਸਕਾਟਲੈਂਡ ਦੇ ਰਾਜਾਂ ਦੇ ਮੁਖੀ ਹੁਣ ਭਾਰਤੀ ਉਪ ਮਹਾਂਦੀਪ ਤੋਂ ਹਨ,ਜਦੋਂ ਕਿ ਸੁਨਕ ਅਤੇ ਵਰਾਡਕਰ ਦੋਵੇਂ ਭਾਰਤੀ ਮੂਲ ਦੇ ਹਨ, ਯੂਸਫ਼ ਦੇ ਦਾਦਾ-ਦਾਦੀ 1960 ਦੇ ਦਹਾਕੇ ਵਿੱਚ ਪਾਕਿਸਤਾਨ ਤੋਂ ਸਕਾਟਲੈਂਡ ਆਵਾਸ ਕਰ ਗਏ ਸਨ।

ਛੇ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ, ਰਿਸ਼ੀ ਸੁਨਕ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਬਣ ਗਏ ਹਨ, ਲਿਓ ਵਰਾਡਕਰ ਆਇਰਲੈਂਡ ਦੇ ਪ੍ਰਧਾਨ ਮੰਤਰੀ ਵਜੋਂ ਦੂਜੀ ਵਾਰ ਵਾਪਸ ਆਏ ਹਨ ਅਤੇ ਹੁਮਜ਼ਾ ਯੂਸਫ ਨੂੰ ਸਕਾਟਲੈਂਡ ਦੇ ਅਗਲੇ ਪਹਿਲੇ ਮੰਤਰੀ ਵਜੋਂ



ਚੁਣਿਆ ਗਿਆ ਹੈ। ਤਿੰਨਾਂ ਨੇਤਾਵਾਂ ਵਿੱਚ ਸਾਂਝਾ ਕਾਰਕ ਇਹ ਹੈ ਕਿ ਉਨ੍ਹਾਂ ਦੀਆਂ ਪਰਿਵਾਰਕ ਜੜ੍ਹਾਂ ਭਾਰਤੀ ਉਪ ਮਹਾਂਦੀਪ ਵਿੱਚ ਹਨ।

ਜਾਪਦਾ ਹੈ ਕਿ ਭਾਰਤੀ ਉਪ ਮਹਾਂਦੀਪ ਵਿਸ਼ਵ ਨੇਤਾਵਾਂ ਲਈ ਪ੍ਰਤਿਭਾ ਦਾ ਪੰਘੂੜਾ ਬਣ ਗਿਆ ਹੈ। ਪੁਰਤਗਾਲ ਦੇ ਸਮਾਜਵਾਦੀ ਪ੍ਰਧਾਨ ਮੰਤਰੀ ਐਂਟੋਨੀਓ ਕੋਸਟਾ ਵੀ ਭਾਰਤੀ ਮੂਲ ਦੇ ਹਨ ਅਤੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਅਤੇ ਨਿੱਕੀ ਹੈਲੀ ਦੋਵਾਂ ਨੇ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ।

ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਵਿੱਚ ਹੁਣ ਭਾਰਤੀ ਉਪ-ਮਹਾਂਦੀਪ ਮੂਲ ਦੇ ਪੁਰਸ਼ ਰਾਜ ਦੇ ਮੁਖੀ ਹਨ। ਇਹ ਵੀ ਇੱਕ ਵੱਡੀ ਗੱਲ ਹੈ ਕਿਉਂਕਿ 1947 ਤੱਕ ਅਣਵੰਡੇ ਭਾਰਤ ਵਿੱਚ ਬਰਤਾਨੀਆ ਦਾ ਰਾਜ ਸੀ।

ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਵਿੱਚ ਹੁਣ ਭਾਰਤੀ ਉਪ-ਮਹਾਂਦੀਪ ਮੂਲ ਦੇ ਪੁਰਸ਼ ਰਾਜ ਦੇ ਮੁਖੀ ਹਨ।ਅਸੀਂ ਯੂਕੇ ਦੇ ਤਿੰਨ ਰਾਜ ਮੁਖੀਆਂ ਦੇ ਪ੍ਰੋਫਾਈਲਾਂ 'ਤੇ ਇੱਕ ਨਜ਼ਰ ਮਾਰਦੇ ਹਾਂ ਅਤੇ ਦੇਖਦੇ ਹਾਂ ਕਿ ਉਹ ਸਿਖਰ 'ਤੇ ਕਿਵੇਂ ਪਹੁੰਚੇ।

**ਹਮਜ਼ਾ ਯੂਸਫ਼** :ਹਮਜ਼ਾ ਯੂਸਫ਼ ਨੇ ਨੂੰ ਸਕਾਟਿਸ਼ ਨੈਸ਼ਨਲ ਪਾਰਟੀ ਲੀਡਰਸ਼ਿਪ ਮੁਕਾਬਲਾ ਜਿੱਤ ਲਿਆ ਅਤੇ ਹੁਣ ਉਹ ਸਕਾਟਲੈਂਡ ਦੇ ਪਹਿਲੇ ਮੰਤਰੀ ਵਜੋਂ ਨਿਕੋਲਾ ਸਟਰਜਨ ਦੀ ਥਾਂ ਲੈਣ ਲਈ ਤਿਆਰ ਹੈ। ਜੋਸੇਫ ਨੇ ਆਪਣੇ ਸਵੀਕ੍ਰਿਤੀ ਭਾਸ਼ਣ ਵਿੱਚ ਕਿਹਾ ਕਿ ਮੈਂ ਪੂਰੇ ਸਕਾਟਲੈਂਡ ਲਈ ਇੱਕ ਪਹਿਲਾ ਮੰਤਰੀ ਹੋਵਾਂਗਾ। ਮੈਂ ਤੁਹਾਡੇ ਸਨਮਾਨ ਅਤੇ ਤੁਹਾਡੇ ਵਿਸ਼ਵਾਸ ਨੂੰ ਦੁਬਾਰਾ ਕਮਾਉਣ ਅਤੇ ਦੁਬਾਰਾ ਕਮਾਉਣ ਲਈ ਹਰ ਦਿਨ ਦਾ ਹਰ ਮਿੰਟ ਕੰਮ ਕਰਾਂਗਾ।

37 ਸਾਲਾ ਯੂਸਫ਼ ਬਰਤਾਨੀਆ ਦੀ ਕਿਸੇ ਵੱਡੀ ਸਿਆਸੀ ਪਾਰਟੀ ਦਾ ਪਹਿਲਾ ਮੁਸਲਿਮ ਆਗੂ ਅਤੇ ਪੱਛਮੀ ਯੂਰਪ ਵਿੱਚ ਕਿਸੇ ਦੇਸ਼ ਦੀ ਅਗਵਾਈ ਕਰਨ ਵਾਲਾ ਪਹਿਲਾ ਮੁਸਲਮਾਨ ਵੀ ਬਣਿਆ।

ਯੂਸਫ਼ ਪੱਛਮੀ ਯੂਰਪ ਵਿੱਚ ਕਿਸੇ ਦੇਸ਼ ਦੀ ਅਗਵਾਈ ਕਰਨ ਵਾਲਾ ਪਹਿਲਾ ਮੁਸਲਮਾਨ ਬਣਿਆ।ਉਸਦੇ ਪਿਤਾ ਮੂਲ ਰੂਪ ਵਿੱਚ ਪਾਕਿਸਤਾਨ ਤੋਂ ਹਨ ਅਤੇ 1960 ਦੇ ਦਹਾਕੇ ਵਿੱਚ ਆਪਣੇ ਪਰਿਵਾਰ ਨਾਲ ਸਕਾਟਲੈਂਡ ਚਲੇ ਗਏ ਸਨ, ਜਦੋਂ ਕਿ ਉਸਦੀ ਮਾਂ ਦਾ ਜਨਮ ਕੀਨੀਆ ਵਿੱਚ ਇੱਕ ਦੱਖਣੀ ਏਸ਼ੀਆਈ ਪਰਿਵਾਰ ਵਿੱਚ ਹੋਇਆ ਸੀ।

ਗਲਾਸਗੋ ਯੂਨੀਵਰਸਿਟੀ 'ਚ ਪੜ੍ਹਾਈ ਕਰਨ ਤੋਂ ਬਾਅਦ ਜੋਸੇਫ ਨੇ ਕੁਝ ਸਮਾਂ ਕਾਲ ਸੈਂਟਰ 'ਚ ਕੰਮ ਕੀਤਾ। ਰਾਜਨੀਤੀ ਵਿੱਚ ਉਸਦੀ ਸ਼ੁਰੂਆਤ ਉਦੋਂ ਹੋਈ ਜਦੋਂ ਉਹ ਬਸ਼ੀਰ ਅਹਿਮਦ ਅਤੇ ਐਲੇਕਸ ਸੈਲਮੰਡ ਦਾ ਸੰਸਦੀ ਸਹਾਇਕ ਬਣ ਗਿਆ। ਉਸਨੇ 2016 ਤੋਂ ਗਲਾਸਗੋ ਪੋਲਕ ਲਈ ਅਤੇ 2011 ਅਤੇ 2016 ਦੇ ਵਿਚਕਾਰ ਗਲਾਸਗੋ ਲਈ ਸਕਾਟਿਸ਼ ਸੰਸਦ ਦੇ ਮੈਂਬਰ ਵਜੋਂ ਸੇਵਾ ਕੀਤੀ। 2016 ਵਿੱਚ, ਉਹ ਟਰਾਂਸਪੋਰਟ ਮੰਤਰੀ ਬਣਿਆ, 2018 ਵਿੱਚ ਨਵੇਂ ਨਿਆਂ ਸਕੱਤਰ ਵਜੋਂ ਤਰੱਕੀ ਦਿੱਤੀ ਗਈ, ਅਤੇ 2021 ਵਿੱਚ ਸਕਾਟਲੈਂਡ ਲਈ ਸਿਹਤ ਸਕੱਤਰ ਬਣ ਗਿਆ।

**ਰਿਸ਼ੀ ਸੁਨਕ** : ਪਿਛਲੇ ਸਾਲ 25 ਅਕਤੂਬਰ ਨੂੰ, ਰਿਸ਼ੀ ਸੁਨਕ ਇੱਕ ਸਾਲ ਦੇ ਅੰਦਰ ਬ੍ਰਿਟੇਨ ਦੇ ਤੀਜੇ ਪ੍ਰਧਾਨ ਮੰਤਰੀ ਅਤੇ ਦੇਸ਼ ਦੀ ਅਗਵਾਈ ਕਰਨ ਵਾਲੇ ਪਹਿਲੇ ਕਾਲੇ ਵਿਅਕਤੀ ਬਣੇ। ਸੁਨਕ ਨੇ ਵਿਰੋਧੀ ਦਾਅਵੇਦਾਰ ਪੈਨੀ ਮੋਰਡੌਂਟ ਨੂੰ ਹਰਾ ਕੇ ਲਿਜ਼ ਟਰਸ ਦਾ 49 ਦਿਨਾਂ ਦਾ ਕਾਰਜਕਾਲ ਖਤਮ ਹੋਣ ਤੋਂ ਬਾਅਦ ਸੱਤਾਧਾਰੀ ਕੰਜ਼ਰਵੇਟਿਵਾਂ ਦਾ ਨਵਾਂ ਨੇਤਾ ਬਣ ਗਿਆ। ਯੌਰਕਸ਼ਾਇਰ ਵਿੱਚ ਰਿਚਮੰਡ ਲਈ ਐਮਪੀ ਪਹਿਲੀ ਵਾਰ 2015 ਵਿੱਚ ਯੂਕੇ ਦੀ ਸੰਸਦ ਵਿੱਚ ਦਾਖਲ ਹੋਇਆ ਸੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਰੈਂਕ ਵਿੱਚ ਤੇਜ਼ੀ ਨਾਲ (**ਬਾਕੀ ਸਫ਼ਾ 31 'ਤੇ**)

# ਅਮਰੀਕਾ ਵਿੱਚ 'ਜੇਲ੍ਹ ਸਟਾਕਾਂ' ਦੀ ਸਥਿਤੀ ਅਤੇ ਭੂਮਿਕਾ

- ਅਮਰੀਕਾ ਵਿੱਚ ਜੇਲ੍ਹਾਂ ਲਈ ਸਰਕਾਰ ਕਰਦੀ ਹੈ ਨਿੱਜੀ ਕੰਪਨੀਆਂ ਨਾਲ ਸਮਝੌਤੇ
- ਸਟਾਕ ਐਕਸਚੇਂਜ 'ਤੇ ਸੂਚੀਬੱਧ ਹਨ ਨਿੱਜੀ ਜੇਲ੍ਹ ਕੰਪਨੀਆਂ
- ਨਿੱਜੀ ਜੇਲ੍ਹਾਂ ਅਤੇ ਜੇਲ੍ਹ ਨਜ਼ਰਬੰਦੀ ਸਹੂਲਤਾਂ ਦੇ ਮਾਲਕ ਅਤੇ ਸੰਚਾਲਨ ਕਰਦੇ ਹਨ ਜੇਲ੍ਹ ਸਟਾਕ



ਕੈਲੀਫੋਰਨੀਆ/ਏ.ਟੀ.ਨਿਊਜ਼ :- ਭਾਰਤ ਵਿੱਚ, ਸਰਕਾਰ ਦੇਸ਼ ਦੀਆਂ ਸਾਰੀਆਂ ਜੇਲ੍ਹਾਂ ਦੀ ਦੇਖਭਾਲ ਅਤੇ ਰੱਖ-ਰਖਾਅ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਪਰ, ਅਮਰੀਕਾ ਵਿੱਚ, ਸਰਕਾਰ ਪ੍ਰਾਈਵੇਟ ਕੰਪਨੀਆਂ ਨਾਲ ਸਮਝੌਤੇ ਕਰਦੀ ਹੈ ਜੋ ਨਿੱਜੀ ਤੌਰ 'ਤੇ ਜੇਲ੍ਹਾਂ ਦਾ ਨਿਰਮਾਣ ਅਤੇ ਪ੍ਰਬੰਧਨ ਕਰਦੀਆਂ ਹਨ ਕਿਉਂਕਿ ਇਹ ਕੰਪਨੀਆਂ ਸਟਾਕ ਐਕਸਚੇਂਜ 'ਤੇ ਸੂਚੀਬੱਧ ਹਨ, ਇਸ ਲਈ ਇਨ੍ਹਾਂ ਦੇ ਸਟਾਕਾਂ ਨੂੰ 'ਜੇਲ ਸਟਾਕ' ਕਿਹਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਕੰਪਨੀਆਂ ਕੰਮ ਕਰਦੀਆਂ ਹਨ।

ਜੇਲ੍ਹ ਸਟਾਕ ਉਹਨਾਂ ਕੰਪਨੀਆਂ ਦੇ ਸਟਾਕ ਹੁੰਦੇ ਹਨ ਜੋ ਨਿੱਜੀ ਜੇਲ੍ਹਾਂ ਅਤੇ ਜੇਲ੍ਹ ਨਜ਼ਰਬੰਦੀ ਸਹੂਲਤਾਂ ਦੇ ਮਾਲਕ ਅਤੇ ਸੰਚਾਲਨ ਕਰਦੇ ਹਨ। ਅਮਰੀਕੀ ਸਰਕਾਰ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਨਾਲ ਗ੍ਰਿਫਤਾਰ ਨਿਵਾਸੀਆਂ ਅਤੇ ਪ੍ਰਵਾਸੀਆਂ ਨੂੰ ਘਰ ਦੇਣ ਲਈ ਸਮਝੌਤੇ ਕਰਦੀ ਹੈ। ਇਹ ਕੰਪਨੀਆਂ ਆਪਣੀਆਂ ਜਾਇਦਾਦਾਂ ਦੀਆਂ ਮਾਲਕ ਹਨ, ਆਪਣੀਆਂ ਜਾਇਦਾਦਾਂ ਵਿੱਚ ਜੇਲ੍ਹ ਪ੍ਰਬੰਧਨ ਸਹੂਲਤਾਂ ਪ੍ਰਦਾਨ ਕਰਦੀਆਂ ਹਨ ਅਤੇ ਇੱਥੋਂ ਤੱਕ ਕਿ ਕੁਝ ਸਰਕਾਰੀ ਜੇਲ੍ਹ ਸਹੂਲਤਾਂ ਦਾ ਪ੍ਰਬੰਧ ਵੀ ਕਰਦੀਆਂ ਹਨ।

ਇਹ ਸੰਕਲਪ ਕਿਵੇਂ ਹੋਂਦ ਵਿੱਚ ਆਇਆ ?

1980 ਦੇ ਦਹਾਕੇ ਵਿੱਚ ਅਮਰੀਕਾ ਵਿੱਚ 7,50,000 ਲੋਕ ਕੈਦ ਸਨ ਅਤੇ 1997 ਤੱਕ ਇਹ ਗਿਣਤੀ ਵਧ ਕੇ 17 ਲੱਖ ਹੋ ਗਈ। ਇਹ ਉਦੋਂ ਸ਼ੁਰੂ ਹੋਇਆ ਜਦੋਂ ਅਮਰੀਕਾ ਨੇ ਡਰੱਗ ਅਪਰਾਧਾਂ ਨੂੰ ਰੋਕਣ ਲਈ ਰਿਕਾਰਡ ਗਿਣਤੀ ਵਿੱਚ ਲੋਕਾਂ ਨੂੰ ਗ੍ਰਿਫਤਾਰ ਕੀਤਾ। ਪਰ ਜਿਵੇਂ-ਜਿਵੇਂ ਜੇਲ੍ਹ ਦੀ ਆਬਾਦੀ ਵਧਦੀ ਗਈ, ਉਨ੍ਹਾਂ ਨੂੰ ਚਲਾਉਣ ਦੇ ਖਰਚੇ ਵੀ ਵਧਦੇ ਗਏ। 1980 ਤੋਂ 1997 ਤੱਕ ਜੇਲ੍ਹਾਂ ਦੇ ਸੰਚਾਲਨ ਦਾ ਖਰਚਾ 24 ਕਰੋੜ ਰੁਪਏ ਤੋਂ ਵੱਧ ਕੇ 143 ਕਰੋੜ ਹੋ ਗਿਆ। ਕਿਉਂਕਿ ਜੇਲ੍ਹਾਂ ਵਿੱਚ ਭੀੜ-ਭੜੱਕਾ ਹੋਣ ਕਰਕੇ, ਸਰਕਾਰ ਨੇ ਪ੍ਰਾਈਵੇਟ ਕੰਪਨੀਆਂ ਨੂੰ ਇਸ ਵਿਚਾਰ ਨਾਲ ਉਤਸ਼ਾਹਿਤ ਕੀਤਾ ਕਿ ਪ੍ਰਾਈਵੇਟ ਕੰਪਨੀਆਂ ਤੇਜ਼ੀ ਨਾਲ ਜੇਲ੍ਹਾਂ ਦਾ ਨਿਰਮਾਣ ਕਰ ਸਕਦੀਆਂ ਹਨ ਅਤੇ ਬਿਹਤਰ ਸਹੂਲਤਾਂ ਵੀ ਪ੍ਰਦਾਨ ਕਰ ਸਕਦੀਆਂ ਹਨ।

ਪ੍ਰਾਈਵੇਟ ਜੇਲ੍ਹਾਂ ਕਿਵੇਂ ਕੰਮ ਕਰਦੀਆਂ ਹਨ ?

ਪ੍ਰਾਈਵੇਟ ਕੰਪਨੀਆਂ ਅਮਰੀਕੀ ਸਰਕਾਰ ਨਾਲ ਇਕਰਾਰਨਾਮੇ ਕਰਦੀਆਂ ਹਨ ਜਿਸ ਦੇ ਆਧਾਰ 'ਤੇ ਸਰਕਾਰ ਕੰਪਨੀਆਂ ਨੂੰ ਉਨ੍ਹਾਂ ਦੇ ਅਹਾਤੇ 'ਤੇ ਰੱਖੇ ਹਰੇਕ ਕੈਦੀ ਲਈ ਪ੍ਰਤੀ ਬੈੱਡ ਦੀ ਕੀਮਤ ਅਦਾ ਕਰਦੀ ਹੈ।

ਪ੍ਰਾਈਵੇਟ ਜੇਲ੍ਹ ਸਟਾਕਾਂ ਦੇ ਵਪਾਰਕ ਮਾਡਲ ਵਿੱਚ ਸ਼ਾਮਲ ਹਨ:

ਨਿਜੀ ਜੇਲ੍ਹਾਂ ਦੀ ਮੁਨਾਫ਼ਾ ਉਹਨਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਸੰਖਿਆ ਅਤੇ ਉਹਨਾਂ ਵਿੱਚ ਰਹਿਣ ਵਾਲੇ ਕੈਦੀਆਂ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ।

ਕੀ ਅਮਰੀਕੀ ਲੀਡਰਸ਼ਿਪ ਜੇਲ੍ਹ ਸਟਾਕਾਂ ਨੂੰ ਪ੍ਰਭਾਵਿਤ ਕਰਦੀ ਹੈ ?

ਧਾਰਨਾ ਇਹ ਹੈ ਕਿ ਜਦੋਂ ਅਮਰੀਕੀ ਰਾਸ਼ਟਰਪਤੀ ਇੱਕ ਡੈਮੋਕਰੇਟ ਹੁੰਦਾ ਹੈ ਤਾਂ ਅਮਰੀਕੀ ਜੇਲ੍ਹ ਸਟਾਕ ਚੰਗਾ ਨਹੀਂ ਕਰਦੇ। ਇਹ ਧਾਰਨਾ ਉਦੋਂ ਸ਼ੁਰੂ ਹੋਈ ਜਦੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਘੋਸ਼ਣਾ ਕੀਤੀ ਕਿ ਉਨ੍ਹਾਂ ਦੀ ਸਰਕਾਰ ਪ੍ਰਾਈਵੇਟ ਜੇਲ੍ਹਾਂ ਨਾਲ ਇਕਰਾਰਨਾਮੇ ਨੂੰ ਖਤਮ ਕਰੇਗੀ ਜਿਸ ਕਾਰਨ ਜੇਲ੍ਹਾਂ ਦੇ ਸਟਾਕ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ ਹੈ।

ਜਦੋਂ ਟਰੰਪ ਅਤੇ ਕਲਿੰਟਨ ਵਿਚਕਾਰ ਰਾਸ਼ਟਰਪਤੀ ਚੋਣਾਂ ਦੀ ਬਹਿਸ ਚੱਲ ਰਹੀ ਸੀ, ਜੇਲ੍ਹ ਸਟਾਕ ਲਗਾਤਾਰ ਘੱਟ ਕੀਮਤਾਂ 'ਤੇ ਵਪਾਰ ਕਰ ਰਹੇ ਸਨ ਕਿਉਂਕਿ ਬਹੁਤ ਸਾਰੇ ਕਲਿੰਟਨ ਦੇ ਜਿੱਤਣ ਦੀ ਉਮੀਦ ਕਰਦੇ ਸਨ। ਪਰ ਜਦੋਂ ਟਰੰਪ ਨੇ ਚੋਣਾਂ ਜਿੱਤੀਆਂ, ਜੇਲ੍ਹ ਸਟਾਕਾਂ ਦੀਆਂ ਸ਼ੇਅਰਾਂ ਦੀਆਂ ਕੀਮਤਾਂ ਵਧ ਗਈਆਂ।

ਜੇਲ੍ਹ ਸਟਾਕ ਉਦੋਂ ਉੱਚੇ ਪੱਧਰ 'ਤੇ ਰਿਹਾ ਕਿਉਂਕਿ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੇ ਜੇਲ੍ਹ ਉਦਯੋਗ ਨੂੰ ਲਾਭ ਪਹੁੰਚਾਇਆ। ਟਰੰਪ ਦੀਆਂ ਨੀਤੀਆਂ ਨੇ ਹਜ਼ਾਰਾਂ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਪਰਿਵਾਰ ਤੋਂ ਵੱਖ ਹੋਣ ਵਰਗੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਲਾਗੂ ਕੀਤੀਆਂ। (ਨਿੱਜੀ ਜੇਲ੍ਹਾਂ ਵਿੱਚ ਨਜ਼ਰਬੰਦ ਪਰਿਵਾਰਾਂ ਦੇ ਬੱਚਿਆਂ ਨੂੰ ਨਹੀਂ ਰੱਖਿਆ ਗਿਆ, ਪਰ ਸਿਰਫ਼ ਮਾਪਿਆਂ ਨੂੰ ਰੱਖਿਆ ਗਿਆ)। ਟਰੰਪ ਦੇ ਪ੍ਰਸ਼ਾਸਨ ਦੇ ਦੌਰਾਨ, ਡੈਮੋਕਰੇਟਸ ਵਿੱਚ ਵੀ ਨਿੱਜੀ ਜੇਲ੍ਹਾਂ ਦੀ ਪ੍ਰਸਿੱਧੀ ਡਿੱਗ ਗਈ। ਜੇਪੀ ਮੋਰਗਨ ਵਰਗੇ 9 ਬੈਂਕਾਂ ਨੂੰ ਜੇਲ੍ਹ ਉਦਯੋਗ ਤੋਂ ਵਿਨਿਵੇਸ਼ ਦਾ ਐਲਾਨ ਕਰਨ ਲਈ ਜਨਤਕ ਪ੍ਰਤੀਕਰਮ ਹੋਇਆ। ਜਦੋਂ ਜੋ ਬਿਡੇਨ ਨੇ ਰਾਸ਼ਟਰਪਤੀ ਚੋਣਾਂ ਜਿੱਤੀਆਂ, ਜੇਲ੍ਹ ਸਟਾਕ ਫਿਰ ਡਿੱਗ ਗਿਆ.

3 ਜੇਲ੍ਹ ਸਟਾਕਾਂ ਵਿੱਚ ਯੂਐਸ ਨਿਵੇਸ਼ਕ ਨਿਵੇਸ਼ ਕਰ ਸਕਦੇ ਹਨ:

1. CoreCivic: CoreCivic ਇੱਕ ਜੇਲ੍ਹ ਸਟਾਕ ਹੈ ਜੋ ਨਜ਼ਰਬੰਦੀ ਆਪਰੇਸ਼ਨ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ 100 ਤੋਂ ਵੱਧ ਜੇਲ੍ਹਾਂ ਅਤੇ ਸੁਧਾਰਾਤਮਕ ਸਹੂਲਤਾਂ ਦਾ ਮਾਲਕ ਹੈ।

2. **ਸੇਰਕੋ**: ਸੇਰਕੋ ਜੇਲ੍ਹਾਂ ਵਿੱਚ 5 ਮੁੱਖ ਸੇਵਾਵਾਂ ਪ੍ਰਦਾਨ ਕਰਦਾ ਹੈ: ਸਿਹਤ, ਆਵਾਜਾਈ, ਨਾਗਰਿਕ ਸੇਵਾਵਾਂ, ਨਿਆਂ, ਇਮੀਗ੍ਰੇਸ਼ਨ ਅਤੇ ਰੱਖਿਆ।

3. **ਜੀਓ ਗਰੁੱਪ**: ਜੀਓ ਗਰੁੱਪ ਇੱਕ ਰੀਅਲ ਅਸਟੇਟ ਨਿਵੇਸ਼ ਕੰਪਨੀ ਹੈ ਜੋ ਪੂਰੀ ਦੁਨੀਆ ਵਿੱਚ ਜੇਲ੍ਹਾਂ ਅਤੇ ਮਾਨਸਿਕ ਸਿਹਤ ਸੰਪਤੀਆਂ ਵਿੱਚ ਨਿਵੇਸ਼ ਕਰਦੀ ਹੈ। ਕੰਪਨੀ ਉਹਨਾਂ ਦੇ ਮਰੀਜ਼ਾਂ ਅਤੇ ਕੈਦੀਆਂ ਨੂੰ ਸਿਹਤਮੰਦ, ਅਤੇ ਸਾਫ਼ ਕਰਨ ਦੀ ਵਚਨਬੱਧਤਾ ਰੱਖਦੀ ਹੈ ਅਤੇ ਉਹਨਾਂ ਦੇ ਜਾਣ ਤੋਂ ਬਾਅਦ ਉਹਨਾਂ ਨੂੰ ਮਦਦ ਦੀ ਪੇਸ਼ਕਸ਼ ਕਰਦੀ ਹੈ।

# ਪੰਜਾਬ ਦੇ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਕਰਨਾ ਪੈਂਦਾ ਹੈ ਭਾਰੀ ਮੁਸ਼ਕਿਲਾਂ ਦਾ ਸਾਹਮਣਾ

**ਗੁਰਿੰਦਰ ਕਲੇਰ**



ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਵਿਦੇਸ਼ ਵਿੱਚ ਪੜ੍ਹਨ ਜਾਣ ਦੇ ਚਾਹਵਾਨ ਹੁੰਦੇ ਹਨ। ਜੇਕਰ ਕੋਈ ਬੱਚਾ ਵਿਦੇਸ਼ ਜਾ ਕੇ 5-7 ਸਾਲ ਮਿਹਨਤ ਨਾਲ ਆਪਣੀ ਪੜ੍ਹਾਈ ਪੂਰੀ ਕਰ ਲਵੇ ਤਾਂ ਉਹ ਕੋਈ ਚੰਗੀ ਨੌਕਰੀ ਪ੍ਰਾਪਤ ਕਰਨ ਦੇ ਯੋਗ ਵੀ ਹੋ ਜਾਂਦਾ ਹੈ ਪ੍ਰੰਤੂ ਇਹਨਾਂ 5-7 ਸਾਲਾ ਦੌਰਾਨ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਵਿੱਚੋਂ ਲੰਘਣਾ ਪੈਂਦਾ ਹੈ, ਜਿਨ੍ਹਾਂ ਨੂੰ ਅੱਖੋਂ-ਪਰੋਖੇ ਕਰਨਾ ਵੀ ਵੱਡੀ ਗ਼ਲਤੀ ਹੁੰਦੀ ਹੈ। ਜੇਕਰ ਇਹਨਾਂ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਪੇਸ਼ ਆ ਰਹੀਆਂ ਮੁਸ਼ਕਿਲਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਵਿਦਿਆਰਥੀਆਂ ਨੂੰ ਉੱਥੋਂ ਦੇ ਵਿਦਿਆਰਥੀਆਂ ਤੋਂ ਲਗਭਗ ਤਿੰਨ ਗੁਣਾਂ ਵੱਧ ਫ਼ੀਸ ਦੇਣੀ ਪੈਂਦੀ ਹੈ। ਫ਼ੀਸ ਦੇ ਨਾਲ-ਨਾਲ ਰਹਿਣ ਲਈ ਘਰ, ਕਰਿਆਨੇ, ਸਬਜ਼ੀ ਆਦਿ ਦਾ ਖਰਚਾ, ਕਾਰ ਦਾ ਖਰਚਾ ਆਦਿ ਵੱਡੇ ਖ਼ਰਚੇ ਹਨ। ਕੈਨੇਡਾ ਵਿੱਚ ਸਕੇਲ ਵਰਕਰ ਅਤੇ ਚੰਗੀ ਨੌਕਰੀ ਵਾਲਿਆਂ ਦੀ ਤਨਖ਼ਾਹ ਠੀਕ ਹੁੰਦੀ ਹੈ ਪਰ ਜਿਹੜੇ ਵਿਦਿਆਰਥੀ ਜਾਂਦੇ ਹਨ ਉਹਨਾਂ ਨੂੰ ਕੰਮ ਲੱਭਣ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਜੇਕਰ ਕੰਮ ਮਿਲ ਵੀ ਜਾਵੇ ਤਾਂ ਘੱਟ ਤੋ ਘੱਟ ਰੇਟ, ਜਿਹੜਾ ਕੈਨੇਡਾ ਸਰਕਾਰ ਵੱਲੋਂ ਤੈਅ ਕੀਤਾ ਹੁੰਦਾ ਹੈ, ਉੱਤੇ ਕੰਮ ਕਰਨਾ ਪੈਂਦਾ ਹੈ। ਪੜ੍ਹਾਈ ਕਰਨੀ, ਕੰਮ ਕਰਨਾ ਅਤੇ ਆਪਣੇ ਰੋਟੀ ਪਾਣੀ ਦਾ ਪ੍ਰਬੰਧ ਕਰਨਾ ਕਈ ਵਿਦਿਆਰਥੀਆਂ ਲਈ ਉਦਾਸੀ ਦਾ ਕਾਰਨ ਬਣ ਜਾਂਦਾ ਹੈ। ਇਸ ਸਮੇਂ ਕੈਨੇਡਾ ਦੇ ਵੱਡੇ ਅਤੇ ਮਸ਼ਹੂਰ ਸ਼ਹਿਰਾਂ ਵਿੱਚ ਜਨਸੰਖਿਆ ਇੰਨੀ ਵਧ ਚੁੱਕੀ ਹੈ ਕਿ ਦਫ਼ਤਰਾਂ ਵਿੱਚ ਕੰਮ ਕਰਵਾਉਣ ਲਈ ਲਾਈਨਾਂ, ਸੜਕਾਂ ਉੱਪਰ ਵਾਹਨਾਂ ਦੀ ਭੀੜ, ਮਹਿੰਗਾਈ ਦਾ ਵਧਣਾ ਤੇ ਆਮਦਨ ਦਾ ਘੱਟ ਹੋ ਗਈ ਹੈ। ਕੈਨੇਡਾ ਬਾਰੇ ਇਹ ਸੁਣਨ ਨੂੰ ਮਿਲਦਾ ਸੀ ਕਿ ਉੱਥੇ ਇਲਾਜ ਮੁਫ਼ਤ ਹੈ, ਜਦ ਕਿ ਸੱਚਾਈ ਇਹ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਪੈਸੇ ਦੇ ਕੇ ਕਰਵਾਉਣਾ ਪੈਂਦਾ ਹੈ। ਕੁਝ ਕੁ ਬਿਮਾਰੀਆਂ ਦਾ ਇਲਾਜ ਮੁਫ਼ਤ ਹੈ ਪਰ ਡਾਕਟਰ ਨੂੰ ਮਿਲਣ ਲਈ ਮਹੀਨਿਆਂ ਬੱਧੀ ਉਡੀਕ ਕਰਨੀ ਪੈਂਦੀ ਹੈ।

ਜ਼ਿਆਦਾਤਰ ਵਿਦਿਆਰਥੀ ਕੈਨੇਡਾ ਦੇ ਉਹਨਾਂ ਇਲਾਕਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ ਜਿੱਥੇ ਠੰਢ ਘੱਟ ਪੈਂਦੀ ਹੋਵੇ। ਪਰ ਫਿਰ ਵੀ ਕੈਨੇਡਾ ਵਿੱਚ ਪੰਜਾਬ ਨਾਲੋਂ ਵੱਧ ਠੰਢ ਪੈਂਦੀ ਹੈ। ਕੈਨੇਡਾ ਵਿੱਚ ਗਰਮੀ ਦਾ ਮੌਸਮ ਘੱਟ ਅਤੇ ਸਰਦੀ/ ਬਰਸਾਤ ਦਾ ਮੌਸਮ ਜ਼ਿਆਦਾ ਸਮਾਂ ਰਹਿੰਦਾ ਹੈ। ਸਰਦੀ ਅਤੇ ਬਰਸਾਤ ਦੇ ਮੌਸਮ ਵਿੱਚ ਕਈ-ਕਈ ਦਿਨ ਸੂਰਜ ਦਿਖਾਈ ਨਹੀਂ ਦੇਂਦਾ। ਬਹੁਤ ਸਾਰੇ ਲੋਕਾਂ ਨੂੰ ਇਸ ਮੌਸਮ ਵਿੱਚ ਡਿਪ੍ਰੈਸ਼ਨ (ਉਦਾਸੀ), ਵਿਟਾਮਿਨ ਡੀ ਆਦਿ ਦੀ ਘਾਟ ਹੋ ਜਾਂਦੀ ਹੈ। ਰਹਿਣ ਵਾਲੇ ਘਰਾਂ ਵਿੱਚ ਹੀਟ, ਗਰਮ ਪਾਣੀ ਆਦਿ ਦਾ ਪ੍ਰਬੰਧ ਹੁੰਦਾ ਹੈ ਪਰ ਇਹਨਾਂ ਸਹੂਲਤਾਂ ਦੇ ਬਿੱਲ ਦੇਣੇ ਪੈਂਦੇ ਹਨ। ਇਸ ਦੇਸ਼ ਵਿੱਚ ਨਿੱਕੇ ਤੋਂ ਲੈ ਕੇ ਵੱਡੇ ਕੰਮ ਕਰਵਾਉਣ ਲਈ ਸਰਕਾਰ ਦੀ ਮਨਜ਼ੂਰੀ ਲੈਣੀ ਅਤੇ ਫ਼ੀਸ ਦੇਣੀ ਪੈਂਦੀ ਹੈ। ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਇੰਨੀਆਂ ਵਧ ਚੁੱਕੀਆਂ ਹਨ ਕਿ ਇਕ ਘਰ ਖ਼ਰੀਦਣ ਲਈ ਇਕ ਪੀੜ੍ਹੀ ਨੂੰ ਆਪਣੀ ਜ਼ਿੰਦਗੀ ਦੀ ਕਮਾਈ ਹੋਈ ਸਾਰੀ ਪੂੰਜੀ ਲਾਉਣੀ ਪੈਂਦੀ ਹੈ ਅਤੇ ਦਿਨ ਰਾਤ ਕੰਮ ਕਰਨਾ ਪੈਂਦਾ ਹੈ। ਘਰਾਂ ਦੀਆਂ ਕਿਸ਼ਤਾਂ ਅਤੇ ਹੋਰ ਖ਼ਰਚਿਆਂ ਦਾ ਬੋਝ ਕਈ ਲੋਕਾਂ 'ਤੇ ਇੰਨਾ ਵਧ ਜਾਂਦਾ ਹੈ ਕਿ ਉਹ ਆਪਣੀ ਜ਼ਿੰਦਗੀ ਖ਼ਤਮ ਕਰਨ ਬਾਰੇ ਸੋਚਣ ਲੱਗ ਪੈਂਦੇ ਹਨ। ਕੈਨੇਡਾ ਵਿੱਚ ਬੈਂਕ ਤੋਂ ਕਰਜ਼ਾ ਲੈ ਕੇ ਘਰ ਲੈਣਾ, ਕਾਰ ਲੈਣੀ ਆਦਿ ਉੱਥੋਂ ਦਾ ਕਲਚਰ ਬਣ ਚੁੱਕਾ ਹੈ। ਵਿਦਿਆਰਥੀ ਇਸ ਕਰਕੇ ਵੀ ਵਾਪਸ ਨਹੀਂ ਆ ਸਕਦੇ ਕਿਉਂਕਿ ਉਹ ਇਕ ਵੱਡੀ ਰਕਮ ਤੇ ਸਮਾਂ ਉਸ ਮੁਲਕ ਵਿੱਚ ਲਾ ਚੁੱਕੇ ਹੁੰਦੇ ਹਨ। ਜੇਕਰ ਵਾਪਸ ਆਪਣੇ ਦੇਸ਼ ਆਉਂਦੇ ਹਨ ਤਾਂ ਪੈਸੇ ਅਤੇ ਸਮੇਂ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ।

# ਭਾਰਤ ਤੋਂ ਵਿਦੇਸ਼ਾਂ ਨੂੰ ਹੋ ਰਿਹਾ ਬੌਧਿਕ ਪਰਵਾਸ !

**ਵਿਨੈ ਜੈਸਵਾਲ**

## ਬਰੇਨ ਡਰੇਨ ਦੇ ਹਨ ਕਈ ਵੱਡੇ ਅਰਥ

### ਠੱਗਾਂ ਤੋਂ ਸਾਵਧਾਨ ਰਹਿਣ ਵਿਦੇਸ਼ ਵਿੱਚ ਪੜ੍ਹਨ ਦੀ ਯੋਜਨਾ ਬਣਾ ਰਹੇ ਵਿਦਿਆਰਥੀ





ਪੰਜਾਬ ਸਮੇਤ ਭਾਰਤ ਦੇ ਕਰੀਬ ਸਾਰੇ ਸੂਬਿਆਂ ਤੋਂ ਵਿਦੇਸ਼ਾਂ ਨੂੰ ਬੌਧਿਕ ਪਰਵਾਸ ਹੋ ਰਿਹਾ ਹੈ, ਜਿਸ ਨੂੰ 'ਬਰੇਨ ਡਰੇਨ' ਵੀ ਕਿਹਾ ਜਾ ਰਿਹਾ ਹੈ। ਭਾਰਤ ਤੋਂ ਵਿਦੇਸ਼ਾਂ ਨੂੰ ਹੋ ਰਹੇ ਬੌਧਿਕ ਪਰਵਾਸ ਦੇ ਕਈ ਵੱਡੇ ਅਰਥ ਹਨ। ਹੁਣ ਇਹ ਸੋਚਣ ਦਾ ਵੇਲਾ ਹੈ ਕਿ ਆਖਰ ਅਜਿਹਾ ਕੀ ਕਾਰਨ ਹੈ ਕਿ ਭਾਰਤ ਦੇ ਵੱਡੀ ਗਿਣਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਪੜ੍ਹਾਈ ਕਰਨ ਨੂੰ ਤਰਜੀਹ ਦੇ ਰਹੇ ਹਨ।

ਮੰਨਿਆ ਜਾ ਰਿਹਾ ਸੀ ਕਿ ਕੋਵਿਡ ਤੋਂ ਬਾਅਦ ਜਿਸ ਰਫਤਾਰ ਨਾਲ ਡਿਜੀਟਲ ਸਿੱਖਿਆ ਦਾ ਦਾਇਰਾ ਵਧਿਆ ਹੈ, ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ ਜਾਣ ਦੀ ਇੱਛਾ ਘੱਟ ਹੋਵੇਗੀ। ਪਰ ਸਰਕਾਰ ਨੇ ਪਿਛਲੇ ਦਿਨੀ ਲੋਕ ਸਭਾ ਵਿੱਚ ਦੱਸੀ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਹੈਰਾਨੀਜਨਕ ਹੈ। ਸਰਕਾਰ ਨੇ ਦੱਸਿਆ ਕਿ 2022 ਵਿੱਚ ਕੋਵਿਡ ਤੋਂ ਬਾਅਦ ਸਾਢੇ ਸੱਤ ਲੱਖ ਤੋਂ ਵੱਧ ਵਿਦਿਆਰਥੀ ਉੱਚ ਸਿੱਖਿਆ ਲਈ ਦੂਜੇ ਦੇਸ਼ਾਂ ਵਿੱਚ ਗਏ ਸਨ।

**ਵਧ ਰਹੇ ਅੰਕੜੇ :** ਅੰਕੜੇ ਦਰਸਾਉਂਦੇ ਹਨ ਕਿ ਜਦੋਂ ਕੋਵਿਡ ਨੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੀ ਇੱਛਾ ਨੂੰ ਇੱਕ ਬ੍ਰੇਕ ਦਿੱਤਾ ਹੈ, ਇਹ ਉਸ ਤੋਂ ਪਹਿਲਾਂ ਵੱਧ ਰਿਹਾ ਸੀ: 2017 ਵਿੱਚ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 4.54 ਲੱਖ ਸੀ, ਜੋ 2018 ਵਿੱਚ ਵੱਧ ਕੇ 5.18 ਲੱਖ ਅਤੇ 2019 ਵਿੱਚ 5.86 ਲੱਖ ਹੋ ਗਈ।

2020 ਵਿੱਚ, ਇਹ ਗਿਣਤੀ ਕਾਫ਼ੀ ਘੱਟ ਗਈ। ਉਸ ਸਾਲ ਸਿਰਫ਼ 2.59 ਲੱਖ ਵਿਦਿਆਰਥੀਆਂ ਨੇ ਹੀ ਵਿਦੇਸ਼ੀ ਯੂਨੀਵਰਸਿਟੀਆਂ ਦਾ ਰੁਖ਼ ਕੀਤਾ।

ਇਸ ਸਮੇਂ 12 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ 99 ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ।

2017 ਤੋਂ 2022 ਤੱਕ 30 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਨ ਲਈ ਗਏ ਹਨ। ਇਨ੍ਹਾਂ ਵਿੱਚੋਂ 95 ਫੀਸਦੀ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਸਾਊਦੀ ਅਰਬ, ਯੂਕੇ, ਓਮਾਨ, ਨਿਊਜ਼ੀਲੈਂਡ, ਚੀਨ, ਜਰਮਨੀ, ਯੂਕਰੇਨ, ਰੂਸ, ਫਿਲੀਪੀਨਜ਼, ਫਰਾਂਸ, ਕਜ਼ਾਕਿਸਤਾਨ ਅਤੇ ਜਾਰਜੀਆ ਗਏ ਹਨ। ਯੂਕਰੇਨ ਯੁੱਧ ਤੋਂ ਬਾਅਦ ਭਾਰਤ ਸਰਕਾਰ ਨੇ ਕਈ ਵਿਦੇਸ਼ੀ ਮੈਡੀਕਲ ਕਾਲਜਾਂ ਨਾਲ ਸਮਝੌਤਾ ਕੀਤਾ ਹੈ, ਇਸ ਤਹਿਤ ਵੀ ਤਿੰਨ ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ।

**ਨਵਾਂ ਬੈਚ :** ਜ਼ਾਹਰ ਹੈ ਕਿ 2020 ਵਿਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਲਈ ਮੁਸ਼ਕਲਾਂ ਭਰਿਆ ਰਿਹਾ। ਯਾਦ ਰਹੇ, ਇਸ ਦੌਰਾਨ ਸੋਸ਼ਲ ਮੀਡੀਆ 'ਤੇ ਭਾਰਤੀ ਵਿਦਿਆਰਥੀਆਂ ਤੋਂ ਮਦਦ ਮੰਗੀ ਜਾ ਰਹੀ ਸੀ। ਕੁਝ ਮਿਸਰ ਦੇ ਹਵਾਈ ਅੱਡੇ ਤੋਂ ਮਦਦ ਲਈ ਬੇਨਤੀ ਕਰ ਰਹੇ ਸਨ, ਜਦੋਂ ਕਿ ਕੁਝ 72 ਘੰਟਿਆਂ ਤੋਂ ਇੰਗਲੈਂਡ ਵਿੱਚ ਫਸੇ ਹੋਏ ਸਨ। ਇਸ ਕਾਰਨ ਮਾਪਿਆਂ ਨੇ ਵੀ ਇੰਤਜ਼ਾਰ ਕਰਨਾ ਮੁਨਾਸਿਬ ਸਮਝਿਆ। ਹੁਣ ਜਦੋਂ ਦੁਨੀਆ ਖੁੱਲ੍ਹ ਗਈ ਹੈ, ਉਹ ਲੋਕ ਵੀ ਜਿਨ੍ਹਾਂ ਨੇ ਕੋਰੋਨਾ ਦੌਰਾਨ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ, ਉਹ ਵੀ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਜਾ ਰਹੇ ਹਨ ਅਤੇ ਹੁਣ ਉਹ ਆਪਣੇ ਹੁਨਰ ਨੂੰ ਇੱਕ ਨਵੀਂ ਧਾਰ ਦੇਣਾ ਚਾਹੁੰਦੇ ਹਨ। ਵਿਦੇਸ਼ੀ ਸਰਕਾਰਾਂ ਵੀ ਇਹ ਚੰਗੀ ਤਰ੍ਹਾਂ ਜਾਣਦੀਆਂ ਹਨ। ਫਰਾਂਸ ਨੇ ਟੀਚਾ ਰੱਖਿਆ ਹੈ ਕਿ 2025 ਤੱਕ ਲਗਭਗ 20,000 ਭਾਰਤੀ ਵਿਦਿਆਰਥੀ ਉੱਥੇ ਪੜ੍ਹਨ ਲਈ ਆਉਣ।

(**ਬਾਕੀ ਸਫ਼ਾ 31 'ਤੇ**)

# ਚੰਗੀ ਨੀਂਦ ਲੈਣ ਲਈ ਕਰੋ ਕਸਰਤ

## ਯੂਰਪੀ ਜਰਨਲ ਆਫ਼ ਪ੍ਰਿਵੈਂਟਿਵ ਕਾਰਡੀਓਲਾਜੀ ਵਿੱਚ ਪ੍ਰਕਾਸ਼ਿਤ ਹੋਈ ਰਿਪੋਰਟ



ਲੰਡਨ/ਏ.ਟੀ.ਨਿਊਜ਼ :-ਚੰਗੀ ਸਿਹਤ ਲਈ ਲੋੜੀਂਦੀ ਨੀਂਦ ਜ਼ਰੂਰੀ ਹੈ। ਇਸਦੀ ਘਾਟ ਦਾ ਅਸਰ ਤੁਹਾਡੀ ਲੰਬੀ ਉਮਰ 'ਤੇ ਪੈ ਸਕਦਾ ਹੈ, ਪਰ ਨਿਯਮਿਤ ਕਸਰਤ ਨਾਲ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ। ਇਕ ਨਵੇਂ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਇਸਦਾ ਦਾਅਵਾ ਹੈ ਕਿ ਲੰਬੇ ਜੀਵਨ 'ਤੇ ਘੱਟ ਨੀਂਦ ਦੇ ਪੈਣ ਵਾਲੇ ਕੁਝ ਨਕਾਰਾਤਮਕ ਅਸਰ ਨੂੰ ਸਰੀਰਕ ਸਰਗਰਮੀ ਦੀ ਮਦਦ ਨਾਲ ਦੂਰ ਕੀਤਾ ਜਾ ਸਕਦਾ ਹੈ।ਕਸਰਤ ਕਰਨ ਨਾਲ ਨੀਂਦ ਵੀ ਆਉਂਦੀ ਹੈ।ਅਧਿਐਨ ਵਿੱਚ ਮੌਤ ਦੇ ਖ਼ਤਰੇ 'ਤੇ ਸਰੀਰਕ ਸਰਗਰਮੀ ਤੇ ਨੀਂਦ ਦੀ ਮਿਆਦ ਦੇ ਪੈਣ ਵਾਲੇ ਸੰਯੁਕਤ ਪ੍ਰਭਾਵ 'ਤੇ ਪਹਿਲੀ ਵਾਰ ਗ਼ੌਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਬ੍ਰਿਟੇਨ ਵਿੱਚ 40 ਤੋਂ 73 ਸਾਲ ਦੀ ਉਮਰ ਦੇ 92,221 ਲੋਕਾਂ 'ਤੇ ਕੀਤੇ ਗਏ ਅਧਿਐਨ ਦੇ ਨਤੀਜਿਆਂ ਨੂੰ ਯੂਰਪੀ ਜਰਨਲ ਆਫ ਪ੍ਰਿਵੈਂਟਿਵ ਕਾਰਡੀਓਲਾਜੀ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਅਧਿਐਨ ਮੁਤਾਬਕ, ਲੋੜੀਂਦੀ ਕਸਰਤ ਤੇ ਚੰਗੀ ਨੀਂਦ ਦੋਵਾਂ ਦਾ ਲੰਬੀ ਉਮਰ ਵਿੱਚ ਯੋਗਦਾਨ ਹੁੰਦਾ ਹੈ। ਅਧਿਐਨ ਨਾਲ ਜੁੜੇ ਚੀਨ ਦੀ ਗੁਆਂਗਝੋ ਮੈਡੀਕਲ ਯੂਨੀਵਰਸਿਟੀ ਦੇ ਸ਼ੋਧਕਰਤਾ ਜਿਹੁਈ ਝਾਂਗ ਨੇ ਕਿਹਾ, 'ਅਧਿਐਨ ਤੋਂ ਜ਼ਾਹਿਰ ਹੁੰਦਾ ਹੈ ਕਿ ਸਰੀਰਕ ਸਰਗਰਮੀ ਦਾ ਪੱਧਰ ਵਧਾਉਣ ਨਾਲ ਘੱਟ ਜਾਂ ਜ਼ਿਆਦਾ ਨੀਂਦ ਨਾਲ ਜੁੜਿਆ ਮੌਤ ਦਾ ਖ਼ਤਰਾ ਘਟ ਸਕਦਾ ਹੈ।' ਵਿਗਿਆਨੀਆਂ ਦਾ ਮੰਨਣਾ ਹੈ ਕਿ ਕਸਰਤ ਨਾਲ ਦਿਮਾਗ਼ ਵਿੱਚ ਖ਼ੂਨ ਦਾ ਸੰਚਾਰ ਵੱਧਦਾ ਹੈ। ਕਸਰਤ ਮੂਡ ਅਤੇ ਤਨਾਅ ਦੀ ਸਥਿਤੀ ਨੂੰ ਕਾਬੂ ਕਰਨ 'ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਨਾਲ ਹੀ ਐਂਡਰੋਫ਼ਿਨ ਸ਼ਰੀਰ ਵਿੱਚ ਫ਼ੀਲ-ਗੁੱਡ ਹੌਰਮੋਨਜ਼ ਨੂੰ ਰਿਲੀਜ਼ ਕਰਦਾ ਹੈ।ਕਸਰਤ ਬੈਕਟੀਰੀਆ, ਵਾਇਰਸਾਂ ਅਤੇ ਹੋਰ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਨਾਲ ਲੜਨ ਵਿੱਚ ਸਾਡੀ ਮਦਦ ਕਰ ਸਕਦੀ ਹੈ। ਕਸਰਤ ਦੀ ਰੁਟੀਨ ਸਾਡੇ ਅੰਦਰੂਨੀ ਸਾਹ ਨਾਲੀਆਂ ਤੋਂ ਬੈਕਟੀਰੀਆ ਨੂੰ ਹਟਾ ਸਕਦੀ ਹੈ, ਐਂਟੀਬਾਡੀਜ਼ ਨੂੰ ਵਧਾ ਸਕਦੀ ਹੈ ਅਤੇ ਉਨ੍ਹਾਂ ਨੂੰ ਵਧੇਰੇ ਮਜ਼ਬੂਤ ਬ ਣਾ ਸਕਦੀ ਹੈ, ਖ਼ੂਨ ਦੇ ਪ੍ਰਵਾਹ ਵਿੱਚ ਸੁਧਾਰ ਕਰ ਸਕਦੀ ਹੈ ਅਤੇ ਕੋਰਟੀਸੋਲ, ਐਡਰੇਨਾਲੀਨ ਵਰਗੇ ਸ਼ੋਧਕਰਤਾਵਾਂ ਨੇ ਘੱਟ ਕਸਰਤ ਤੇ ਘੱਟ ਸਮਾਂ ਸੌਣ ਵਾਲੇ ਲੋਕਾਂ ਵਿੱਚ ਦਿਲ ਸਬੰਧੀ ਕਾਰਕਾਂ ਨਾਲ ਮੌਤ ਦਾ ਖ਼ਤਰਾ 69 ਫ਼ੀਸਦੀ ਜ਼ਿਆਦਾ ਪਾਇਆ। ਜਦ ਕਿ ਮੱਧਮ ਪੱਧਰ ਜਾਂ ਖ਼ੂਬ ਪਸੀਨਾ ਵਹਾਉਣ ਵਾਲੇ ਕਸਰਤ ਵਿੱਚ ਵਾਧੇ ਨਾਲ ਇਹ ਖ਼ਤਰਾ ਨਹੀਂ ਪਾਇਆ ਗਿਆ।

# ਬਦਲਦੀਆਂ ਸਮੁੰਦਰੀ ਲਹਿਰਾਂ



## ਜ਼ਮੀਨ ਦਾ ਅਤੀਤ ਬਣ ਰਿਹਾ ਹੈ ਸਮੁੰਦਰ ਦਾ ਵਰਤਮਾਨ

- ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਵੱਲੋਂ ਰਾਸ਼ਟਰੀ ਸਰਹੱਦਾਂ ਤੋਂ ਬਾਹਰ ਸਥਿਤ ਸੰਸਾਰ ਦੇ ਸਮੁੰਦਰਾਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਸਮਝੌਤਾ
- ਪਹਿਲੇ ਅੰਤਰਰਾਸ਼ਟਰੀ ਸਮਝੌਤੇ ਦਾ ਉਦੇਸ਼ ਉੱਚੇ ਸਮੁੰਦਰਾਂ ਵਿੱਚ 'ਅੰਤਰਰਾਸ਼ਟਰੀ ਪਾਰਕ' ਬਣਾਉਣਾ
- ਸੱਚ ਨਹੀਂ ਹੈ 'ਇੱਕ ਵੱਡਾ ਨੀਲਾ ਖਾਲੀ ਮਾਰੂਥਲ' ਦਾ ਵਿਚਾਰ
- ਨੀਲੀ ਆਰਥਿਕਤਾ ਦੇ ਵਿਸਫੋਟ ਅਤੇ ਜਲਵਾਯੂ ਪਰਿਵਰਤਨ ਕਾਰਨ ਸਮੁੰਦਰੀ ਜੀਵਨ ਦੀ ਹੋਂਦ ਨੂੰ ਖ਼ਤਰਾ

–ਲਗਭਗ 20 ਸਾਲਾਂ ਦੀ ਗੱਲਬਾਤ ਤੋਂ ਬਾਅਦ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੇ ਰਾਸ਼ਟਰੀ ਸਰਹੱਦਾਂ ਤੋਂ ਬਾਹਰ ਸਥਿਤ ਸੰਸਾਰ ਦੇ ਸਮੁੰਦਰਾਂ ਦੀ ਸੁਰੱਖਿਆ ਲਈ ਇੱਕ ਅੰਤਰਰਾਸ਼ਟਰੀ ਸਮਝੌਤੇ 'ਤੇ ਸਹਿਮਤੀ ਪ੍ਰਗਟ ਕੀਤੀ ਹੈ।

ਵਿਸ਼ਵ ਦੇ ਸਮੁੰਦਰਾਂ ਦੀ ਰੱਖਿਆ ਲਈ ਪਹਿਲੇ ਅੰਤਰਰਾਸ਼ਟਰੀ ਸਮਝੌਤੇ ਦਾ ਉਦੇਸ਼ ਉੱਚੇ ਸਮੁੰਦਰਾਂ ਵਿੱਚ 'ਅੰਤਰਰਾਸ਼ਟਰੀ ਪਾਰਕ' ਬਣਾਉਣਾ ਹੈ।

**ਕਾਨੂੰਨੀ ਤੌਰ 'ਤੇ ਅਸੁਰਖਿਅਕਤ** : ਇਹ ਪਾਣੀ, 'ਉੱਚੇ ਸਮੁੰਦਰਾਂ' ਵਜੋਂ ਜਾਣੇ ਜਾਂਦੇ ਹਨ ਅਤੇ ਸੰਸਾਰ ਦੇ ਲਗਭਗ ਦੋ–ਤਿਹਾਈ ਸਮੁੰਦਰਾਂ ਉੱਤੇ ਕਬਜ਼ਾ ਕਰਦੇ ਹਨ ਕਿਉਂਕਿ ਉਹਨਾਂ ਨੂੰ ਅੰਤਰਰਾਸ਼ਟਰੀ ਪਾਣੀ ਮੰਨਿਆ ਜਾਂਦਾ ਹੈ, ਉਹ ਕਿਸੇ ਵੀ ਰਾਜ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ ਅਤੇ ਹੁਣ ਤੱਕ ਕਦੇ ਵੀ ਕਾਨੂੰਨੀ ਤੌਰ 'ਤੇ ਸੁਰੱਖਿਅਤ ਨਹੀਂ ਹੋਏ ਹਨ, ਮਤਲਬ ਕਿ ਇਹਨਾਂ ਖੇਤਰਾਂ ਵਿੱਚ ਸਮੁੰਦਰੀ ਜੀਵਨ ਨੂੰ ਗੈਰ–ਨਿਯੰਤ੍ਰਿਤ ਸ਼ੋਸ਼ਣ ਤੋਂ ਮੁਕਤ ਹੋਣ ਦਾ ਖ਼ਤਰਾ ਹੈ, ਜਿਸ ਵਿੱਚ ਬਹੁਤ ਜ਼ਿਆਦਾ ਮੱਛੀ ਫੜਨਾ, ਜਹਾਜ਼ਾਂ ਤੋਂ ਪ੍ਰਦੂਸ਼ਣ ਅਤੇ ਮਨੁੱਖੀ–ਪ੍ਰੇਰਿਤ ਜਲਵਾਯੂ ਤਬਦੀਲੀ ਸ਼ਾਮਲ ਹੈ।

ਵਿਸ਼ੇਸ਼ ਆਰਥਿਕ ਜ਼ੋਨ (EEZs) ਕਿਸੇ ਦੇਸ਼ ਦੀ ਧਰਤੀ ਦੇ ਤੱਟਾਂ ਤੋਂ 200 ਸਮੁੰਦਰੀ ਮੀਲ (370km) ਤੱਕ ਫੈਲੇ ਹੋਏ ਹਨ। ਇਹਨਾਂ ਜ਼ੋਨਾਂ ਵਿੱਚ, ਤੱਟਵਰਤੀ ਰਾਸ਼ਟਰ ਕੋਲ ਪਾਣੀ ਅਤੇ ਸਮੁੰਦਰੀ ਤਲ 'ਤੇ ਜੀਵਿਤ ਅਤੇ ਨਿਰਜੀਵ ਸਰੋਤਾਂ ਦਾ ਅਧਿਕਾਰ ਖੇਤਰ ਹੈ।EEZs ਤੋਂ ਪਰੇ ਸਮੁੰਦਰੀ ਪਾਣੀ ਉੱਚੇ ਸਮੁੰਦਰਾਂ ਵਜੋਂ ਜਾਣੇ ਜਾਂਦੇ ਹਨ। ਉਹ ਕਿਸੇ ਕੌਮ ਨਾਲ ਸਬੰਧਤ ਨਹੀਂ ਹਨ, ਅਤੇ ਇਸ ਤਰ੍ਹਾਂ ਕਦੇ ਵੀ ਕਾਨੂੰਨੀ ਤੌਰ 'ਤੇ ਸੁਰੱਖਿਅਤ ਨਹੀਂ ਹੋਏ ਹਨ।

**ਇਤਿਹਾਸਿਕ ਸਮਝੌਤੇ ਦਾ ਉਦੇਸ਼** : ਮਾਰਚ ਮਹੀਨੇ ਦੀ ਸ਼ੁਰੂਆਤ ਵਿੱਚ ਕੀਤਾ ਗਿਆ ਇਹ ਸਮਝੌਤਾ ਅਨਿਯੰਤ੍ਰਿਤ ਪਾਣੀਆਂ ਉੱਤੇ ਸਮੁੰਦਰੀ ਸੁਰੱਖਿਆ ਲਈ ਨੀਂਹ ਰੱਖਦੀ ਹੈ। ਜੈਵ ਵਿਭਿੰਨਤਾ ਤੋਂ ਪਰੇ ਰਾਸ਼ਟਰੀ ਅਧਿਕਾਰ ਖੇਤਰ ਸੰਧੀ (BBNJ) ਵਜੋਂ ਜਾਣੀ ਜਾਂਦੀ ਹੈ, ਇਸਦਾ ਮੁੱਖ ਉਦੇਸ਼ ਵਿਗਿਆਨਕ ਅਤੇ ਵਪਾਰਕ ਵਿਕਾਸ ਲਈ ਸਮੁੰਦਰੀ ਖੋਜ ਨੂੰ ਨਿਯਮਤ ਕਰਨ ਅਤੇ ਵੱਡੇ ਪੱਧਰ 'ਤੇ ਸਮੁੰਦਰੀ ਸੁਰੱਖਿਅਤ ਖੇਤਰਾਂ ਦੀ ਸਥਾਪਨਾ ਕਰਕੇ ਜੈਵ ਵਿਭਿੰਨਤਾ ਦੀ ਰੱਖਿਆ ਕਰਨਾ ਹੈ।

2022 ਵਿੱਚ, ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੇ ਇੱਕ ਇਤਿਹਾਸਕ ਸਮਝੌਤੇ 'ਤੇ ਹਸਤਾਖਰ ਕੀਤੇ, ਜਿਸਦਾ ਉਦੇਸ਼ 2030 ਤੱਕ ਗ੍ਰਹਿ ਦੀ ਘੱਟੋ–ਘੱਟ 30% ਜ਼ਮੀਨ ਅਤੇ ਪਾਣੀ ਦੀ ਰੱਖਿਆ ਕਰਨਾ ਹੈ–'30x30' ਟੀਚਾ। ਪਰ ਮਰੀਨ ਕੰਜ਼ਰਵੇਸ਼ਨ ਇੰਸਟੀਚਿਊਟ ਦੇ ਅਨੁਸਾਰ, ਸਿਰਫ 3% ਤੋਂ ਘੱਟ ਹੀ ਪੂਰੀ ਤਰ੍ਹਾਂ ਜਾਂ ਬਹੁਤ ਜ਼ਿਆਦਾ ਸੁਰੱਖਿਅਤ ਹੈ।

**ਅਣਪਛਾਤਾ ਸਮੁੰਦਰੀ ਸੰਸਾਰ** : ਉੱਚੇ ਸਮੁੰਦਰ ਆਇਤਨ ਦੇ ਹਿਸਾਬ ਨਾਲ ਦੁਨੀਆ ਦੇ ਕੁੱਲ ਨਿਵਾਸ ਸਥਾਨ ਦਾ 95% ਦਰਸਾਉਂਦੇ ਹਨ, ਪਰ ਸਮੁੰਦਰੀ ਸੰਸਾਰ ਵੱਡੇ ਪੱਧਰ 'ਤੇ ਅਣਪਛਾਤਾ ਰਹਿੰਦਾ ਹੈ। ਹਾਲਾਂਕਿ ਅੰਦਾਜ਼ੇ ਵੱਖੋ–ਵੱਖਰੇ ਹਨ, 2011 ਦੇ ਇੱਕ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਅਸੀਂ ਸਮੁੰਦਰੀ ਸਪੀਸੀਜ਼ ਦੇ ਸਿਰਫ 9% ਵਰਗੀਕਰਨ ਕੀਤੇ ਹਨ। 80% ਤੋਂ ਵੱਧ ਸਮੁੰਦਰਾਂ ਦਾ ਕਦੇ ਵੀ ਮੈਪ, ਨਿਰੀਖਣ ਜਾਂ ਖੋਜ ਨਹੀਂ ਕੀਤਾ ਗਿਆ ਹੈ।

**ਅਲੋਪ ਹੋ ਸਕਦੇ ਹਨ ਸਮੁੰਦਰ** : ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰਜ਼ ਰੈੱਡ ਲਿਸਟ, ਜੋ ਕਿ ਵਿਸ਼ਵ ਵਿਨਾਸ਼ ਦੇ ਖਤਰੇ ਦੀ ਸਥਿਤੀ ਲਈ ਪ੍ਰਜਾਤੀਆਂ ਦਾ ਮੁਲਾਂਕਣ ਕਰਦੀ ਹੈ, ਨੇ ਵਿਗਿਆਨੀਆਂ ਨੂੰ ਜਾਣੀਆਂ ਜਾਣ ਵਾਲੀਆਂ ਅੰਦਾਜ਼ਨ 240,000 ਸਮੁੰਦਰੀ ਪ੍ਰਜਾਤੀਆਂ ਵਿੱਚੋਂ ਸਿਰਫ 17,903 ਦਾ ਮੁਲਾਂਕਣ ਕੀਤਾ ਹੈ , ਪਰ ਇਹਨਾਂ ਵਿੱਚੋਂ, ਲਗਭਗ 9% ਵਿਨਾਸ਼ ਦੇ ਜੋਖਮ ਵਿੱਚ ਹਨ। ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਸਮੁੰਦਰਾਂ ਵਿੱਚ ਤੇਜ਼ੀ ਨਾਲ ਵਿਕਾਸਸ਼ੀਲ ਬੁਨਿਆਦੀ ਢਾਂਚੇ ਦੇ ਕਾਰਨ ਅਗਲੇ ਕੁਝ ਸਾਲਾਂ ਵਿੱਚ ਸਮੁੰਦਰ ਅਲੋਪ ਹੋਣ ਦਾ ਖਤਰਾ ਵੱਧ ਜਾਵੇਗਾ।

**ਸਮੁੰਦਰੀ ਵਿਨਾਸ਼ਕਾਰੀ ਜੋਖਮ** : ਜ਼ਮੀਨੀ ਜਾਨਵਰਾਂ ਦੇ ਮੁਕਾਬਲੇ, ਸਮੁੰਦਰੀ ਵਿਨਾਸ਼ਕਾਰੀ ਜੋਖਮ ਮੁਕਾਬਲਤਨ ਘੱਟ ਰਿਹਾ ਹੈ। ਸਾਇੰਸ ਜਰਨਲ ਦੇ ਇੱਕ ਪੇਪਰ ਦੇ ਅਨੁਸਾਰ , ਪਿਛਲੇ 500 ਸਾਲਾਂ ਵਿੱਚ ਧਰਤੀ ਉੱਤੇ 514 ਜਾਨਵਰਾਂ ਦੇ ਵਿਨਾਸ਼ ਹੋਏ ਹਨ, ਜਦੋਂ ਕਿ ਉਸੇ ਸਮੇਂ ਵਿੱਚ ਸਿਰਫ 15 ਸਮੁੰਦਰੀ ਵਿਨਾਸ਼ਕਾਰੀ ਸਨ। ਉਦਯੋਗਿਕ ਕ੍ਰਾਂਤੀ ਦੇ ਦੌਰਾਨ ਅਤੇ ਬਾਅਦ ਵਿੱਚ ਜ਼ਮੀਨ ਦੇ ਵਿਨਾਸ਼ ਵਿੱਚ ਬਹੁਤ ਤੇਜ਼ੀ ਆਈ, ਕਿਉਂਕਿ ਮਨੁੱਖਾਂ ਨੇ ਇੱਕ ਭਿਆਨਕ ਰਫ਼ਤਾਰ ਨਾਲ ਜੰਗਲਾਂ ਅਤੇ ਪ੍ਰੇਰੀਆਂ ਵਿੱਚ ਕਤਲੇਆਮ ਕੀਤਾ।



**ਸਮੁੰਦਰਾਂ ਵਿੱਚ ਬੁਨਿਆਦੀ ਢਾਂਚਾ** : ਹੁਣ ਮਨੁੱਖਾਂ ਨੇ ਸਮੁੰਦਰਾਂ ਵਿੱਚ ਬੁਨਿਆਦੀ ਢਾਂਚਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ – ਜਿਵੇਂ ਕਿ ਖੇਤੀਬਾੜੀ, ਮਾਈਨਿੰਗ ਅਤੇ ਪਾਵਰ ਪਲਾਂਟ (ਸਮੁੰਦਰੀ ਸਪੀਸੀਜ਼ ਦੇ ਵਿਨਾਸ਼ ਦੇ ਜੋਖਮ ਵਿੱਚ ਲਗਭਗ ਨਿਸ਼ਚਿਤ ਵਾਧੇ ਨੂੰ ਪ੍ਰਸਤੁਤ ਕਰਦੇ ਹੋਏ)।



ਨਾਰਵੇ ਨੂੰ ਸੌਂਪੀ ਜਾਣ ਵਾਲੀ ਇੱਕ ਆਫਸ਼ੋਰ ਸਮੁੰਦਰੀ ਖੇਤੀ ਸਹੂਲਤ ਨੂੰ ਚੀਨ ਦੇ ਕਿੰਗਦਾਓ ਵਿੱਚ ਇੱਕ ਬੰਦਰਗਾਹ 'ਤੇ ਇੱਕ ਟੱਗਬੋਟ ਦੁਆਰਾ ਖਿੱਚਿਆ ਗਿਆ ਹੈ।

**ਸਮੁੰਦਰ ਵਿੱਚ ਭੰਡਾਰ** : ਆਫਸ਼ੋਰ ਟੀਨ ਮਾਈਨਿੰਗ ਵਿੱਚ ਕੰਮ ਕਰਦੇ ਮਾਈਨਰ ਹੈਂਡਰਾ ਨੇ ਇੰਡੋਨੇਸ਼ੀਆ ਦੇ ਬੈਂਕਾ ਟਾਪੂ ਦੇ ਦੱਖਣੀ ਕਿਨਾਰੇ, ਤੋਬੋਆਲੀ ਦੇ ਤੱਟ 'ਤੇ ਇੱਕ ਪੈਂਟੂਨ 'ਤੇ ਟਿਨ ਧਾਤੂ ਦੀ ਰੇਤ ਦਿਖਾਈ।ਉਸਨੇ ਕਿਹਾ ਕਿ ਜ਼ਮੀਨ 'ਤੇ, ਸਾਡੀ ਆਮਦਨ ਘੱਟ ਰਹੀ ਹੈ, ਜ਼ਮੀਨ 'ਤੇ ਕੋਈ ਹੋਰ ਭੰਡਾਰ ਨਹੀਂ ਹਨ। ਹੇਂਡਰਾ ਨੇ ਕਿਹਾ ਕਿ ਸਮੁੰਦਰ ਵਿੱਚ ਬਹੁਤ ਜ਼ਿਆਦਾ ਭੰਡਾਰ ਹਨ।

**ਸਮੁੰਦਰ ਵਿੱਚ ਉਦਯੋਗਿਕ ਕ੍ਰਾਂਤੀ** : ਕੈਲੀਫੋਰਨੀਆ ਯੂਨੀਵਰਸਿਟੀ ਸੈਂਟਾ ਬਾਰਬਰਾ ਦੇ ਵਾਤਾਵਰਣ ਵਿਗਿਆਨੀ ਅਤੇ ਸਾਇੰਸ ਪੇਪਰ ਦੇ ਸਹਿ–ਲੇਖਕ ਡਗਲਸ ਮੈਕਕੌਲੀ ਨੇ ਕਿਹਾ ਕਿ ਅਸੀਂ ਸਮੁੰਦਰ ਵਿੱਚ ਇੱਕ ਉਦਯੋਗਿਕ ਕ੍ਰਾਂਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦੇਖ ਰਹੇ ਹਾਂ। ਜ਼ਮੀਨ ਦਾ ਅਤੀਤ ਸਮੁੰਦਰ ਦਾ ਵਰਤਮਾਨ ਬਣ ਰਿਹਾ ਹੈ।

**ਸਮੁੰਦਰੀ ਜੀਵਨ ਨੂੰ ਖ਼ਤਰਾ** : ਡਗਲਸ ਮੈਕਕੌਲੀ ਨੇ ਕਿਹਾ ਕਿ ਨੀਲੀ ਆਰਥਿਕਤਾ ਦੇ ਵਿਸਫੋਟ ਅਤੇ ਜਲਵਾਯੂ ਪਰਿਵਰਤਨ ਦੇ ਵਧ ਰਹੇ ਪ੍ਰਭਾਵਾਂ ਦੇ ਵਿਚਕਾਰ ਸਮੁੰਦਰੀ ਜੀਵਨ ਨੂੰ ਹੋਂਦ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਲਾਲ ਸੂਚੀ ਸੂਚਕਾਂਕ ਪ੍ਰਜਾਤੀਆਂ ਲਈ ਸਮੁੱਚੀ ਵਿਨਾਸ਼ਕਾਰੀ ਜੋਖਮ ਵਿੱਚ ਰੁਝਾਨਾਂ ਦਾ ਮੁਲਾਂਕਣ ਕਰਦਾ ਹੈ, ਜੈਵ ਵਿਭਿੰਨਤਾ ਦੇ ਨੁਕਸਾਨ ਨੂੰ ਟਰੈਕ ਕਰਨ ਲਈ ਇੱਕ ਮੈਟ੍ਰਿਕ ਵਜੋਂ ਵਰਤਿਆ ਜਾਂਦਾ ਹੈ। ਪਿਛਲੇ 30 ਸਾਲਾਂ ਤੋਂ ਸਮੁੰਦਰੀ ਪ੍ਰਜਾਤੀਆਂ ਤੇਜ਼ੀ ਨਾਲ ਵੱਧ ਰਹੇ ਵਿਨਾਸ਼ ਦੇ ਜੋਖਮ ਵੱਲ ਵਧ ਰਹੀਆਂ ਹਨ।

**ਕਿੱਥੇ ਜਾਣ ਸਮੁੰਦਰੀ ਸੁਰੱਖਿਅਤ ਖੇਤਰ ?**

ਵੱਡੇ ਪੱਧਰ 'ਤੇ ਸਮੁੰਦਰੀ ਸੁਰੱਖਿਅਤ ਖੇਤਰਾਂ ਨੂੰ ਸਥਾਪਿਤ ਕਰਨ ਲਈ ਸਮਝੌਤੇ ਦਾ ਉਦੇਸ਼ ਗਲੋਬਲ 30X30 ਸੰਭਾਲ ਟੀਚੇ ਵੱਲ ਇੱਕ ਮਹੱਤਵਪੂਰਨ ਕਦਮ ਹੈ। ਨੈਸ਼ਨਲ ਰਿਸੋਰਸ ਡਿਫੈਂਸ ਕਾਊਂਸਿਲ ਨੇ ਇਹਨਾਂ ਸਮੁੰਦਰੀ ਸੁਰੱਖਿਅਤ ਖੇਤਰਾਂ ਨੂੰ 'ਗ੍ਰੈਂਡ ਕੈਨਿਯਨ ਜਾਂ ਯੈਲੋਸਟੋਨ ਨੈਸ਼ਨਲ ਪਾਰਕ ਦੇ ਬਰਾਬਰ' ਵਜੋਂ ਦਰਸਾਇਆ ਹੈ, ਜਿੱਥੇ ਮਨੁੱਖੀ ਗਤੀਵਿਧੀ ਨੂੰ ਸੀਮਤ ਕਰਨ ਅਤੇ ਸਮੁੰਦਰੀ ਜੀਵਨ ਨੂੰ ਮੁੜ ਪ੍ਰਾਪਤ ਕਰਨ ਲਈ ਸੁਰੱਖਿਆ ਮੌਜੂਦ ਹੈ।

**ਇਹਨਾਂ ਖੇਤਰਾਂ ਦੇ ਪ੍ਰਬੰਧਨ ਵਿੱਚ ਸੁਰੱਖਿਆ ਦੀ ਇੱਕ ਸੀਮਾ ਸ਼ਾਮਲ ਹੋ ਸਕਦੀ ਹੈ:** ਸਭ ਤੋਂ ਸਖ਼ਤ ਜ਼ੋਨ ਸਾਰੇ ਮਨੁੱਖੀ ਦਾਖਲੇ 'ਤੇ ਪਾਬੰਦੀ ਲਗਾਉਂਦੇ ਹਨ, ਜਦੋਂ ਕਿ ਦੂਸਰੇ ਕੁਝ ਮੱਛੀਆਂ ਫੜਨ ਅਤੇ ਸਨੋਰਕੇਲਿੰਗ ਦੀ ਇਜਾਜ਼ਤ ਦੇ ਸਕਦੇ ਹਨ। 2018 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਪ੍ਰਭਾਵੀ ਐਮ. ਪੀ.ਏ.ਵਿੱਚ ਮੱਛੀਆਂ ਦੇ ਕੁੱਲ ਬਾਇਓਮਾਸ ਮੱਛੀਆਂ ਵਾਲੇ ਖੇਤਰਾਂ ਨਾਲੋਂ ਢਾਈ ਗੁਣਾ ਹੁੰਦਾ ਹੈ।

**ਉੱਚੇ ਸਮੁੰਦਰਾਂ ਵਿੱਚ ਜੈਵ ਵਿਭਿੰਨਤਾ** : ਮੈਕਕੌਲੀ ਦੀ ਅਗਵਾਈ ਵਿੱਚ ਖੋਜਕਰਤਾਵਾਂ ਦੀ ਇੱਕ ਟੀਮ ਨੇ ਉੱਚੇ ਸਮੁੰਦਰਾਂ ਵਿੱਚ ਜੈਵ ਵਿਭਿੰਨਤਾ ਦੇ ਹੌਟਸਪੌਟਸ ਦੀ ਪਛਾਣ ਕਰਨ ਲਈ ਇੱਕ ਡੇਟਾ–ਸੰਚਾਲਿਤ ਵਿਸ਼ਲੇਸ਼ਣ ਕੀਤਾ। ਸਮੁੰਦਰਾਂ ਵਿਚ ਜੀਵਨ, ਜਿਵੇਂ ਕਿ ਜ਼ਮੀਨ 'ਤੇ, ਇਕਸਾਰਤਾ ਨਾਲ ਵੰਡਿਆ ਨਹੀਂ ਜਾਂਦਾ ਹੈ। ਟੀਮ ਨੇ 2020 ਵਿੱਚ ਇੱਕ ਪੇਪਰ ਪ੍ਰਕਾਸ਼ਿਤ ਕੀਤਾ ਜੋ ਖਾਸ ਸਮੁੰਦਰੀ ਖੇਤਰਾਂ ਨੂੰ ਸੁਰੱਖਿਆ ਲਈ ਤਰਜੀਹ ਦੇਣ ਲਈ ਵਿਸ਼ੇਸ਼ ਤੌਰ 'ਤੇ ਪ੍ਰਕਾਸ਼ਿਤ ਕਰਦਾ ਹੈ, ਉਹਨਾਂ ਦੇ ਵਿਸ਼ਲੇਸ਼ਣ ਨੂੰ (ਬਾਕੀ ਸਫ਼ਾ 31 'ਤੇ)



# ਪੰਜਾਬ 'ਚ ਖੁੰਬਾਂ ਵਾਂਗ ਖੋਲ੍ਹੇ ਅਨੇਕਾਂ ਨਸ਼ਾ ਛੁਡਾਊ ਕੇਂਦਰ ਪੀੜ੍ਹਤਾਂ ਤੇ ਮਾਪਿਆਂ ਲਈ ਘਾਤਕ

**ਮੋਹਨ ਸ਼ਰਮਾ**

ਨਸ਼ਿਆਂ ਦੇ ਪ੍ਰਕੋਪ ਕਾਰਨ ਬਹੁਤ ਸਾਰੇ ਘਰਾਂ ਦੇ ਚੁੱਲ੍ਹੇ ਠੰਢੇ ਹੋਏ ਹਨ। ਅਨੇਕਾਂ ਘਰਾਂ ਵਿੱਚ ਤਿੜਕੇ ਰਿਸ਼ਤਿਆਂ ਕਾਰਨ ਪਰਿਵਾਰਕ ਜੀਵਨ ਖੇਰੂੰ ਖੇਰੂੰ ਹੋਇਆ ਹੈ। ਬਹੁਤ ਸਾਰੇ ਘਰਾਂ ਵਿੱਚ ਨਸ਼ਿਆਂ ਦੀ ਮਾਰੂ ਹਨੇਰੀ ਕਾਰਨ ਆਰਥਿਕ, ਮਾਨਸਿਕ ਅਤੇ ਸਰੀਰਕ ਤੌਰ 'ਤੇ ਖੁੰਘਲ ਹੋਏ ਮਾਪੇ ਬੇਵਸੀ ਦਾ ਜੀਵਨ ਬਤੀਤ ਕਰ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਕਰਦਿਆਂ ਇਸ ਸੰਤਾਪ ਨੂੰ ਮੈਂ ਬੜਾ ਨੇੜਿਉਂ ਹੋ ਕੇ ਦੇਖਿਆ ਹੈ। ਡਿਪਟੀ ਕਮਿਸ਼ਨਰ ਵੱਲੋਂ ਲਿਖਤੀ ਆਦੇਸ਼ ਮਿਲਿਆ ਕਿ ਜ਼ਿਲ੍ਹੇ ਵਿੱਚ ਖੁੱਲ੍ਹੇ ਨਸ਼ਾ ਛੁਡਾਊ ਕੇਂਦਰਾਂ ਦੀ ਸਮੇਂ ਸਮੇਂ ਸਿਰ ਚੈਕਿੰਗ ਕਰਨ ਉਪਰੰਤ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ ਜਾਵੇ। ਇਨ੍ਹਾਂ ਹੁਕਮਾਂ ਦੀ ਕਾਪੀ ਜ਼ਿਲ੍ਹੇ ਵਿੱਚ ਖੁੱਲ੍ਹੇ ਨਸ਼ਾ ਛੁਡਾਊ ਕੇਂਦਰਾਂ ਦੇ ਮੁਖੀਆਂ ਨੂੰ ਸੂਚਨਾ ਹਿਤ ਭੇਜੀ ਗਈ। ਆਦੇਸ਼ ਦੀ ਪਾਲਣਾ ਕਰਦਿਆਂ ਆਪਣੇ ਦੋ ਕਰਮਚਾਰੀਆਂ ਨੂੰ ਨਾਲ ਲੈ ਕੇ ਮੈਂ ਮਲੇਰਕੋਟਲਾ ਅਤੇ ਨਾਭਾ ਦੇ ਵਿਚਕਾਰ ਖੁੱਲ੍ਹੇ ਇੱਕ ਪ੍ਰਾਇਵੇਟ ਨਸ਼ਾ ਛੁਡਾਊ ਕੇਂਦਰ 'ਤੇ ਅਚਨਚੇਤ ਨਿਰੀਖਣ ਕਰਨ ਲਈ ਪਹੁੰਚ ਗਿਆ। ਗੇਟ ਦੇ ਅੰਦਰ ਵੜਦਿਆਂ ਇਨਕੁਆਰੀ ਦਫਤਰ ਵਿੱਚ ਇੱਕ ਨੌਜਵਾਨ ਬੈਠਾ ਸੀ। ਮੇਰੀ ਸ਼ਕਲ ਤੋਂ ਉਹ ਵਾਕਫ਼ ਨਹੀਂ ਸੀ। ਉਸ ਨੇ ਮੇਰੇ 'ਤੇ ਪਹਿਲਾਂ ਸਵਾਲ ਦਾਗ਼ਿਆ, ਨਸ਼ਈ ਨੂੰ ਚੁੱਕ ਕੇ ਲਿਆਉਣੈ? ਮੇਰੇ ਹਾਂ ਵਿੱਚ ਜਵਾਬ ਦੇਣ 'ਤੇ ਉਸ ਨੇ ਰਜਿਸਟਰ ਖੋਲ੍ਹਿਆ ਅਤੇ ਮੇਰੇ ਵੱਲ ਵਿਹੰਦਿਆਂ ਕਿਹਾ, ਲਿਖਾਉ ਐਡਰੈਸ? ਮੈਂ ਅਣਜਾਣ ਜਿਹਾ ਬਣਕੇ ਕਿਹਾ, ਇਲਾਜ ਕਰਵਾਉਣ ਦਾ ਖਰਚ ਕਿੰਨਾ ਕੁ ਆਊ? ਉਸ ਨੇ ਖਰਚ ਦਾ ਵੇਰਵਾ ਦੱਸਦਿਆਂ ਕਿਹਾ, ਮੁੰਡੇ ਨੂੰ ਗੱਡੀ 'ਤੇ ਲਿਆਉਣ ਦਾ ਖਰਚਾ ਅੱਠ ਹਜ਼ਾਰ ਰੁਪਏ ਹੋਵੇਗਾ ਅਤੇ ਇਸ ਤੋਂ ਬਿਨਾਂ ਵੀਹ ਹਜ਼ਾਰ ਰੁਪਏ ਹਰ ਮਹੀਨੇ ਦੇਣਾ ਪਊਗਾ। ਮੇਰੇ ਇਹ ਪੁੱਛਣ 'ਤੇ ਕਿ ਕਿੰਨੇ ਕੁ ਮਹੀਨਿਆਂ ਵਿੱਚ ਮੁੰਡਾ ਨਸ਼ਾ ਛੱਡ ਜਾਵੇਗਾ? ਉਹਦਾ ਜਵਾਬ ਸੀ ਕਿ ਘੱਟ ਤੋਂ ਘੱਟ ਛੇ ਮਹੀਨੇ ਤਾਂ ਲੱਗਣਗੇ ਹੀ, ਜ਼ਿਆਦਾ ਸਮਾਂ ਵੀ ਲੱਗ ਸਕਦਾ ਹੈ। ਉਹਦੇ ਕੋਲੋਂ ਐਨੀਂ ਕੁ ਪੁੱਛਗਿੱਛ ਕਰਨ ਉਪਰੰਤ ਮੈਂ ਉਸ ਨੂੰ ਸੈਂਟਰ ਦੇ ਮਾਲਕ ਨੂੰ ਮਿਲਣ ਸਬੰਧੀ ਕਿਹਾ ਅਤੇ ਨਾਲ ਹੀ ਆਪਣਾ ਥਹੁ-ਪਤਾ ਅਤੇ ਆਉਣ ਦਾ ਮੰਤਵ ਵੀ ਦੱਸ ਦਿੱਤਾ। ਮੇਰਾ ਨਾਂ ਸੁਣਦਿਆਂ ਹੀ ਉਹਦੇ ਚਿਹਰੇ 'ਤੇ ਪਿਲੱਤਣ ਜਿਹੀ ਛਾ ਗਈ। ਰਜਿਸਟਰ ਇੱਕ ਪਾਸੇ ਰੱਖ ਕੇ ਛੇਤੀ ਨਾਲ ਉਹ ਅੰਦਰੋਂ ਮਾਲਕ ਨੂੰ ਬੁਲਾ ਲਿਆਇਆ।



ਮਾਲਕ ਮੈਨੂੰ ਅੰਦਰ ਬਣੇ ਆਲੀਸ਼ਾਨ ਦਫਤਰ ਵਿੱਚ ਲੈ ਗਿਆ। ਮੈਂ ਉਸ ਨੂੰ ਦਾਖ਼ਲ ਨਸ਼ਾ ਛੱਡ ਰਹੇ ਮਰੀਜ਼ਾਂ ਨੂੰ ਮਿਲਾਉਣ ਲਈ ਕਿਹਾ। ਉਹ ਮਜਬੂਰੀ ਵੱਸ ਮੇਰੇ ਅੱਗੇ-ਅੱਗੇ ਚੱਲ ਪਿਆ। ਮਾਲਕ ਨੇ ਦਫਤਰ ਹੇਠਾਂ ਇੱਕ ਭੋਰਾ ਟਾਈਪ ਕਮਰਾ ਬਣਾਇਆ ਹੋਇਆ ਸੀ। ਪੌੜੀਆਂ ਉੱਤਰ ਕੇ ਮੈਨੂੰ ਉੱਥੇ ਲਿਜਾਇਆ ਗਿਆ। ਮੇਰੇ ਕਰਮਚਾਰੀ ਵੀ ਨਾਲ ਹੀ ਆ ਗਏ। ਅੰਤਾਂ ਦੀ ਗਰਮੀ ਅਤੇ ਹੁੰਮਸ ਵਾਲੇ ਕਮਰੇ ਵਿੱਚ ਅੰਦਾਜ਼ਨ 50 ਮੁੰਡੇ ਫਰਸ਼ ਉੱਤੇ ਗੋਲ ਚੱਕਰ ਵਿੱਚ ਬੈਠੇ ਸਨ। ਉੱਪਰ ਇੱਕ ਪੱਖਾ ਚੱਲ ਰਿਹਾ ਸੀ। ਨੌਜਵਾਨਾਂ ਦੇ ਚਿਹਰਿਆਂ ਵੱਲ ਵੇਖਿਆ, ਉਨ੍ਹਾਂ ਦੇ ਚਿਹਰਿਆਂ 'ਤੇ ਡਰ, ਪ੍ਰੇਸ਼ਾਨੀ, ਪੀੜ, ਉਨੀਂਦਰਾ ਅਤੇ ਭੁੱਖ ਦੇ ਚਿੰਨ੍ਹ ਆਸਾਨੀ ਨਾਲ ਵੇਖੇ ਜਾ ਸਕਦੇ ਸਨ। ਸੈਂਟਰ ਦੇ ਮਾਲਕ ਵੱਲੋਂ ਕੀਤੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਨੂੰ ਇੱਕ-ਦੂਜੇ ਨਾਲ ਗੱਲ ਕਰਨ ਦੀ ਆਗਿਆ ਨਹੀਂ ਸੀ। ਬੱਸ, ਬਿਟਰ-ਬਿਟਰ ਛੱਤ ਵੱਲ ਵੇਖਣਾ ਹੀ ਉਨ੍ਹਾਂ ਦਾ ਨਸੀਬ ਬਣ ਚੁੱਕਿਆ ਸੀ। ਪੌੜੀਆਂ ਵਿੱਚ ਇੱਕ ਹੱਟਾ-ਕੱਟਾ ਵਿਅਕਤੀ ਡਾਂਗ ਲੈ ਕੇ ਖੜ੍ਹਾ ਪਹਿਰੇਦਾਰੀ ਕਰ ਰਿਹਾ ਸੀ।

ਕੁਰਸੀ 'ਤੇ ਬੈਠਣ ਉਪਰੰਤ ਜਦੋਂ ਮੈਂ ਉਨ੍ਹਾਂ ਮੁੰਡਿਆਂ ਨੂੰ ਉੱਚੀ ਆਵਾਜ਼ ਵਿੱਚ ਪਿਆਰ ਨਾਲ ਪੁੱਛਿਆ, ਕੀ ਹਾਲ ਹੈ ਜਵਾਨੋ ਤੁਹਾਡਾ? ਉਨ੍ਹਾਂ ਵੱਲੋਂ ਕੋਈ ਜਵਾਬ ਨਾ ਆਇਆ। ਮੇਰਾ ਦੂਜਾ ਪ੍ਰਸ਼ਨ ਸੀ, ਰੋਟੀ ਖਾ ਲਈ ਤੁਸੀਂ? ਉਨ੍ਹਾਂ ਨੇ ਪਹਿਲਾਂ ਮਾਲਕ ਵੱਲ ਵੇਖਿਆ ਅਤੇ ਫਿਰ ਬੁਝੇ ਜਿਹੇ ਮਨ ਨਾਲ ਨਾ ਵਿੱਚ ਸਿਰ ਹਿਲਾ ਦਿੱਤਾ। ਮਾਲਕ ਨੂੰ ਮੈਂ ਤੁਰੰਤ ਆਦੇਸ਼ ਦਿੱਤਾ, ਪਹਿਲਾਂ ਇਨ੍ਹਾਂ ਮੁੰਡਿਆਂ ਨੂੰ ਰੋਟੀ ਖਵਾਉ, ਫਿਰ ਕਰਾਂਗੇ ਅਗਲੀ ਗੱਲ। ਛੇਤੀ-ਛੇਤੀ ਰੋਟੀ ਦਾ ਪ੍ਰਬੰਧ ਕੀਤਾ ਗਿਆ। ਮਾਲਕ ਨੇ ਫਿਰ ਤਰਲੇ ਜਿਹੇ ਨਾਲ ਕਿਹਾ, ਇਹ ਜਿੰਨੀ ਦੇਰ ਰੋਟੀ ਖਾਂਦੇ ਨੇ, ਉਨੀ ਦੇਰ ਆਪਾਂ ਦਫਤਰ ਵਿੱਚ ਬਹਿ ਕੇ ਚਾਹ ਪਾਣੀ ਪੀ ਲੈਨੇ ਆਂ। ਮੇਰਾ ਬੇਰੁਖੀ ਜਿਹੀ ਨਾਲ ਨਾਂਹ ਵਿੱਚ ਦਿੱਤਾ ਜਵਾਬ ਸੁਣ ਕੇ ਉਹ ਚੁੱਪ ਕਰ ਗਿਆ।

ਰੋਟੀ ਪਹਿਲਾਂ ਹੀ ਬਣੀ ਹੋਈ ਸੀ। ਵਰਤਾਉਣ ਲਈ ਚਾਰ-ਪੰਜ ਵਿਅਕਤੀ ਆ ਗਏ। ਮੁੰਡੇ ਆਪਣੇ ਆਪਣੇ ਭਾਂਡੇ ਲੈ ਕੇ ਲਾਈਨ ਵਿੱਚ ਖੜ੍ਹ ਗਏ। ਇੱਕ ਵਿਅਕਤੀ ਨੇ ਆਪਣਾ ਰਜਿਸਟਰ ਖੋਲ੍ਹਿਆ, ਉਸ ਉੱਪਰ ਹਰ ਇੱਕ ਦੀਆਂ ਰੋਟੀਆਂ ਖਾਣ ਦਾ ਵੇਰਵਾ ਦਰਜ ਸੀ। ਮੁੰਡਾ ਥਾਲੀ ਲੈ ਕੇ ਰਜਿਸਟਰ ਵਾਲੇ ਕੋਲ ਖੜੋ ਜਾਂਦਾ ਅਤੇ ਉਹ ਪੜ੍ਹ ਕੇ ਨਾਲ ਵਾਲੇ ਨੂੰ ਰੋਟੀਆਂ ਦੀ ਗਿਣਤੀ ਦੱਸ ਦਿੰਦਾ। ਨਾਲ ਵਾਲਾ ਓਨੀਆਂ ਰੋਟੀਆਂ ਉਸ ਦੀ ਥਾਲੀ ਵਿੱਚ ਸੁੱਟ ਦਿੰਦਾ ਅਤੇ ਨਾਲ ਖੜ੍ਹਾ ਦੂਜਾ ਵਿਅਕਤੀ ਬਾਲਟੀ ਵਿੱਚੋਂ ਭਰ ਕੇ ਦਾਲ ਦੀਆਂ ਇੱਕ-ਦੋ ਕੜਛੀਆਂ ਪਾਈ ਜਾਂਦਾ। ਦਾਲ ਵੀ ਡਬਕਲ ਪਾਣੀ ਜਿਹਾ ਸੀ। ਥਾਲੀ ਵਿੱਚ ਦਾਲ ਅਤੇ ਰੋਟੀ ਪਵਾ ਕੇ ਉਹ ਕਤਾਰ ਵਿੱਚ ਬੈਠ ਗਏ। ਪਰ ਉਨ੍ਹਾਂ ਨੇ ਰੋਟੀ ਖਾਣੀ ਸ਼ੁਰੂ ਨਹੀਂ ਸੀ ਕੀਤੀ। ਜਦੋਂ ਸਾਰਿਆਂ ਨੂੰ ਰੋਟੀ ਵਰਤਾਈ ਗਈ ਤਾਂ ਵਰਤਾਉਣ ਵਾਲਿਆਂ ਵਿੱਚੋਂ ਇੱਕ ਦੇ ਇਸ਼ਾਰੇ ਉਪਰੰਤ ਉਨ੍ਹਾਂ ਨੇ ਰੋਟੀ ਖਾਣੀ ਸ਼ੁਰੂ ਕਰ ਦਿੱਤੀ। ਰੋਟੀ ਲੈ ਕੇ ਜਾਣ ਸਮੇਂ ਮੈਂ ਸਾਰਿਆਂ ਵੱਲ ਗਹੁ ਨਾਲ ਵੇਖ ਰਿਹਾ ਸੀ, ਉਨ੍ਹਾਂ ਵਿੱਚੋਂ ਦੋ ਮੁੰਡੇ ਲੰਗੜਾਕੇ ਚੱਲ ਰਹੇ ਸਨ।



ਰੋਟੀ ਖਾਣ ਉਪਰੰਤ ਮੈਂ ਮਾਲਕ ਅਤੇ ਉਸਦੇ ਬੰਦਿਆਂ ਨੂੰ ਉੱਥੋਂ ਜਾਣ ਲਈ ਕਿਹਾ ਤਾਂ ਜੋ ਮੈਂ ਦਾਖ਼ਲ ਨਸ਼ਈ ਨੌਜਵਾਨਾਂ ਨਾਲ ਖੁੱਲ੍ਹ ਕੇ ਗੱਲਾਂ ਕਰ ਸਕਾਂ। ਨੌਜਵਾਨਾਂ ਨੂੰ ਮੁਖ਼ਾਤਿਬ ਹੁੰਦਿਆਂ ਮੈਂ ਉਨ੍ਹਾਂ ਨੂੰ ਬੇਟਾ ਕਹਿ ਕੇ ਸੰਬੋਧਨ ਕੀਤਾ। ਜਦੋਂ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਸਾਹਮਣੇ ਬੈਠਾ ਸਾਡਾ ਹਮਦਰਦ ਹੈ ਤਾਂ ਉਨ੍ਹਾਂ ਦੇ ਸਬਰ ਦਾ ਪੈਮਾਨਾ ਛਲਕ ਉੱਠਿਆ। ਉਨ੍ਹਾਂ ਵਿੱਚੋਂ ਇੱਕ ਨੌਜਵਾਨ ਖੜ੍ਹਾ ਹੋਇਆ ਅਤੇ ਭਰੇ ਮਨ ਨਾਲ ਬੋਲਿਆ, ਸਰ, ਮੈਂ ਗ੍ਰੈਜੂਏਟ ਹਾਂ। ਠੀਕ ਹੈ ਕਿ ਮੇਰੇ ਵਰਗੇ ਇਨ੍ਹਾਂ ਸਾਰਿਆਂ ਨੇ ਨਸ਼ੇ ਦੀ ਦਲਦਲ ਵਿੱਚ ਧਸ ਕੇ ਭਾਰੀ ਗ਼ਲਤੀ ਕੀਤੀ ਹੈ ਪਰ ਕੀ ਇਸ ਤਰ੍ਹਾਂ ਜ਼ਲੀਲ ਹੋ ਕੇ ਅਸੀਂ ਨਸ਼ਾ ਛੱਡ ਦੇਵਾਂਗੇ? ਸਾਨੂੰ ਇੱਕ ਦੂਜੇ ਨਾਲ ਗੱਲ ਕਰਨ ਦੀ ਸਖ਼ਤ ਮਨਾਹੀ ਹੈ। ਬੱਸ, ਇੱਕ-ਦੂਜੇ ਦੇ ਨਾਂ ਤੋਂ ਤਾਂ ਅਸੀਂ ਜਾਣੂ ਹਾਂ, ਪਰ ਇੱਕ-ਦੂਜੇ ਦੇ ਥਹੁ ਠਿਕਾਣੇ ਦਾ ਕੋਈ ਪਤਾ ਨਹੀਂ। ਤੁਸੀਂ ਸਾਨੂੰ ਰੋਟੀ ਖਾਂਦਿਆਂ ਦੇਖਿਆ ਹੈ। ਸਾਡੇ ਕੋਲੋਂ ਪਹਿਲਾਂ ਪੁੱਛ ਲਿਆ ਜਾਂਦਾ ਹੈ ਕਿ ਕਿੰਨੀਆਂ ਰੋਟੀਆਂ ਖਾਣੀਆਂ ਨੇ। ਜੇ ਅੱਧੀ ਰੋਟੀ ਛੱਡ ਦਿੱਤੀ ਫਿਰ ਵੀ ਕੁੱਟ ਮਾਰ ਅਤੇ ਜੇਕਰ ਜ਼ਿਆਦਾ ਭੁੱਖ ਕਾਰਨ ਇੱਕ-ਅੱਧੀ ਰੋਟੀ ਹੋਰ ਮੰਗ ਲਈ ਫਿਰ ਵੀ ਛਿੱਤਰ। ਮੁੰਡਾ ਇੱਕੋ ਸਾਹੇ ਸਾਰਿਆਂ ਦੀ ਦੁੱਖ ਤਕਲੀਫ ਸਾਂਝੀ ਕਰੀ ਜਾ ਰਿਹਾ ਸੀ, ਸਵੇਰੇ ਸਾਨੂੰ ਚਾਰ ਵਜੇ ਸੀਟੀ ਮਾਰ ਕੇ ਉਠਾਇਆ ਜਾਂਦਾ ਹੈ। ਜਿਹੜਾ ਸੀਟੀ ਦੀ ਆਵਾਜ਼ ਨਾਲ ਨਹੀਂ ਉੱਠਦਾ, ਉਹਨੂੰ ਡਾਂਗਾਂ ਮਾਰ ਕੇ ਉਠਾਇਆ ਜਾਂਦਾ ਹੈ। ਬਾਅਦ ਵਿੱਚ ਫਰੈਸ਼ ਹੋਣ, ਪੇਸ਼ਟ ਕਰਨ ਅਤੇ ਨਹਾਉਣ ਲਈ ਕੁੱਲ ਸੱਤ ਮਿੰਟ ਦਿੱਤੇ ਜਾਂਦੇ ਹਨ। ਇਨ੍ਹਾਂ ਸੱਤ ਮਿੰਟਾਂ ਵਿੱਚ ਹੀ ਸਾਰਾ ਕੰਮ ਨਿਬੇੜਨਾ ਹੁੰਦਾ ਹੈ। ਦਰਵਾਜਿਆਂ ਤੋਂ ਬਿਨਾਂ ਬਣੀਆਂ ਲੈਟਰਿਨਾਂ ਵਿੱਚ ਇੱਕ ਮੁੰਡਾ ਫਰੈਸ਼ ਹੋਣ ਲਈ ਬੈਠਾ ਹੁੰਦਾ ਹੈ ਅਤੇ ਦੂਜਾ ਉਹਦੇ ਸਿਰਹਾਣੇ ਖੜ੍ਹਾ ਉਹਨੂੰ ਹੁਝਾਂ ਮਾਰ ਰਿਹਾ ਹੁੰਦਾ ਹੈ ਕਿ ਛੇਤੀ ਉੱਠ, ਹੁਣ ਮੇਰੀ ਵਾਰੀ ਐ। ਹੋਰ ਅਨਰਥ ਵੇਖੋ ਜੀ, ਜਿਹੜਾ ਸੱਤ ਮਿੰਟ ਤੋਂ ਜ਼ਿਆਦਾ ਸਮਾਂ ਲਾਉਂਦੈ, ਉਹਨੂੰ ਕਰੜੀ ਸਜ਼ਾ ਦਿੱਤੀ ਜਾਂਦੀ ਹੈ। ਉਸ ਮੁੰਡੇ ਦੀਆਂ ਅੱਖਾਂ ਵਿੱਚੋਂ (ਬਾਕੀ ਸਫ਼ਾ 31 'ਤੇ)



TRANS-ALLIANCE

TOGETHER WE SAVE

FUEL DISCOUNTS

UPTO 80 CENTS PER GALLON DISCOUNT

MAJOR NETWORK OF TRUCK STOPS

FUEL CARDS

NO CREDIT - NO PROBLEM

BEST CUSTOMER SERVICE




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

YOU BREAK DOWN

WE SHOW UP

24-HOUR ROADSIDE ASSISTANCE

TRUCK REPAIR & TIRE DISCOUNTS

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਿੱਖ ਸੰਘ (1716–1799)



ਸਿੱਖ ਇਤਿਹਾਸ ਵਿੱਚ 9 ਜੂਨ,1716 ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਬਿਪਤਾ ਦਾ ਸਮਾਂ ਸੀ। ਮੁਗਲ ਬਾਦਸ਼ਾਹ ਫ਼ਰੁਖਸਈਅਰ ਨੇ ਸਿੰਘਾਂ ਦਾ ਅੰਤ ਕਰਨ ਦਾ ਖ਼ੂਨੀ ਐਲਾਨ ਕੀਤਾ ਕਿ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਇਸਲਾਮ ਕਬੂਲ ਕਰਵਾਇਆ ਜਾਵੇ ਜਾਂ ਸ਼ਹੀਦ ਕਰ ਦਿਤਾ ਜਾਵੇ। ਸਰਹਿੰਦ, ਲਾਹੌਰ ਤੇ ਜੰਮੂ ਦੇ ਸੂਬੇਦਾਰਾਂ ਨੇ ਸਿੱਖਾਂ ’ਤੇ ਬੜੇ ਅਤਿਆਚਾਰ ਕੀਤੇ। ਮਾਝੇ ਨੂੰ ਉਜਾੜ ਦਿਤਾ ਗਿਆ। ਸਿੰਘ ‘ਤੱਤ ਖ਼ਾਲਸਾ’ ਤੇ ‘ਬੰਦਈ ਖ਼ਾਲਸਾ’ ਵਿੱਚ ਵੰਡੇ ਹੋਏ ਸਨ। ਸਿੰਘਾਂ ਨੇ ਜੰਗਲਾਂ ਵਿੱਚ ਸ਼ਰਨ ਲੈ ਲਈ। ਸੰਨ 1716-1720 ਤੱਕ ਸਿੰਘ ਲੁਕਵੀਆਂ ਥਾਵਾਂ ਤੋਂ ਪਿੰਡਾਂ ਵਿੱਚ ਪਰਤ ਆਏ। ਉਹ ਅੰਮ੍ਰਿਤਸਰ ਦੀ ਵਿਸਾਖੀ ਅਤੇ ਬੰਦੀਛੋੜ ਦਿਵਸ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਉਣ ਲੱਗੇ ਪਰ ਉਹਨਾਂ ਕੋਲ ਆਪਣੀ ਸੁਰਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਉਹਨਾਂ ਦੀ ਕੋਈ ਕੇਂਦਰੀ ਸ਼ਕਤੀ ਨਹੀਂ ਸੀ। ਮਾਤਾ ਸੁੰਦਰੀ ਜੀ ਨੇ 1721 ਵਿੱਚ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਉਹਨਾਂ ਦੀ ਅਗਵਾਈ ਵਿੱਚ ‘ਤੱਤ ਖ਼ਾਲਸਾ’ ਅਤੇ ‘ਬੰਦਈ ਖ਼ਾਲਸਾ’ ਇੱਕ ਹੀ ਤੱਤ ਖ਼ਾਲਸਾ ਹੇਠ ਇਕੱਠੇ ਹੋਏ। ਅਬਦੁਲ ਸਾਮੰਦ ਖਾਨ ਨੂੰ ਮੁਲਤਾਨ ਬਦਲ ਦਿਤਾ ਗਿਆ। ਉਸਦਾ ਪੁੱਤਰ ਖਾਨ ਬਹਾਦਰ ਜਕਰੀਆ ਖਾਨ 1726 ਵਿੱਚ ਪੰਜਾਬ ਦਾ ਸੂਬੇਦਾਰ ਬਣਿਆ। ਉਸਨੇ ਸਿੰਘਾਂ ਦਾ ਖੁਰਾ ਖੌਜ ਮਿਟਾਉਣ ਦੀ ਮੁਹਿੰਮ ਚਲਾ ਦਿਤੀ। ਉਸਨੇ ਸਿੰਘਾਂ ਨੂੰ ਸ਼ਹੀਦ ਕਰਨ ਦੇ ਇਨਾਮ ਰੱਖ ਦਿਤੇ। ਵੱਡੀ ਪੱਧਰ ’ਤੇ ਸਿੰਘ ਸ਼ਹੀਦ ਕੀਤੇ ਗਏ। ਸਿੰਘ ਫਿਰ ਲੁਕਵੀਆਂ ਥਾਵਾਂ ’ਤੇ ਚਲੇ ਗਏ। ਸੰਨ 1726 ਵਿੱਚ ਪ੍ਰਸਿੱਧ ਸਰਦਾਰ ਤਾਰਾ ਸਿੰਘ ਵਾਂ ਅਤੇ 22 ਸਾਥੀਆਂ ਵਿਰੁੱਧ 2000 ਦੀ ਫੌਜ਼ ਭੇਜੀ ਗਈ। ਸਿੰਘਾਂ ਨੇ ਸਾਰੀ ਰਾਤ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਦਿਨ ਚੜੇ ਦੁਸ਼ਮਣਾਂ ਨੇ ਉਹਨਾਂ ਸਾਰਿਆਂ ਨੂੰ ਸ਼ਹੀਦ ਕਰ ਦਿਤਾ। ਇਹ ਅਫਵਾਹ ਫੈਲਾ ਦਿਤੀ ਕਿ ਪਿੰਡਾਂ ਵਿਚੋਂ ਸਾਰੇ ਸਿੱਖ ਖਤਮ ਕਰ ਦਿਤੇ ਗਏ ਹਨ। ਇਹਨਾਂ ਸਿੰਘਾਂ ਦੀ ਬਹਾਦਰੀ ’ਤੇ ਲੁਕਵੀਆਂ ਥਾਵਾਂ ’ਤੇ ਬੈਠੇ ਸਿੰਘਾਂ ਵਿੱਚ ਰੋਹ ਜਾਗ ਉਠਿਆ। ਉਹਨਾਂ ਨੂੰ ਪ੍ਰੇਰਣਾ ਮਿਲੀ ਕਿ ਜੇਕਰ 22 ਸਿੰਘ 2000 ਫੌਜ਼ ਦਾ ਮੁਕਾਬਲਾ ਕਰ ਸਕਦੇ ਹਨ ਤਾਂ ਸਾਨੂੰ ਵੀ ਜੁਲਮ ਵਿਰੁੱਧ ਟੱਕਰ ਲੈਣੀ ਚਾਹੀਦੀ ਹੈ। ਉਹ ਲੁਕਵੀਂਆਂ ਥਾਵਾਂ ਤੋਂ ਪਰਤ ਆਏ। ਜਦੋਂ ਸਰਕਾਰੀ ਖ਼ਜ਼ਾਨਾ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਂਦਾ ਸੀ ਤਾਂ ਸਿੰਘ ਲੁੱਟ ਲੈਂਦੇ ਅਤੇ ਲੁਕਵੀਂਆਂ ਥਾਵਾਂ ’ਤੇ ਚਲੇ ਜਾਂਦੇ। ਇਸ ਤਰਾਂ ਸਿੱਖਾਂ ਨੇ ਸੰਸਾਰ ਦੀ ਸਭ ਤੋਂ ਵੱਡੀ ਗੁਰੀਲਾ ਜੰਗ ਲੜੀ। ਸਿੰਘਾਂ ਨੇ ਜਥਿਆਂ ਵਿੱਚ ਇੱਕਠਾ ਹੋਣਾ ਸ਼ੁਰੂ ਕੀਤਾ। ਹੁਣ ਹਕੂਮਤ ਨੇ ਇਹ ਜਾਣ ਲਿਆ ਸੀ ਕਿ ਸਿੰਘਾਂ ਨੂੰ ਕਾਬੂ ਕਰਨਾ ਅਸੰਭਵ ਹੈ। ਸੰਨ 1733 ਵਿੱਚ ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਨਵਾਬੀ ਅਤੇ ਇੱਕ ਲੱਖ ਸਾਲਾਨਾ ਦੀ ਜਾਗੀਰ ਸੌਂਪੀ ਗਈ ਕਿ ਸਿੰਘ ਵਿਦਰੋਹ ਦਾ ਰਸਤਾ ਛੱਡ ਦੇਣਗੇ ਪਰ ਸਿੰਘ ਤਾਂ ਮੈਦਾਨਾਂ ਵਿੱਚ ਰਹਿਣ ਲੱਗੇ। ਉਹਨਾਂ ਕੋਲ ਪੈਸਾ ਵੀ ਹੋ ਗਿਆ। ਉਹ ਹੁਣ ਤਕ ਸੂਰਬੀਰ ਫੌਜ਼ੀ ਬਣ ਚੁੱਕੇ ਸਨ। ਉਹ ਦੁਸ਼ਮਣ ਨਾਲ ਟੱਕਰ ਲੈਣ ਲਈ ਇੱਕਠੇ ਹੋਣ ਲੱਗੇ।

ਸਿੰਘਾਂ ਦੇ ਦੋ ਦਲ ਸਨ ‘ਬੁੱਢਾ ਦਲ’ ਅਤੇ ‘ਤਰੁਣਾ ਦਲ’। ਬੁੱਢਾ ਦਲ ਵਿੱਚ 40 ਸਾਲ ਤੋਂ ਵੱਧ ਉਮਰ ਦੇ ਸਿੰਘ ਸਨ, ਜੋ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ, ਗੁਰਦੁਆਰਾ ਪ੍ਰਬੰਧ, ਸਰਕਾਰ ਦੀਆਂ ਚਾਲਾਂ ’ਤੇ ਨਜ਼ਰ ਰਖਦੇ। ਤਰੁਣਾ ਦਲ ਵਾਸਤੇ ਨੌਜਵਾਨ ਫੌਜ਼ੀਆਂ ਦੀ ਭਰਤੀ ਕਰਦੇ। ਤਰੁਣਾ ਦਲ ਦੇ ਨੌਜਵਾਨਾਂ ਨੇ ਜੰਗੀ ਕਾਰਨਾਮਿਆਂ ਵਿੱਚ ਬੜੀ ਬਹਾਦਰੀ ਵਿਖਾਈ। ਤਰੁਣਾ ਦਲ ਦੀ ਗਿਣਤੀ 12000 ਹੋ ਗਈ। ਸੰਚਾਰੂ ਪ੍ਰਬੰਧ ਚਲਾਉਣ ਲਈ 5 ਧੜਿਆਂ ਵਿੱਚ ਵੰਡਿਆ ਗਿਆ। ਉਹਨਾਂ ਦਾ ਆਪਣਾ ਝੰਡਾ ਅਤੇ ਨਗਾਰਾ ਹੁੰਦਾ ਸੀ। ਉਹਨਾਂ ਦੇ ਅਸਥਾਨ ਸਨ ਰਾਮਸਰ, ਬਿਬੇਕਸਰ, ਲੱਛਮਣਸਰ, ਕੌਲਸਰ, ਸੰਤੋਖਸਰ। ਦੋਵੇਂ ਦਲ ਬੁੱਢਾ ਦਲ ਅਤੇ ਤਰੁਣਾ ਦਲ ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਦੀ ਅਗਵਾਈ ਹੇਠ ਦੁਸ਼ਮਣ ਨਾਲ ਟੱਕਰ ਲੈਣ ਲਈ ਤਿਆਰ ਰਹਿੰਦੇ। ਅੱਗੇ ਜਾ ਕੇ 7 ਧੜੇ ਹੋਰ ਮਿਲਾ ਕੇ 12 ਮਿਸਲਾਂ ਹੋਂਦ ਵਿੱਚ ਆਈਆਂ।

ਤਰੁਣਾ ਦਲ ਨੇ ਮੁਗਲਾਂ ਨਾਲ ਭਾਰੀ ਟੱਕਰ ਲਈ। ਬਾਰ-ਦੁਆਬ ਤੋਂ ਸਤਲੁੱਜ ਪਾਰ ਸਰਦਾਰ ਆਲਾ ਸਿੰਘ ਦੀ ਮਦਦ ਕਰਕੇ ਮਾਲਵੇ ਵਿੱਚ ਰਿਆਸਤ ਬਣਾ ਲਈ। ਖਾਨ ਬਹਾਦਰ ਜਕਰੀਆ ਖਾਨ ਨੇ ਦੀਵਾਨ ਲੱਖਪਤ ਰਾਏ ਦੀ ਅਗਵਾਈ ਵਿੱਚ ਸਰਬੱਤ ਖ਼ਾਲਸਾ ਵਿਰੁੱਧ ਫੌਜ਼ ਭੇਜੀ। ਅੰਮ੍ਰਿਤਸਰ ’ਤੇ ਕਬਜ਼ਾ ਕਰ ਲਿਆ। ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨਾਂ ’ਤੇ ਪਾਬੰਦੀ ਲਗਾ ਦਿੱਤੀ ਪਰ ਦੁਸ਼ਮਣ ਸਿੰਘਾਂ ਨੂੰ ਦਬਾ ਨਾ ਸਕੇ। ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ 1738 ਵਿੱਚ ਸ਼ਹੀਦ ਕਰ ਦਿੱਤਾ ਗਿਆ। ਸਿੰਘਾਂ ਵਿੱਚ ਅਤਿ ਗੁੱਸੇ ਦੀ ਲਹਿਰ ਦੌੜ ਪਈ। ਸੰਨ 1739 ਵਿੱਚ ਨਾਦਰ ਸ਼ਾਹ ਨੇ ਸਿੰਘਾਂ ਦਾ ਡੱਲੇਵਾਲ ਦਾ ਕਿਲਾ ਤਬਾਹ ਕਰ ਦਿੱਤਾ। ਸਿੰਘਾਂ ’ਤੇ ਫਿਰ ਜੁਲਮ ਵਧੇ ਅਤੇ ਸਿੰਘ ਸੁਰਖਿਅਕਤ ਥਾਵਾਂ ’ਤੇ ਚਲੇ ਗਏ।

11 ਅਗਸਤ 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਲਾਹ ਦਿੱਤਾ, ਜੋ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਬੇਅਦਬੀ ਦਾ ਦੋਸ਼ੀ ਸੀ। ਫਿਰ ਪਹਿਲਾ ਛੋਟਾ ਘੱਲੂਘਾਰਾ 1746 ਵਿੱਚ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਵਾਪਰਿਆ। ਜਿਸ ਵਿੱਚ 7000 ਸਿੰਘ ਸ਼ਹੀਦ ਹੋਏ। ਲਗਭਗ 3000 ਸਿੰਘਾਂ ਨੂੰ ਕੈਦੀ ਬਣਾ ਕੇ ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਸ਼ਹੀਦਗੰਜ ਵਿਖੇ ਜਨਤਕ ਤੌਰ ’ਤੇ ਸ਼ਹੀਦ ਕੀਤਾ।

ਮੁਗਲਾਂ ਦੀ ਘਰੇਲੂ ਜੰਗ ਵਿੱਚ 11 ਮਾਰਚ 1748 ਨੂੰ ਮੀਰ ਮੰਨੂੰ ਪੰਜਾਬ ਦਾ ਸੂਬੇਦਾਰ ਬਣਿਆ। ਉਹ ਲਾਹੌਰ ਵੱਲ ਵਧਿਆ। ਉਸਨੇ ਕੌੜਾ ਮੱਲ ਨੂੰ ਦੀਵਾਨ ਲਾਹੌਰ ਅਤੇ ਅਦੀਨਾ ਬੇਗ ਨੂੰ ਫੌਜ਼ਦਾਰ ਜਲੰਧਰ ਦੁਆਬ ਬਣਾਇਆ। ਉਸ ਸਮੇਂ ਕੋਈ ਸਥਾਈ ਹਕੂਮਤ ਨਹੀਂ ਸੀ। ਦਿੱਲੀ-ਲਾਹੌਰ ਦੇ ਸਬੰਧ ਸੁਖਾਂਵੇਂ ਨਹੀਂ ਸਨ। ਸਿੰਘਾਂ ਨੂੰ ਮੌਕਾ ਮਿਲਿਆ, ਉਹਨਾਂ 1734 ਵਾਲੇ ਦਲ ਖ਼ਾਲਸਾ ਅਧੀਨ ਇਕਠੇ ਹੋ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੈਨਾਪਤੀ ਬਣਾਇਆ। ਸੰਨ 1746-1749 ਤਕ ਸਿੰਘਾਂ ਨੇ ਫੌਜ਼ੀ ਤਾਕਤ ਫੜ ਲਈ ਸੀ। ਮੀਰ ਮੰਨੂ ਨੇ ਸਿੰਘਾਂ ’ਤੇ ਸਖ਼ਤੀ ਵਧਾਈ। 1748 ਵਿੱਚ ਅਦੀਨਾ ਬੇਗ ਫੌਜ਼ਦਾਰ ਜਲੰਧਰ ਦੁਆਬ ਨੂੰ ਸਿੰਘਾਂ ਵਿਰੁੱਧ ਭੇਜਿਆ। ਉਸਨੇ ਅੰਮ੍ਰਿਤਸਰ ਵੱਲ ਵੱਧ ਕੇ ਰਾਮ ਰੌਣੀ ਕਿਲੇ ਨੂੰ ਘੇਰਾ ਪਾ ਲਿਆ। ਸਿੰਘਾਂ ਲਈ ਭਾਰੀ ਫੌਜ਼ ਦਾ ਟਾਕਰਾ ਕਰਨਾ ਔਖਾ ਸੀ। ਜੱਸਾ ਸਿੰਘ ਰਾਮਗੜ੍ਹੀਆ ਉਸ ਵੇਲੇ ਅਦੀਨਾ ਬੇਗ ਦੀ ਫੌਜ਼ ਵਿੱਚ ਸੀ, ਉਹ ਸਿੰਘਾਂ ਵੱਲੋਂ ਲੜਿਆ। ਸਿੰਘਾਂ ਨੇ ਤਗੜੀ ਟੱਕਰ ਦਿੱਤੀ। ਉਸੇ ਵੇਲੇ ਅਹਿਮਦ ਸ਼ਾਹ ਅਬਦਾਲੀ ਵੀ ਪੰਜਾਬ ’ਤੇ ਆਣ ਚੜਿਆ। ਦੀਵਾਨ ਕੌੜਾ ਮੱਲ ਨੇ ਮੀਰ ਮੰਨੂ ਨੂੰ ਕਿਹਾ ਕਿ ਸਿੰਘ ਹਮੇਸ਼ਾ ਸਾਡੇ ਲਈ ਵੰਗਾਰ ਰਹੇ ਹਨ। ਹੁਣ ਸਿੰਘਾਂ ਨਾਲ ਸੰਧੀ ਕਰ ਲਈ ਜਾਵੇ। ਮੀਰ ਮੰਨੂ ਨੇ ਅੰਦਰੂਨੀ ਤੌਰ ’ਤੇ ਸਿੰਘਾਂ ਨਾਲ ਜੰਗ ਜਾਰੀ ਰਖੀ, ਪਰ ਵਕਤੀ ਤੌਰ ’ਤੇ ‘ਪੱਟੀ’ ਦੀ ਜਗੀਰ ਦੇਣ ਦਾ ਚੌਥਾ ਹਿਸਾ ਦੇਣਾ ਮੰਨ ਲਿਆ। ਅਹਿਮਦ ਸ਼ਾਹ ਅਬਦਾਲੀ 1751 ਵਿੱਚ ਵੱਡੀ ਫੌਜ਼ ਨਾਲ ਆਇਆ। ਉਹ ਲਾਹੌਰ ਬੈਠ ਗਿਆ। ਮਾਰਚ 1752 ਨੂੰ ਜੰਗ ਛਿੜੀ। ਦੀਵਾਨ ਕੌੜਾ ਮੱਲ ਮਾਰਿਆ ਗਿਆ। ਮੀਰ ਮੰਨੂ ਨੂੰ ਕੈਦੀ ਬਣਾ ਲਿਆ ਗਿਆ। ਬਾਅਦ ਵਿੱਚ ਆਪਸੀ ਗੱਲਬਾਤ ਨਾਲ ਮੀਰ ਮੰਨੂ ਨੂੰ ਲਾਹੌਰ ਅਤੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ। ਇਸ ਤਰਾਂ ਹੁਣ ਪੰਜਾਬ ਅਫਗਾਨਾਂ ਦੇ ਹੱਥ ਵਿੱਚ ਸੀ। ਮੀਰ ਮੰਨੂ ਨੇ 1749 ਵਿੱਚ ਮਾਖੋਵਾਲ (ਅਨੰਦਪੁਰ) ਵਿਖੇ ਸਿੰਘਾਂ ਨੂੰ ਸ਼ਹੀਦ ਕੀਤਾ। ਅਦੀਨਾ ਬੇਗ ਸਿੱਖਾਂ ਨਾਲ ਨਰਮੀ ਵਰਤਦਾ ਰਿਹਾ ਤੇ ਖਾਨਾਪੂਰੀ ਵਿੱਚ 40-50 ਸਿੰਘਾਂ ਨੂੰ ਹੋਲੀ ਹੋਲੀ ਸ਼ਹੀਦ ਕਰਦਾ ਰਿਹਾ। ਪਰ ਵੱਡਾ ਹਮਲਾ ਮੀਰ ਮੰਨੂ ਨੇ ਆਪ ਕੀਤਾ। ਜਿਸ ਵਿੱਚ ਬਟਾਲਾ ਨੇੜੇ 900 ਸਿੰਘ ਸ਼ਹੀਦ ਕੀਤੇ, ਪਰ ਫਿਰ ਵੀ ਮੰਨੂ ਸਿੰਘਾਂ ਨੂੰ ਖਤਮ ਨਾ ਕਰ ਸਕਿਆ ਕਿਉਂਕਿ ਸਿੰਘਾਂ ਵਿੱਚ ਕੌਮੀ ਚੇਤਨਾ ਆ ਚੁੱਕੀ ਸੀ। ਉਹ ਇੱਕਠੇ ਹੋ ਕੇ ਦੁਸ਼ਮਣ ਦਾ ਸਾਹਮਣਾ ਕਰਦੇ ਸਨ। ਆਮ ਜਨਤਾ ਜਿਵੇਂ ਕਿਸਾਨ, ਮਜ਼ਦੂਰ, ਕਾਰੀਗਰ ਉਹਨਾਂ ਦੀ ਮਦਦ ’ਤੇ ਸਨ। ਉਹ ਗੁਰੀਲਾ ਜੰਗ ਨੀਤੀ ਹੇਠ ਖ਼ਜ਼ਾਨਾ, ਅਨਾਜ਼, ਰਸਦ ਲੁੱਟ ਲੈਂਦੇ ਸਨ। ਨਵੰਬਰ 1753 ਵਿੱਚ ਮੀਰ ਮੰਨੂ ਦੀ ਮੌਤ ਹੋ ਗਈ। ਅਗਲਾ 5 ਸਾਲ ਦਾ ਸਮਾਂ ਰਾਜਨੀਤਕ ਅਰਾਜਕਤਾ ਦਾ ਸਮਾਂ ਸੀ।

ਸੰਨ 1757 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ’ਤੇ ਧਾਵਾ ਬੋਲਿਆ। ਉਸਨੇ ਦਿੱਲੀ ਅਤੇ ਲਾਹੌਰ ’ਤੇ ਕਬਜ਼ਾ ਕਰ ਲਿਆ। ਉਸਨੇ ਆਪਣੇ ਪੁੱਤਰ ਤੈਮੂਰ ਖਾਂ ਨੂੰ ਸੂਬੇਦਾਰ ਅਤੇ ਜਹਾਨ ਖਾਂ ਨੂੰ ਉਸਦਾ ਸਹਾਇਕ ਨਿਯੁਕਤ ਕੀਤਾ। ਮਜੀਬ-ਉਲ ਨੂੰ ਮੁਖਤਿਆਰ ਬਣਾਇਆ। ਮੀਰ ਮੰਨੂ ਦੀ ਮੌਤ ਤੋਂ ਬਾਅਦ ਸਿੰਘਾਂ ਨੇ ਛੋਟੀਆਂ ਛੋਟੀਆਂ ਰਿਆਸਤਾਂ ਮਲੀਆਂ। ਤੈਮੂਰ ਖਾਂ ਨੇ ਸਿੰਘਾਂ ਨੂੰ ਦਬਾਉਣ ਲਈ ਅਤਾਈ ਖਾਂ ਅਤੇ ਜਹਾਨ ਖਾਂ ਨੂੰ ਭੇਜਿਆ। ਅੰਮ੍ਰਿਤਸਰ ਦੇ ਨੇੜੇ ਪਿੰਡ ਗੋਹਲਵਾਲ ਵਿਖੇ ਅਫਗਾਨਾਂ ਅਤੇ ਸਿੰਘਾਂ ਵਿਚਕਾਰ ਜੰਗ ਹੋਈ। ਸਿੰਘਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਤਦ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਹਜ਼ਾਰਾਂ ਅਫਗਾਨਾਂ ਨੂੰ ਮਾਰ ਮੁਕਾਇਆ। ਅੰਤ ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਸ਼ਹੀਦੀ ਪ੍ਰਾਪਤ ਕੀਤੀ। ਸਿੰਘ ਅਦੀਨਾ ਬੇਗ ਨਾਲ ਰਲ ਗਏ। ਤੈਮੂਰ ਖਾਨ ਨੇ ਜਾਣ ਲਿਆ ਕਿ ਅਦੀਨਾ ਬੇਗ ਨੂੰ ਖਤਮ ਕੀਤੇ ਬਿਨਾਂ ਗਲ ਨਹੀਂ ਬਨਣੀ।

ਅਦੀਨਾ ਬੇਗ ਨੇ ਸਿੰਘਾਂ ਤੇ ਮਰਹਟਿਆਂ ਨਾਲ ਮਿਲਕੇ ਤੈਮੂਰ ਖਾਨ ਨੂੰ ਹਾਰ ਦਿੱਤੀ। ਉਹ ਕਾਬਲ ਪਰਤ ਗਿਆ। ਮਰਾਠਿਆਂ ਨੇ ਅਪ੍ਰੈਲ 1759 ਵਿੱਚ ਪੰਜਾਬ ਰਾਜ ਅਦੀਨਾ ਬੇਗ ਨੂੰ 75 ਲੱਖ ਸਾਲਾਨਾ ਰਾਖੀ ’ਤੇ ਦੇ ਦਿੱਤਾ। ਸੰਨ 1759 ਵਿੱਚ ਅਹਿਮਦ ਸ਼ਾਹ ਅਬਦਾਲੀ ਫਿਰ ਪੰਜਾਬ ਦੇ ਮੈਦਾਨਾਂ ਵਿੱਚ ਉਤਰਿਆ। ਉਹ ਮਰਾਠਿਆਂ ਅਤੇ ਸਿੱਖਾਂ ਤੋਂ ਆਪਣੇ ਪੁੱਤਰ ਤੈਮੂਰ ਖਾਨ ਦੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਮਰਾਠਾ ਉਪ ਸੂਬੇਦਾਰ ਸ਼ਾਹਬਾਜੀ ਨੇ ਉਸਦਾ ਵਿਰੋਧ ਨਾ ਕੀਤਾ ਪਰ ਸਿੰਘਾਂ ਨੇ ਉਸ ਨੂੰ ਚੈਨ ਨਾਲ ਨਾ ਬੈਠਣ ਦਿੱਤਾ। ਅਹਿਮਦ ਸ਼ਾਹ ਅਬਦਾਲੀ ਦਿੱਲੀ ਵੱਲ ਚਲਾ ਗਿਆ। ਜਨਵਰੀ 14, 1761 ਨੂੰ ਪਾਣੀਪਤ ਜੰਗ ਵਿੱਚ ਮਰਾਠਿਆਂ ਦੀ ਹਾਰ ਹੋਈ। ਫੈਸਲਾਕੁੰਨ ਜੰਗ ਵਿੱਚ ਭਾਵੇਂ ਅਬਦਾਲੀ ਦੀ ਵੱਡੀ ਜਿੱਤ ਹੋਈ ਪਰ ਸਿੰਘ ਵੀ ਸੰਗਠਿਤ ਹੁੰਦੇ ਜਾ ਰਹੇ ਸਨ।

ਪਾਣੀਪਤ ਦੀ ਜਿੱਤ ਤੋਂ ਬਾਅਦ ਅਬਦਾਲੀ ਕਾਬਲ ਚਲਾ ਗਿਆ। ਦਲ ਖ਼ਾਲਸਾ ਨੇ ਉਸ ਨੂੰ ਬਿਆਸਲੀ ਦਰਿਆ ’ਤੇ ਘੇਰ ਕੇ ਉਸਦਾ ਖ਼ਜਾਨਾ ਲੁੱਟ ਲਿਆ। ਨਾਲ ਹੀ 2000 ਲੜਕੀਆਂ ਨੂੰ ਛੁਡਾ ਕੇ ਉਹਨਾਂ ਦੇ ਘਰ ਭੇਜਿਆ। ਸਤੰਬਰ 1761 ਨੂੰ ਖਵਾਜ਼ਾ ਉਬੈਦ 9000 ਦੀ ਫੌਜ਼ ਨਾਲ ਗੁਜਰਾਂਵਾਲਾ ਵੱਲ ਵਧਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ ਅਤੇ ਜੈ ਸਿੰਘ ਘਨਈਆ ਨੇ ਮਿਲਕੇ ਉਸ ਨੂੰ ਕਰਾਰੀ ਹਾਰ ਦਿੱਤੀ। ਗੁਜਰਾਂਵਾਲਾ ਦੀ ਜਿੱਤ ਤੋਂ ਬਾਅਦ ਸਿੰਘ ਲਾਹੌਰ ਵੱਲ ਵਧੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ’ਤੇ ਕਬਜ਼ਾ ਕਰ ਲਿਆ। ਖ਼ਾਲਸਾ ਨੇ ਉਸ ਨੂੰ ਸੁਲਤਾਨ ਏ ਕੌਮ ਦੀ ਉਪਾਧੀ ਦਿਤੀ। ਉਸਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾ ਵਿੱਚ ਸਿੱਕੇ ਜਾਰੀ ਕੀਤੇ। ਸਿੰਘਾਂ ਨੇ ਦੁਰਾਨੀ ਫੌਜ਼ਦਾਰਾਂ ਜਲੰਧਰ ਦੁਆਬ ਦੇ ਸਾਦਿਕ ਖਾਨ ਅਤੇ ਸਦੀਕ ਖਾਨ ਨੂੰ ਭਾਜੜਾਂ ਪਾ ਦਿਤੀਆਂ। ਫਰਵਰੀ 5,1762 ਨੂੰ “ ਵੱਡਾ ਘੱਲੂਘਾਰਾ” ਵਾਪਰਿਆ, ਜਿਸ ਵਿੱਚ 20000 ਦੀ ਵਹੀਰ ਭੁਝੰਗੀ ਸਿੰਘ, ਸਿੰਘ ਸਿੰਘਣੀਆਂ ਤੇ ਬਜ਼ੁਰਗ ਸ਼ਹੀਦ ਹੋਏ, ਜੋ ਬੱਚ ਨਿਕਲੇ, ਉਹ ਬਰਨਾਲਾ ਚਲ ਗਏ। ਅਬਦਾਲੀ ਨੇ ਬਰਨਾਲਾ ’ਤੇ ਕਬਜ਼ਾ ਕਰ ਲਿਆ। ਸਰਦਾਰ ਆਲਾ ਸਿੰਘ ਨੂੰ 6,25,000 ਦੀ ਰਾਖੀ ਭਰਨੀ ਪਈ। ਅਬਦਾਲੀ ਸਰਹਿੰਦ ਤੋਂ ਹੁੰਦਾ ਲਾਹੌਰ ਚਲਾ ਗਿਆ।

ਲਾਹੌਰ ਵੱਲ ਜਾਂਦਿਆਂ ਉਸਨੇ ਰਸਤੇ ਵਿੱਚ ਲੁੱਟ ਮਚਾਈ। ਉਸਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਤਬਾਹ ਕਰ ਦਿੱਤਾ। ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ। ਸਿੰਘਾਂ ਦੇ ਹੌਂਸਲੇ ਬੁਲੰਦ ਰਹੇ। ਅਕਤੂਬਰ 17, 1762 ਵਿੱਚ ਸਿੰਘ 60,000 ਦੀ ਗਿਣਤੀ ਵਿੱਚ ਅੰਮ੍ਰਿਤਸਰ ਵਿਖੇ ਇੱਕਠੇ ਹੋਏ। ਦੁਸ਼ਮਣਾਂ ਵਿਰੁੱਧ ਜੰਗੀ ਵਿਉਂਤਬੰਦੀ ਬਣਾਈ ਗਈ।

ਅਬਦਾਲੀ ਨੂੰ ਜਦ ਸਿੰਘਾਂ ਦੀ ਤਾਕਤ ਦਾ ਅਹਿਸਾਸ ਹੋਇਆ ਤਾਂ ਉਸ ਨੇ ਅੰਮ੍ਰਿਤਸਰ ’ਤੇ ਹਮਲਾ ਕਰ ਦਿੱਤਾ। ਸਵੇਰ ਤੋਂ ਲੈ ਕੇ ਰਾਤ ਤਕ ਘਮਸਾਨ ਦੀ ਜੰਗ ਹੋਈ। ਰਾਤ ਦੇ ਹਨੇਰੇ ਵਿੱਚ ਅਬਦਾਲੀ ਭੱਜ ਗਿਆ। ਲਾਹੌਰ ਛੱਡਣ ਵੇਲੇ ਉਹ ਪ੍ਰਬੰਧਕ ਨਿਯੁਕਤ ਕਰ ਗਿਆ। ਸਿੰਘਾਂ ਨੇ ਉਸਦੇ ਹਾਕਮਾਂ ਵਿਰੁੱਧ ਜਦੋ ਜਹਿਦ ਜਾਰੀ ਰੱਖੀ। ਸਿੰਘਾਂ ਨੇ ਜਨਵਰੀ 1764 ਨੂੰ ਸਰਹਿੰਦ ’ਤੇ ਕਬਜ਼ਾ ਕਰ ਲਿਆ।

ਅਕਤੂਬਰ 1764 ਵਿੱਚ ਅਬਦਾਲੀ 18 ਹਜ਼ਾਰ ਦੀ ਫੌਜ਼ ਲੈ ਕੇ ਜਦ ਲਾਹੌਰ ਪੁੱਜਾ ਤਾਂ ਸਿੰਘ ਲੁਕਵੀਂਆਂ ਥਾਵਾਂ ’ਤੇ ਜਾ ਚੁਕੇ ਸਨ। ਅਬਦਾਲੀ ਅੰਮ੍ਰਿਤਸਰ ਪੁੱਜਾ ਤਾਂ ਉਸ ਨੂੰ ਅੰਮ੍ਰਿਤਸਰ ਦੀ ਰਾਖੀ ਕਰਕੇ 30 ਸਿੰਘ ਹੀ ਮਿਲੇ ਜੋ ਮੁਕਾਬਲੇ ਵਿੱਚ ਸ਼ਹੀਦ ਹੋ ਗਏ। ਅਬਦਾਲੀ ਲਾਹੌਰ ਵੱਲ ਵੱਧ ਗਿਆ। ਅਬਦਾਲੀ 1765 ਵਿਚ ਕਾਬਲ ਚਲਾ ਗਿਆ। ਸਿੰਘ ਫਿਰ ਅੰਮ੍ਰਿਤਸਰ ਆਏ। ਸਿੰਘਾਂ ਨੇ ਫਿਰ ਲਾਹੌਰ ’ਤੇ ਕਬਜ਼ਾ ਕਰਕੇ ਸਿੱਕੇ ਜਾਰੀ ਕੀਤੇ। ਸੰਨ 1766 ਵਿੱਚ ਸਿੰਘਾਂ ਨੇ ਅਬਦਾਲੀ ਨੂੰ ਹਾਰ ਦਿਤੀ। ਸਿੰਘ ਸੰਘ ਮਜਬੂਤੀ ਵੱਲ ਸੀ।

ਸੰਨ 1748 -1766 ਤਕ ਪੰਜਾਬ ਮਰਾਠਾ, ਅਫਗਾਨ, ਮੁਗਲਾਂ ਅਤੇ ਸਿੰਘਾਂ ਦੀ ਰਣਭੂਮੀ ਰਿਹਾ, ਪਰ ਅਗਲੇ 5 ਸਾਲ ਅਫਗਾਨਾਂ ਅਤੇ ਸਿੰਘਾਂ ਵਿੱਚ ਜੰਗ ਜਾਰੀ ਰਹੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉੱਤਰੀ ਅੰਮ੍ਰਿਤਸਰ, ਰਾਵੀ ਅਤੇ ਬਿਆਸ ਦੇ ਇਲਾਕੇ ਮੱਲੇ। ਅੱਗੇ ਜਲੰਧਰ , ਕਾਂਗੜਾ ਫਤਹਿ ਕੀਤੇ। ਹਰਿਗੋਬਿੰਦ ਪੁਰ ਨੂੰ ਰਾਜਧਾਨੀ ਬਣਾਇਆ। ਉਸਦੀ ਚੜ੍ਹਤ ’ਤੇ ਦੂਸਰੀਆਂ ਮਿਸਲਾਂ ਈਰਖਾ ਕਰਨ ਲੱਗੀਆਂ। ਜੈ ਸਿੰਘ ਘਨਈਆ, ਚੜ੍ਹਤ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ, ਭੰਗੀ ਮਿਸਲ ਵਿਚਕਾਰ ਰਾਮਗੜੀਆ ਨਾਲ ਜੰਗ ਹੋ ਈ। ਜਿਸ ਵਿੱਚ ਭੰਗੀ ਮਿਸਲ ਨੂੰ ਹਾਰ ਹੋਈ। ਇਕ ਵਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਵਿਚਕਾਰ ਵੀ ਤਕਰਾਰ ਹੋਈ।

1776 ਵਿੱਚ ਭੰਗੀ ਤੇ ਘਣਈਆ ਨੇ ਮਿਲ ਕੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਰਾਇਆ। ਉਹ ਪਟਿਆਲਾ ਦੇ ਮਹਾਰਾਜਾ ਸਰਦਾਰ ਅਮਰ ਸਿੰਘ ਕੋਲ ਚਲਾ ਗਿਆ। ਉਸਦੀ ਮਦਦ ਨਾਲ ਹਾਂਸੀ, ਹਿਸਾਰ ਦੇ ਇਲਾਕੇ ਮੱਲ ਲਏ। ਬਾਅਦ ਵਿੱਚ ਆਪਣੇ ਪੁੱਤਰ ਸਰਦਾਰ ਜੋਧ ਸਿੰਘ ਨੂੰ ਸੌਂਪ ਦਿਤੇ। ਮਹਾਰਾਜਾ ਅਮਰ ਸਿੰਘ ਤੇ ਰਾਮਗੜ੍ਹੀਆ ਨੇ ਉੱਤਰੀ ਦਿੱਲੀ ਦੇ ਪਿੰਡ ਮੱਲੇ। ਜੱਸਾ ਸਿੰਘ ਰਾਮਗੜ੍ਹੀਆ ਨੇ 1783 ਵਿੱਚ ਪੈਰ ਪਸਾਰੇ ਪਰ ਉਹ ਆਪਣੀ ਮਿਸਲ ਦੇ ਕਾਰਜ ਭਾਰ ਲਈ ਪਰਤ ਆਇਆ ਕਿਉਂਕਿ ਮਹਾਂ ਸਿੰਘ ਸ਼ਕਰਚਕੀਆ , ਜੈ ਸਿੰਘ ਘਨਈਆ ਨੇ ਉਸ ਨਾਲ ਜੰਗ ਛੇੜ ਲਈ। ਜਿਸ ਵਿਚ ਜੈ ਸਿੰਘ ਘਨਈਆ ਨੇ ਆਪਣਾ ਪੁੱਤਰ ਗੁਰਬਖਸ਼ ਸਿੰਘ ਗਵਾ ਲਿਆ।

11 ਮਾਰਚ, 1783 ਨੂੰ ਜੱਸਾ ਸਿੰਘ ਆਹਲੂਵਾਲੀਆ,ਬਾਬਾ ਬਘੇਲ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲਾਂ ਨੂੰ ਹਰਾ ਕੇ ਦਿੱਲੀ ਫਤਹਿ ਕਰਕੇ ਲਾਲ ਕਿਲੇ ’ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਪਰ ਅਮਨ ਸੰਧੀ ਅਤੇ ਦਿੱਲੀ ਵਿੱਚ ਗੁਰਦੁਆਰਿਆਂ ਦੀ ਉਸਾਰੀ ਕਰਵਾ ਕੇ ਦਿੱਲੀ ਛੱਡ ਦਿੱਤੀ।

ਅਫਗਾਨੀ ਹਮਲਾਵਰ ਜਮਾਨ ਸ਼ਾਹ ਦੁਰਾਨੀ ਜਦ 1788 ਵਿਚ ਆਇਆ ਤਾਂ ਰਾਮਗੜ੍ਹੀਆ ਅਤੇ ਭੰਗੀ ਮਿਸਲਾਂ ਨੇ ਰਣਜੀਤ ਸਿੰਘ ਦੀ ਮਦਦ ਨਾ ਕੀਤੀ। ਅਫਗਾਨਾਂ ਨੇ ਲਾਹੌਰ ’ਤੇ ਕਬਜ਼ਾ ਕਰਕੇ ਬੜੀ ਲੁੱਟ ਮਚਾਈ। ਰਣਜੀਤ ਸਿੰਘ ਨੇ 1799 ਵਿੱਚ ਲਾਹੌਰ ’ਤੇ ਕਬਜ਼ਾ ਕੀਤਾ। ਸਰਦਾਰ ਰਣਜੀਤ ਸਿੰਘ ਸ਼ਕਰਚੱਕੀਆ ਨੇ ਸਭ ਮਿਸਲਾਂ ਨੂੰ ਮਿਲਾ ਕੇ ਸਿੱਖ ਰਾਜ ਦੀ ਨੀਂਹ ਰਖੀ। ਸਿੱਖ ਸੰਘ ਦਾ ਅੰਤ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਅਫਗਾਨੀ ਹਮਲਾਵਰਾਂ ਦੇ ਧਾੜਵੀ ਹਮਲੇ ਰੋਕ ਦਿਤੇ। ਹਮਲਾਵਰ ਪੰਜਾਬ ਵਿੱਚ ਲੰਘ ਕੇ ਸਾਰੇ ਭਾਰਤ ਨੂੰ ਲੁੱਟਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਅਪ੍ਰੈਲ 12 1801 ਨੂੰ ਤਖਤ ’ਤੇ ਬੈਠ ਕਿ ਲਾਹੌਰ ਨੂੰ ਰਾਜਧਾਨੀ ਬਣਾਇਆ।

# ਦੁਨੀਆਂ ’ਚ ਪਰਮਾਣੂ ਹਥਿਆਰਾਂ ਦੀ ਦੌੜ ਲੱਗੀ

➢ ਬਹੁਤ ਵਿਨਾਸ਼ਕਾਰੀ ਹੋ ਸਕਦੇ ਹਨ ਪਰਮਾਣੂ ਹਥਿਆਰ
➢ ਦੁਨੀਆਂ ਦੇ ਕੁੱਲ 9 ਦੇਸ਼ਾਂ ਕੋਲ ਹਨ ਪਰਮਾਣੂ ਹਥਿਆਰ



ਅੱਜ ਦੇ ਸਮੇਂ ਵਿੱਚ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਪਰਮਾਣੂ ਹਥਿਆਰਾਂ ਦੀ ਦੌੜ ਲੱਗੀ ਹੋਈ ਹੈ। ਪਰਮਾਣੂ ਹਥਿਆਰਾਂ ਵਾਲੇ ਦੇਸ਼ ਦੁਨੀਆਂ ’ਤੇ ਆਪਣੀ ਚੌਧਰ ਸਥਾਪਿਤ ਕਰਨਾ ਚਾਹੁੰਦੇ ਹਨ। ਪਰਮਾਣੂ ਹਥਿਆਰਾਂ ਵਾਲੇ ਦੇਸ਼ ਆਪਣੇ ਆਪ ਨੂੰ ਵਿਸ਼ਵ ਦੀਆਂ ਮਹਾਂਸ਼ਕਤੀਆਂ ਸਮਝਣ ਲੱਗ ਪਏ ਹਨ ਅਤੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਚਾਹ ਵਿੱਚ ਦੁਨੀਆ ਅੱਗੇ ਪਰਮਾਣੂ ਜੰਗ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

**ਪ੍ਰਮਾਣੂ ਹਥਿਆਰਾਂ ਵਾਲੇ ਦੇਸ਼**

ਦੁਨੀਆ ਦੇ 9 ਦੇਸ਼ਾਂ ਕੋਲ ਪ੍ਰਮਾਣੂ ਹਥਿਆਰ ਹਨ ਜਾਂ ਮੰਨੇ ਜਾਂਦੇ ਹਨ। ਰੂਸ, ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਫਰਾਂਸ, ਚੀਨ, ਭਾਰਤ, ਪਾਕਿਸਤਾਨ ਅਤੇ ਇਜ਼ਰਾਇਲ ਅਤੇ ਉੱਤਰੀ ਕੋਰੀਆ। ਉਤਰੀ ਕੋਰੀਆ ਕੋਲ ਲਗਭਗ 13,000 ਪ੍ਰਮਾਣੂ ਹਥਿਆਰ ਹਨ ਜਦੋਂਕਿ ਇਜ਼ਰਾਇਲ ਬਾਰੇ ਅਧਿਕਾਰਤ ਤੌਰ ’ਤੇ ਪ੍ਰਮਾਣੂ ਹਥਿਆਰਾਂ ਦੇ ਕਬਜ਼ੇ ਦੀ ਪੁਸ਼ਟੀ ਜਾਂ ਇਨਕਾਰ ਨਹੀਂ ਕੀਤਾ ਗਿਆ ਹੈ। ਇਹਨਾਂ ਪ੍ਰਮਾਣੂ ਹਥਿਆਰਾਂ ਵਿੱਚੋਂ, 9,400 ਸਰਗਰਮ ਫੌਜੀ ਭੰਡਾਰਾਂ ਵਿੱਚ ਹਨ, ਜੋ ਕਿ ਠੰਡੀ ਜੰਗ ਦੌਰਾਨ ਲਗਭਗ 70,000 ਵਾਰਹੈਂਡਾਂ ਤੋਂ ਕਾਫ਼ੀ ਘੱਟ ਗਿਆ ਹੈ। ਰੂਸ ਕੋਲ ਸਭ ਤੋਂ ਵੱਧ 5,997 ਪ੍ਰਮਾਣੂ ਹਥਿਆਰ ਹਨ, ਇਸ ਤੋਂ ਬਾਅਦ ਅਮਰੀਕਾ ਕੋਲ 5,428 ਪ੍ਰਮਾਣੂ ਹਥਿਆਰ ਹਨ।

**ਇੱਕ ਦੇਸ਼ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਿਵੇਂ ਕਰਦਾ ਹੈ ?**

ਪ੍ਰਮਾਣੂ ਹਥਿਆਰਾਂ ਨੂੰ ਆਖਰੀ ਸਹਾਰਾ ਮੰਨਿਆ ਜਾਂਦਾ ਹੈ ਅਤੇ ਆਦਰਸ਼ਕ ਤੌਰ ’ਤੇ, ਜੇਕਰ ਕੋਈ ਦੇਸ਼ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦਾ ਫੈਸਲਾ ਕਰਦਾ ਹੈ, ਤਾਂ ਇਹ ਸੰਭਾਵਤ ਤੌਰ ’ਤੇ ਆਪਣੀ ਰਾਸ਼ਟਰੀ ਸੁਰੱਖਿਆ ਲਈ ਹੋਂਦ ਦੇ ਖਤਰੇ ਦੇ ਜਵਾਬ ਵਿੱਚ ਹੋਵੇਗਾ। ਬਹੁਤ ਸਾਰੇ ਦੇਸ਼ਾਂ ਨੇ ਪਰਮਾਣੂ ਹਥਿਆਰਾਂ ਦੀ ‘ਪਹਿਲਾਂ ਵਰਤੋਂ ਨਾ ਕਰੋ’ ਦੀ ਨੀਤੀ ਅਪਣਾਈ ਹੈ, ਜਿਸਦਾ ਮਤਲਬ ਹੈ ਕਿ ਉਹ ਸਿਰਫ ਪ੍ਰਮਾਣੂ ਹਮਲੇ ਦੇ ਜਵਾਬ ਵਿੱਚ ਉਹਨਾਂ ਦੀ ਵਰਤੋਂ ਕਰਨਗੇ।ਜੇਕਰ ਕੋਈ ਦੇਸ਼ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਦਾ ਹੈ, ਤਾਂ ਇਸ ਵਿੱਚ ਵਿਆਪਕ ਫੌਜੀ ਯੋਜਨਾਬੰਦੀ ਅਤੇ ਤਾਲਮੇਲ ਸ਼ਾਮਲ ਹੋਵੇਗਾ।

**ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਵਾਲੇ ਦੇਸ਼ ਦੀ ਪ੍ਰਕਿਰਿਆ ?**

ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦਾ ਫੈਸਲਾ ਗੁੰਝਲਦਾਰ ਹੈ ਅਤੇ ਇਸ ਵਿੱਚ ਰਾਜਨੀਤਿਕ, ਫੌਜੀ, ਕਾਨੂੰਨੀ ਅਤੇ ਨੈਤਿਕ ਵਿਚਾਰਾਂ ਸਮੇਤ ਕਾਰਕ ਸ਼ਾਮਲ ਹਨ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਵਿਸ਼ੇਸ਼ ਪ੍ਰਕਿਰਿਆ ਵੱਖ-ਵੱਖ ਹੋ ਸਕਦੀ ਹੈ ਪਰ ਇਹ ਕੁਝ ਆਮ ਕਦਮ ਹਨ ਜੋ ਸ਼ਾਮਲ ਹੋ ਸਕਦੇ ਹਨ:

**ਪ੍ਰਮਾਣਿਕਤਾ:** ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੇ ਫੈਸਲੇ ਲਈ ਆਮ ਤੌਰ ’ਤੇ ਦੇਸ਼ ਦੇ ਪ੍ਰਮੁੱਖ ਰਾਜਨੀਤਿਕ ਅਤੇ ਫੌਜੀ ਨੇਤਾਵਾਂ, ਜਿਵੇਂ ਕਿ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਜਾਂ ਰੱਖਿਆ ਮੰਤਰੀ ਤੋਂ ਅਧਿਕਾਰ ਦੀ ਲੋੜ ਹੁੰਦੀ ਹੈ। ਦੇਸ਼ ’ਤੇ ਨਿਰਭਰ ਕਰਦੇ ਹੋਏ, ਇਹ ਅਧਿਕਾਰ ਹੋਰ ਸੰਸਥਾਵਾਂ, ਜਿਵੇਂ ਕਿ ਸੰਸਦ ਜਾਂ ਰਾਸ਼ਟਰੀ ਸੁਰੱਖਿਆ ਕੌਂਸਲ ਦੁਆਰਾ ਮਨਜ਼ੂਰੀ ਦੇ ਅਧੀਨ ਹੋ ਸਕਦਾ ਹੈ।

**ਟੀਚੇ ਦੀ ਚੋਣ:** ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦਾ ਫੈਸਲਾ ਹੋਣ ਤੋਂ ਬਾਅਦ, ਦੇਸ਼ ਦੀ ਫੌਜ ਨੂੰ ਹਥਿਆਰਾਂ ਲਈ ਟੀਚਿਆਂ ਦੀ ਚੋਣ ਕਰਨ ਦੀ ਲੋੜ ਹੋਵੇਗੀ। ਇਸ ਵਿੱਚ ਵੱਖ-ਵੱਖ ਕਾਰਕਾਂ ਦਾ ਵਿਸ਼ਲੇਸ਼ਣ ਕਰਨਾ ਸ਼ਾਮਲ ਹੋਵੇਗਾ, ਜਿਵੇਂ ਕਿ ਟੀਚਿਆਂ ਦੀ ਫੌਜੀ ਅਤੇ ਰਣਨੀਤਕ ਮਹੱਤਤਾ, ਸੰਭਾਵੀ ਜਮਾਂਦਰੂ ਨੁਕਸਾਨ ਅਤੇ ਸਫਲਤਾ ਦੀ ਸੰਭਾਵਨਾ।

ਲਾਂਚ ਦੀ ਤਿਆਰੀ: ਦੇਸ਼ ਦੀ ਫੌਜ ਫਿਰ ਪਰਮਾਣੂ ਹਥਿਆਰਾਂ ਨੂੰ ਲਾਂਚ ਕਰਨ ਲਈ ਤਿਆਰ ਕਰੇਗੀ, ਜਿਸ ਵਿੱਚ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਮਿਜ਼ਾਈਲਾਂ ਜਾਂ ਬੰਬਰਾਂ ਨੂੰ ਹਥਿਆਰਬੰਦ ਕਰਨਾ ਅਤੇ ਬਾਲਣ ਦੇਣਾ ਸ਼ਾਮਲ ਹੈ। ਪਰਮਾਣੂ ਹਥਿਆਰਾਂ ਦੀ ਗੁੰਝਲਤਾ ਅਤੇ ਵਿਨਾਸ਼ਕਾਰੀ ਸ਼ਕਤੀ ਦੇ ਮੱਦੇਨਜ਼ਰ, ਇਸ ਪ੍ਰਕਿਰਿਆ ਵਿੱਚ ਸੰਭਾਵਤ ਤੌਰ ’ਤੇ ਬਹੁਤ ਸਾਰੀਆਂ ਤਕਨੀਕੀ ਅਤੇ ਲੌਜਿਸਟਿਕ ਚੁਣੌਤੀਆਂ ਸ਼ਾਮਲ ਹੋਣਗੀਆਂ।

**ਲਾਂਚ ਅਧਿਕਾਰ:** ਪ੍ਰਮਾਣੂ ਹਥਿਆਰ ਲਾਂਚ ਕਰਨ ਤੋਂ ਪਹਿਲਾਂ, ਫੌਜ ਨੂੰ ਦੇਸ਼ ਦੇ ਰਾਜਨੀਤਿਕ ਨੇਤਾਵਾਂ ਤੋਂ ਅਧਿਕਾਰ ਪ੍ਰਾਪਤ ਕਰਨ ਦੀ ਜ਼ਰੂਰਤ ਹੋਏਗੀ। ਇਸ ਵਿੱਚ ਆਮ ਤੌਰ ’ਤੇ ਫੌਜੀ ਅਤੇ ਸਿਆਸੀ ਲੀਡਰਸ਼ਿਪ ਵਿਚਕਾਰ ਇੱਕ ਸੁਰੱਖਿਅਤ ਸੰਚਾਰ ਚੈਨਲ ਸ਼ਾਮਲ ਹੋਵੇਗਾ।

**ਲਾਂਚ ਅਤੇ ਵਿਸਫੋਟ:** ਇੱਕ ਵਾਰ ਲਾਂਚ ਅਧਿਕਾਰ ਦਿੱਤੇ ਜਾਣ ਤੋਂ ਬਾਅਦ, ਫੌਜ ਆਪਣੇ ਟੀਚਿਆਂ ਵੱਲ ਪ੍ਰਮਾਣੂ ਹਥਿਆਰਾਂ ਨੂੰ ਲਾਂਚ ਕਰੇਗੀ। ਹਥਿਆਰ ਫਿਰ ਪ੍ਰਭਾਵ ’ਤੇ ਵਿਸਫੋਟ ਕਰਨਗੇ, ਜਿਸ ਨਾਲ ਭਾਰੀ ਤਬਾਹੀ ਅਤੇ ਜਾਨੀ ਨੁਕਸਾਨ ਹੋਵੇਗਾ।

**ਰੂਸ ਵਰਗਾ ਦੇਸ਼ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਿਵੇਂ ਕਰਦਾ ਹੈ ?**

ਰੂਸ ਦੇ ਪਰਮਾਣੂ ਸਿਧਾਂਤ ਵਿੱਚ ਕਿਹਾ ਗਿਆ ਹੈ ਕਿ ਉਹ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਸਿਰਫ ਪ੍ਰਮਾਣੂ ਹਮਲੇ ਜਾਂ ਇੱਕ ਰਵਾਇਤੀ ਹਮਲੇ ਦੇ ਜਵਾਬ ਵਿੱਚ ਕਰੇਗਾ ਜੋ ਦੇਸ਼ ਦੀ ਹੋਂਦ ਨੂੰ ਖ਼ਤਰਾ ਹੈ।

**ਰੂਸ ਦੀਆਂ ਪਰਮਾਣੂ ਬਲਾਂ ਨੂੰ ਤਿੰਨ ਸ਼ਾਖਾਵਾਂ ਵਿੱਚ ਸੰਗਠਿਤ ਕੀਤਾ ਗਿਆ ਹੈ:** ਰਣਨੀਤਕ, ਸੰਚਾਲਨ-ਰਣਨੀਤਕ ਅਤੇ ਹਵਾਈ ਰੱਖਿਆ। ਰਣਨੀਤਕ ਪ੍ਰਮਾਣੂ ਬਲ ਸਭ ਤੋਂ ਸ਼ਕਤੀਸ਼ਾਲੀ ਹਨ ਅਤੇ ਰੂਸ ਦੇ ਵਿਰੁੱਧ ਪ੍ਰਮਾਣੂ ਹਮਲਿਆਂ ਨੂੰ ਰੋਕਣ ਲਈ ਤਿਆਰ ਕੀਤੇ ਗਏ ਹਨ। ਸੰਚਾਲਨ-ਰਣਨੀਤਕ ਬਲਾਂ ਨੂੰ ਰਵਾਇਤੀ ਫੌਜੀ ਖਤਰਿਆਂ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ ਗਿਆ ਹੈ ਅਤੇ ਇੱਕ ਸੀਮਤ ਅਤੇ ਸਥਾਨਕ ਸੰਘਰਸ਼ ਵਿੱਚ ਵਰਤਿਆ ਜਾਵੇਗਾ। ਹਵਾਈ ਰੱਖਿਆ ਬਲ ਰੂਸੀ ਹਵਾਈ ਖੇਤਰ ਨੂੰ ਦੁਸ਼ਮਣ ਦੇ ਜਹਾਜ਼ਾਂ ਤੋਂ ਬਚਾਉਣ ਲਈ ਜ਼ਿੰਮੇਵਾਰ ਹਨ।

ਰੂਸ ਦੇ ਪ੍ਰਮਾਣੂ ਹਥਿਆਰਾਂ ਦਾ ਇੱਕ ਮਹੱਤਵਪੂਰਨ ਹਿੱਸਾ ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ , ਪਣਡੁੱਬੀ-ਲਾਂਚਡ ਬੈਲਿਸਟਿਕ ਮਿਜ਼ਾਈਲਾਂ , ਅਤੇ ਰਣਨੀਤਕ ਬੰਬਾਰਾਂ ’ਤੇ ਤਾਇਨਾਤ ਹੈ। ਰੂਸ ਦੇ ਪਰਮਾਣੂ ਬਲ ਰੂਸ ਦੇ ਰਾਸ਼ਟਰਪਤੀ ਦੀ ਕਮਾਂਡ ਹੇਠ ਹਨ, ਜਿਸ ਕੋਲ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਅਧਿਕਾਰਤ ਕਰਨ ਦਾ ਅਧਿਕਾਰ ਹੈ।

**ਪ੍ਰਮਾਣੂ ਯੁੱਧ ਨੂੰ ਰੋਕਣ ਲਈ ਸੰਧੀਆਂ**

ਪ੍ਰਮਾਣੂ-ਹਥਿਆਰਬੰਦ ਰਾਸ਼ਟਰ ਵਿਚਕਾਰ ਕਈ ਸੰਧੀਆਂ ’ਤੇ ਹਸਤਾਖਰ ਕੀਤੇ ਗਏ ਹਨ ਅਤੇ ਪ੍ਰਮਾਣੂ ਯੁੱਧ ਦੇ ਜੋਖਮ ਨੂੰ ਘਟਾਉਣ ਦੇ ਉਦੇਸ਼ ਨਾਲ ਨਿਯਮ ਹਨ। ਪਰ ਪ੍ਰਮਾਣੂ ਹਮਲੇ ਦੇ ਖਤਰੇ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹਨਾਂ ਵਿੱਚੋਂ ਜ਼ਿਆਦਾਤਰ ਦੇਸ਼ ਬਹੁਤ ਸ਼ਕਤੀਸ਼ਾਲੀ ਹਨ ਅਤੇ ਉਹਨਾਂ ਨੇ ਆਪਣੇ ਪਰਮਾਣੂ ਹਥਿਆਰਾਂ ਨੂੰ ਆਪਣੇ ਵਿਰੋਧੀਆਂ ਦੇ ਵਿਰੁੱਧ ਇੱਕ ਰੋਕਥਾਮ ਵਜੋਂ ਬਣਾਈ ਰੱਖਿਆ ਹੈ।

**ਪ੍ਰਮਾਣੂ ਯੁੱਧ ਦੇ ਜੋਖਮ ਨੂੰ ਘਟਾਉਣ ਲਈ ਹਸਤਾਖਰ ਕੀਤੇ ਗਏ ਕੁਝ ਸਭ ਤੋਂ ਮਹੱਤਵਪੂਰਨ ਸੰਧੀਆਂ ਹਨ:** ਗੈਰ-ਪ੍ਰਸਾਰ ਸੰਧੀ : 1968 ਵਿੱਚ ਹਸਤਾਖਰ ਕੀਤੀ ਗਈ ਇਸ ਸੰਧੀ ਦਾ ਉਦੇਸ਼ ਪ੍ਰਮਾਣੂ ਹਥਿਆਰਾਂ ਅਤੇ ਤਕਨਾਲੋਜੀ ਨੂੰ ਉਹਨਾਂ ਦੇਸ਼ਾਂ ਵਿੱਚ ਫੈਲਣ ਤੋਂ ਰੋਕਣਾ ਹੈ ਜਿਨ੍ਹਾਂ ਕੋਲ ਇਹ ਨਹੀਂ ਹਨ। ਇਸ ਸੰਧੀ ਦੇ 190 ਮੈਂਬਰ ਦੇਸ਼ ਹਨ ਅਤੇ ਇਸ ਨੇ ਪ੍ਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਦੀ ਗਿਣਤੀ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ।

**ਵਿਆਪਕ ਨਿਊਕਲੀਅਰ-ਟੈਸਟ-ਬੈਨ ਸੰਧੀ** : ਇਹ ਸੰਧੀ ਸਾਰੇ ਵਾਤਾਵਰਣਾਂ ਵਿੱਚ ਪਰਮਾਣੂ ਧਮਾਕਿਆਂ ਦੀ ਮਨਾਹੀ ਕਰਦੀ ਹੈ, ਭਾਵੇਂ ਭੂਮੀਗਤ, ਪਾਣੀ ਦੇ ਹੇਠਾਂ, ਜਾਂ ਵਾਯੂਮੰਡਲ ਵਿੱਚ ਹੋਵੇ। ਸੰਧੀ ’ਤੇ 184 ਦੇਸ਼ਾਂ ਦੁਆਰਾ ਦਸਤਖਤ ਕੀਤੇ ਗਏ ਹਨ, ਪਰ ਇਹ ਅਜੇ ਤੱਕ ਲਾਗੂ ਨਹੀਂ ਹੋਇਆ ਹੈ ਕਿਉਂਕਿ ਇਸ ਨੂੰ ਸਾਰੇ ਲੋੜੀਂਦੇ ਦੇਸ਼ਾਂ ਦੁਆਰਾ ਪ੍ਰਮਾਣਿਤ ਨਹੀਂ ਕੀਤਾ ਗਿਆ ਹੈ।

**ਰਣਨੀਤਕ ਹਥਿਆਰਾਂ ਦੀ ਕਮੀ ਸੰਧੀ** : ਇਹ ਸੰਧੀ, ਸੰਯੁਕਤ ਰਾਜ ਅਮਰੀਕਾ ਅਤੇ ਰੂਸ ਦੁਆਰਾ 1991 ਵਿੱਚ ਹਸਤਾਖਰਿਤ ਕੀਤੀ ਗਈ ਸੀ ਅਤੇ ਬਾਅਦ ਵਿੱਚ ਅਪਡੇਟ ਕੀਤੀ ਗਈ ਸੀ, ਜਿਸਦਾ ਉਦੇਸ਼ ਤੈਨਾਤ ਪ੍ਰਮਾਣੂ ਹਥਿਆਰਾਂ ਅਤੇ ਡਿਲੀਵਰੀ ਵਾਹਨਾਂ ਦੀ ਗਿਣਤੀ ਨੂੰ ਘਟਾਉਣਾ ਹੈ। ਸੰਧੀ ਨੇ ਇਨ੍ਹਾਂ ਦੋਵਾਂ ਦੇਸ਼ਾਂ ਦੇ ਕੋਲ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਨੂੰ ਘਟਾ ਕੇ ਪ੍ਰਮਾਣੂ ਯੁੱਧ ਦੇ ਖਤਰੇ ਨੂੰ ਘੱਟ ਕਰਨ ਵਿੱਚ ਮਦਦ ਕੀਤੀ ਹੈ।

**ਪਹਿਲਾਂ ਵਰਤੋਂ ਨਹੀਂ ਨੀਤੀ:** ਚੀਨ ਅਤੇ ਭਾਰਤ ਸਮੇਤ ਕੁਝ ਦੇਸ਼ਾਂ ਨੇ ਪ੍ਰਮਾਣੂ ਹਥਿਆਰਾਂ ਦੀ ‘ਪਹਿਲਾਂ ਵਰਤੋਂ ਨਹੀਂ’ ਦੀ ਨੀਤੀ ਅਪਣਾਈ ਹੈ, ਜਿਸਦਾ ਮਤਲਬ ਹੈ ਕਿ ਉਹ ਪ੍ਰਮਾਣੂ ਹਮਲੇ ਦੇ ਜਵਾਬ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨਗੇ। ਇਹ ਨੀਤੀ ਪ੍ਰਮਾਣੂ ਆਦਾਨ-ਪ੍ਰਦਾਨ ਦੀ ਸੰਭਾਵਨਾ ਨੂੰ ਘਟਾਉਣ ਅਤੇ ਨਿਸ਼ਸਤਰੀਕਰਨ ਨੂੰ (ਬਾਕੀ ਸਫ਼ਾ 30 ’ਤੇ)



# ਸਰਬੱਤ ਖ਼ਾਲਸਾ : ਪਿਛੋਕੜ ਤੋਂ ਵਰਤਮਾਨ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਸਰਬੱਤ ਖ਼ਾਲਸਾ ਸਿੱਖਾਂ ਦੀ ਅਜਿਹੀ ਸੰਸਥਾ ਹੈ ਜਿਹੜੀ ਕਿ ਸਮੇਂ ਦੀਆਂ ਸਮੱਸਿਆਵਾਂ ਦੇ ਸਨਮੁਖ ਸਾਂਝੀ ਸੁਰ ਅਤੇ ਸੋਚ ਨੂੰ ਸਥਾਪਿਤ ਕਰਨ ਦੀ ਭਾਵਨਾ ’ਤੇ ਅਧਾਰਿਤ ਹੈ। ਸਮੁੱਚੇ ਖ਼ਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਇਕੱਤਰ ਕਰਨਾ ਅਤੇ ਸਾਂਝੀਆਂ ਕੌਮੀ ਸਮੱਸਿਆਵਾਂ ਦੇ ਸਨਮੁਖ ਸਮੂਹ ਭੇਦ-ਭਾਵ ਮਿਟਾ ਕੇ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਇਕ ਸਾਂਝੇ ਫ਼ੈਸਲੇ ’ਤੇ ਪਹੁੰਚਣਾ ਇਸ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਸੱਚਾਈ, ਸਵੈਮਾਨ ਅਤੇ ਸਰਬੱਤ ਦੀ ਭਲਾਈ ’ਤੇ ਕੇਂਦਰਿਤ ਹੈ ਜਿਸ ਵਿਚੋਂ ਸੁਤੰਤਰ ਸੋਚ ਅਤੇ ਸਾਂਝੇ ਯਤਨਾਂ ਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇਸ ਵਿਚਾਰਧਾਰਾ ਦਾ ਪ੍ਰਤੱਖ ਰੂਪ ਵਿੱਚ ਦਰਸ਼ਨ ਕਰਾਉਂਦਾ ਹੈ। ਇਸ ਦ੍ਰਿਸ਼ਟੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੇਵਲ ਇੱਟਾਂ ਦੀ ਇਮਾਰਤ ਹੀ ਨਹੀਂ ਸਮਝਿਆ ਜਾਂਦਾ ਬਲਕਿ ਇਸ ਨੂੰ ਸਿਧਾਂਤ ਅਤੇ ਅਮਲ ਦੇ ਸਾਂਝੇ ਰੂਪ ਦੀ ਭਾਵਨਾ ਅਤੇ ਪ੍ਰਗਟਾਵੇ ਵਜੋਂ ਦੇਖਿਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ‘ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ’ ਦੀ ਵਿਚਾਰਧਾਰਾ ਸਪਸ਼ਟ ਰੂਪ ਵਿੱਚ ਇਹ ਵਿਖਿਆਨ ਕਰਦੀ ਹੈ ਕਿ ਸੰਗਤ ਵਿੱਚ ਪਰਮਾਤਮਾ ਦੀ ਹੋਂਦ ਸਦੀਵੀ ਤੌਰ ’ਤੇ ਮੌਜੂਦ ਹੈ। ਇਸ ਦ੍ਰਿਸ਼ਟੀ ਤੋਂ ਸੰਗਤ ਨੂੰ ਸਰਬੋਤਮ ਮੰਨਿਆ ਗਿਆ ਹੈ ਅਤੇ ਇਸ ਰਾਹੀਂ ਕੀਤੇ ਗਏ ਸਮੂਹ ਫ਼ੈਸਲੇ ਸਹੀ ਦਿਸ਼ਾ ਅਤੇ ਦ੍ਰਿਸ਼ਟੀ ਪ੍ਰਦਾਨ ਕਰਨ ਵਾਲੇ ਮੰਨੇ ਜਾਂਦੇ ਹਨ। ਪਹਿਲੇ ਨੌਂ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀ ਗਈ ਸੰਗਤ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਕਰਕੇ ਪੰਜ ਪਿਆਰਿਆਂ ਦੇ ਰੂਪ ਵਿੱਚ ਇਕ ਅਜਿਹੇ ਲੋਕਤੰਤਰੀ ਪ੍ਰਬੰਧ ਦੀ ਸਥਾਪਨਾ ਕਰ ਦਿੱਤੀ ਸੀ ਜਿਸ ਤੋਂ ਸਿੱਖ ਨਿਰੰਤਰ ਅਗਵਾਈ ਪ੍ਰਾਪਤ ਕਰਦੇ ਆ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ-ਗ੍ਰੰਥ ਅਤੇ ਗੁਰੂ-ਪੰਥ ਨੂੰ ਸਾਂਝੇ ਰੂਪ ਵਿੱਚ ਗੁਰਿਆਈ ਪ੍ਰਦਾਨ ਕਰਨ ਨਾਲ ਮੀਰੀ-ਪੀਰੀ ਦਾ ਸਿਧਾਂਤ ਸਦੀਵ ਕਾਲ ਲਈ ਕਾਰਜਸ਼ੀਲ ਹੋ ਗਿਆ ਹੈ ਅਤੇ ਜਦੋਂ ਵੀ ਸਿੱਖਾਂ ਨੂੰ ਕਿਸੇ ਕੌਮੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਮੀਰੀ-ਪੀਰੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਇਕੱਤਰ ਹੋ ਜਾਂਦੇ ਹਨ।

ਅਠਾਰ੍ਹਵੀਂ ਸਦੀ ਵਿੱਚ ਅਫ਼ਗ਼ਾਨਾਂ ਦੇ ਹਮਲਿਆਂ ਦੌਰਾਨ ਜਦੋਂ ਸਿੱਖਾਂ ਨੂੰ ਸੰਕਟ ਦਾ ਸਾਹਮਣਾ ਕਰਨਾ ਪਿਆ ਅਤੇ ਉਹ ਆਪਣੀ ਰਣਨੀਤੀ ਅਨੁਸਾਰ ਸਮੇਂ ਦੀਆਂ ਸਮੱਸਿਆਵਾਂ ਦਾ ਟਾਕਰਾ ਕਰਨ ਲਈ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿੱਚ ਚਲੇ ਗਏ ਸਨ। ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ’ਤੇ ਛੱਡ ਕੇ ਤੰਦਰੁਸਤ ਨੌਜਵਾਨ ਖ਼ਾਲਸਾਈ ਮੁਹਿੰਮਾਂ ਦਾ ਹਿੱਸਾ ਬਣਨ ਲੱਗੇ ਸਨ ਤਾਂ ਕਿ ਘੱਟ ਗਿਣਤੀ ਵਿੱਚ ਹੁੰਦੇ ਹੋਏ ਵੀ ਵੱਡੀ ਗਿਣਤੀ ਵਿੱਚ ਆਏ ਹਮਲਾਵਰਾਂ ਦਾ ਮੁਕਾਬਲਾ ਕਰ ਸਕਣ। ਗੁਰੂ ਸਾਹਿਬਾਨ ਦੇ ਸਮੇਂ ਸਿੱਖ ਸੰਗਤ ਆਮ ਤੌਰ ’ਤੇ ਦੀਵਾਲੀ ਜਾਂ ਵਿਸਾਖ਼ੀ ਨੂੰ ਗੁਰੂ-ਘਰ ਆਇਆ ਕਰਦੀ ਸੀ ਅਤੇ ਜਦੋਂ ਸਿੱਖ ਦੂਰ-ਦੁਰਾਡੇ ਇਲਾਕਿਆਂ ਵਿੱਚ ਪਲਾਇਨ ਕਰ ਗਏ ਸਨ ਤਾਂ ਵੀ ਇਹਨਾਂ ਦੋਵੇਂ ਵਿਸ਼ੇਸ਼ ਦਿਨਾਂ ’ਤੇ ਸੰਗਤ ਗੁਰ ਅਸਥਾਨਾਂ ਦੇ ਦਰਸ਼ਨ ਕਰਨ ਲਈ ਯਤਨਸ਼ੀਲ ਰਹਿੰਦੀ ਸੀ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਸੀ ਅਤੇ ਛੋਟੇ-ਛੋਟੇ ਸਮੂਹਾਂ ਵਿੱਚ ਘੁੰਮਦੇ ਸਿੱਖ ਜਥੇ ਅਕਸਰ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆ ਜਾਇਆ ਕਰਦੇ ਸਨ। ਦੀਵਾਲੀ ਅਤੇ ਵਿਸਾਖੀ ਮੌਕੇ ਸਿੱਖਾਂ ਦੇ ਭਾਰੀ ਇਕੱਠ ਇਸ ਅਸਥਾਨ ’ਤੇ ਹੋਣ ਲੱਗੇ ਸਨ ਜਿਸ ਵਿਚ ਕੌਮੀ ਸਿੱਖ ਸਮੱਸਿਆਵਾਂ ’ਤੇ ਵਿਚਾਰ ਕਰਕੇ ਉਸਦਾ ਕੇਂਦਰੀ ਰੂਪ ਵਿੱਚ ਮੁਕਾਬਲਾ ਕਰਨ ਦੀ ਰਣਨੀਤੀ ਤਿਆਰ ਕੀਤੀ ਜਾਂਦੀ ਸੀ।

ਇਤਿਹਾਸ ਵਿੱਚ ਸਭ ਤੋਂ ਪਹਿਲਾ ਸਰਬੱਤ ਖ਼ਾਲਸਾ ਕਦੋਂ ਹੋਇਆ ਸੀ ? ਇਸ ਸੰਬੰਧੀ ਸਿੱਖ ਸਰੋਤਾਂ ਵਿਚੋਂ ਜਿਹੜੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਹ ਦੱਸਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜਦੋਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵਿਵਾਦ ਖੜਾ ਹੋ ਗਿਆ ਸੀ ਤਾਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ ਸੀ। 1723 ਦੀ ਦੀਵਾਲੀ ਨੂੰ ਦੋਵੇਂ ਧਿਰਾਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹਾਜ਼ਰ ਸਨ ਪਰ ਭਾਈ ਸਾਹਿਬ ਨੇ ਉਹਨਾਂ ਵਿਚਕਾਰ ਪੈਦਾ ਹੋਏ ਵਿਵਾਦ ਨੂੰ ਬਹੁਤ ਸੂਝਬੂਝ ਨਾਲ ਸੁਲਝਾ ਕੇ ਪੰਥ ਨੂੰ ਇਕੱਠਾ ਕਰ ਲਿਆ ਸੀ। ਭਾਵੇਂ ਕਿ ਇਹ ਸਿੱਖਾਂ ਦਾ ਅੰਦਰੂਨੀ ਮਸਲਾ ਸੀ ਪਰ ਇਸ ਨੇ ਇਕ ਅਜਿਹੀ ਦਿਸ਼ਾ ਪ੍ਰਦਾਨ ਕੀਤੀ ਸੀ ਜਿਹੜੀ ਕਿ ਭਵਿੱਖ ਵਿੱਚ ਮਸਲਿਆਂ ਨੂੰ ਨਜਿੱਠਣ ਦੇ ਕੇਂਦਰ ਵੱਜੋ ਸਾਹਮਣੇ ਆਈ ਸੀ। ਸਿੱਖ ਇਕੱਠੇ ਹੋ ਗਏ ਅਤੇ ਸਰਕਾਰੀ ਦਮਨ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲੱਗੇ ਸਨ। ਸਰਕਾਰ ਨੇ ਉਹਨਾਂ ਨੂੰ ਕਾਬੂ ਕਰਨ ਲਈ ਪੂਰਾ ਯਤਨ ਕੀਤਾ ਸੀ ਅਤੇ ਜਿਹੜਾ ਵੀ ਸਿੱਖਾਂ ਨੂੰ ਪਨਾਹ ਦਿੰਦਾ ਸੀ ਉਹੀ ਸਰਕਾਰ ਜ਼ੁਲਮ ਦਾ ਸ਼ਿਕਾਰ ਹੋ ਜਾਂਦਾ ਸੀ। ਜ਼ਕਰੀਆ ਖ਼ਾਂ ਦੇ ਸਮੇਂ ‘ਡੱਲ-ਵਾਂ’ ਪਿੰਡ ਦੇ ਭਾਈ ਤਾਰਾ ਸਿੰਘ ਦੀ ਮੁਖ਼ਬਰੀ ਕਰਦੇ ਹੋਏ ਨੌਸ਼ਹਿਰਾ ਪੰਨੂਆਂ ਦੇ ਸਾਹਿਬ ਰਾਏ ਨੇ ਦੱਸਿਆ ਕਿ ਸਰਕਾਰ ਦੇ ਦੁਸ਼ਮਣ ਇਸ ਕੋਲ ਆ ਕੇ ਰਹਿੰਦੇ ਹਨ। ਇਸ ਦੋਸ਼ ਵਿੱਚ ਭਾਈ ਤਾਰਾ ਸਿੰਘ ਦੇ ਪਿੰਡ ’ਤੇ ਹਮਲਾ ਕੀਤਾ ਗਿਆ ਅਤੇ ਉਹ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਇਹ ਘਟਨਾ ਦਸੰਬਰ 1725 ਦੀ ਸੀ ਅਤੇ ਅਗਲੇ ਸਾਲ ਸਰਬੱਤ ਖ਼ਾਲਸਾ ਦੇ ਸਮਾਗਮ ਦੌਰਾਨ ਉਸਦੀ ਸ਼ਹੀਦੀ ਚਰਚਾ ਦਾ ਵਿਸ਼ਾ ਸੀ, ਸਿੱਖਾਂ ਨੇ ਸਰਕਾਰ ਅਤੇ ਮੁਖ਼ਬਰਾਂ ਨੂੰ ਦੰਡ ਦੇਣ ਦਾ ਗੁਰਮਤਾ ਕਰ ਲਿਆ ਸੀ। ਇਸ ਤੋਂ ਬਾਅਦ 1733 ਵਿੱਚ ਕਪੂਰ ਸਿੰਘ ਨੂੰ ‘ਨਵਾਬੀ’ ਦੇਣ ਅਤੇ 1745 ਵਿੱਚ ਸਿੱਖਾਂ ਦੇ ਵਿਭਿੰਨ ਜਥਿਆਂ ਨੂੰ ਲਾਮਬੰਦ ਕਰਨ ਦੇ ਫ਼ੈਸਲੇ ਸਮੂਹਿਕ ਤੌਰ ’ਤੇ ਕੀਤੇ ਗਏ ਸਨ। 29 ਮਾਰਚ 1748 ਦੀ ਵੈਸਾਖੀ ਦੇ ਸਰਬੱਤ ਖ਼ਾਲਸਾ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ ਜਦੋਂ ਸਿੱਖਾਂ ਦੇ ਵਿਭਿੰਨ ਜਥਿਆਂ ਨੂੰ 11 ਮਿਸਲਾਂ ਦੇ ਰੂਪ ਵਿੱਚ ਵੰਡ ਕੇ ਸਮੁੱਚੀ ਸਿੱਖ ਸ਼ਕਤੀ ਨੂੰ ਇੱਕਮੁੱਠ ਕਰਨ ਦਾ ਸਫ਼ਲ ਯਤਨ ਕੀਤਾ ਗਿਆ ਸੀ।

1805 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਸੱਦਿਆ ਗਿਆ ਸੀ ਜਿਸ ਵਿੱਚ ਮਰਾਠਾ ਸਰਦਾਰ ਜਸਵੰਤ ਰਾਉ ਹੋਲਕਰ ਪੰਜਾਬ ਪੁੱਜਾ ਸੀ ਅਤੇ ਲਾਰਡ ਲੇਕ ਅਧੀਨ ਅੰਗਰੇਜ਼ ਫ਼ੌਜ ਵੀ ਉਸ ਦਾ ਪਿੱਛਾ ਕਰਦੀ ਹੋਈ ਪੰਜਾਬ ਪਹੁੰਚ ਗਈ ਸੀ। ਅੰਮ੍ਰਿਤਸਰ ਵਿਖੇ ਹੋਏ ਸਰਬੱਤ ਖ਼ਾਲਸਾ ਵਿੱਚ ਇਸ ਮੁੱਦੇ ਨੂੰ ਬਹੁਤ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਨੂੰ ਜੰਗ ਦਾ ਅਖਾੜਾ ਨਾ ਬਣਨ ਨਾ ਦਿੱਤਾ ਜਾਵੇ। ਮਹਾਰਾਜਾ ਰਣਜੀਤ ਸਿੰਘ ਨੇ ਇਸ ਫ਼ੈਸਲੇ ’ਤੇ ਦ੍ਰਿੜ੍ਹਤਾ ਪੂਰਵਕ ਅਮਲ ਕੀਤਾ ਅਤੇ ਦੋਵਾਂ ਦੀ ਸੰਧੀ ਕਰਵਾ ਕੇ ਤੀਜੀ ਧਿਰ ਵੱਜੋ ਆਪਣੀ ਪਛਾਣ ਕਾਇਮ ਕਰ ਲਈ ਸੀ। ਪੰਜਾਬ ਜੰਗ ਦਾ ਅਖਾੜਾ ਬਣਨ ਤੋਂ ਬਚ ਗਿਆ ਸੀ।

ਸਰਬੱਤ ਖ਼ਾਲਸਾ ਦੀ ਸੰਸਥਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਇੱਕਮੁੱਠ ਅਤੇ ਇੱਕਜੁੱਟ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਦੋਂ ਸਿੱਖ ਪੂਰੀ ਤਰ੍ਹਾਂ ਨਾਲ ਸਥਾਪਿਤ ਹੋ ਗਏ ਸਨ ਤਾਂ ਇਸ ਸੰਸਥਾ ਦੀ ਬਹੁਤੀ ਵਰਤੋਂ ਦੇਖਣ ਨੂੰ ਨਹੀਂ ਮਿਲਦੀ। 1805 ਤੋਂ ਬਾਅਦ 1986 ਵਿੱਚ ਸਰਬੱਤ ਖ਼ਾਲਸਾ ਬੁਲਾਉਣ ਦਾ ਜ਼ਿਕਰ ਮਿਲਦਾ ਹੈ ਜਦੋਂ ਭਾਰਤ ਦੀ ਸਰਕਾਰ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹਮਲਾ ਕਰ ਦਿੱਤਾ ਸੀ। ਇਹਨਾਂ ਸਰਬੱਤ ਖ਼ਾਲਸਾ ਸਮਾਗਮਾਂ ਦੌਰਾਨ ਗੁਰਧਾਮਾਂ ਦੀ ਪਵਿੱਤਰਤਾ ਬਹਾਲ ਰੱਖਣ, ਸਿੱਖਾਂ ਦੇ ਧਰਮ ਅਸਥਾਨਾਂ ’ਤੇ ਹਮਲਾ ਕਰਨ ਵਾਲਿਆਂ, ਜੇਲ੍ਹਾਂ ਵਿਚ ਬੈਠੇ ਨੌਜਵਾਨਾਂ ਨੂੰ ਛੁਡਵਾਉਣਾ, ਬੈਰਕਾਂ ਛੱਡ ਕੇ ਆਏ ਸਿੱਖ ਫ਼ੌਜੀਆਂ ਦੀ ਰਿਹਾਈ, ਨਵੰਬਰ 1984 ਦੌਰਾਨ ਪੰਜਾਬ ਤੋਂ ਬਾਹਰ ਹੋਏ ਸਿੱਖ ਕਤਲੇਆਮ ਅਤੇ ਪੰਥਕ ਪਰਿਵਾਰਾਂ ਦੀ ਸਾਂਭ-ਸੰਭਾਲ ਵਾਲੇ ਮੁੱਦੇ ਭਾਰੂ ਸਨ। ਸਰਕਾਰ ਵਿਰੁੱਧ ਗੁੱਸਾ ਹੋਣ ਦੇ ਬਾਵਜੂਦ ਵੀ ਭਾਈਚਾਰਕ ਸੁਰ ਕਾਇਮ ਰੱਖਣ ਦਾ ਐਲਾਨ ਕਰਦੇ ਹੋਏ ਕਿਹਾ ਗਿਆ ਕਿ ਸਿੱਖ ਕੌਮ ਸਮੁੱਚੀ ਮਨੁੱਖਤਾ ਦੀ ਏਕਤਾ ਦੀ ਹਾਮੀ ਅਤੇ ਰੋਜ਼ਾਨਾ ਸਰਬੱਤ ਦੇ ਭਲੇ ਦੀ ਅਰਦਾਸ ਕਰਦੀ ਹੈ। 1986 ਤੋਂ ਬਾਅਦ ਵੀ ਭਾਵੇਂ ਸਰਬੱਤ ਖ਼ਾਲਸਾ ਬੁਲਾਏ ਜਾਣ ਦਾ ਜ਼ਿਕਰ ਮਿਲਦਾ ਹੈ ਪਰ ਮੌਜੂਦਾ ਸਮੇਂ ਵਿੱਚ ਇਹ ਸ਼ਬਦ ਉਸ ਸਮੇਂ ਦੁਬਾਰਾ ਚਰਚਾ ਦਾ ਵਿਸ਼ਾ ਬਣ ਗਿਆ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਦੁਆਰਾ ਇਕ ਵੀਡੀਓ ਸੰਦੇਸ਼ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਸਰਬੱਤ ਖ਼ਾਲਸਾ ਬੁਲਾਉਣ ਦੀ ਬੇਨਤੀ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਹੀ ਸਰਬੱਤ ਖ਼ਾਲਸਾ ਬੁਲਾਉਣ ਦਾ ਅਧਿਕਾਰੀ ਮੰਨਿਆ ਜਾਂਦਾ ਹੈ। ਭਾਵੇਂ ਕਿ ਪਿਛਲੇ ਸਮੇਂ ਦੌਰਾਨ ਕੁੱਝ ਸਿੱਖ ਜਥੇਬੰਦੀਆਂ ਵੱਲੋਂ ਵੀ ਸਰਬੱਤ ਖ਼ਾਲਸਾ ਬੁਲਾਏ ਜਾਣ ਦੇ ਹਵਾਲੇ ਮਿਲਦੇ ਹਨ ਪਰ ਫਿਰ ਵੀ ਮਾਨਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਬੁਲਾਏ ਜਾਂਦੇ ਸਰਬੱਤ ਖ਼ਾਲਸਾ ਨੂੰ ਮਿਲਦੀ ਰਹੀ ਹੈ। ਸਿੱਖਾਂ ਵਿੱਚ ਸਰਬੱਤ ਖ਼ਾਲਸਾ ਇਕ ਅਜਿਹੀ ਵਿਚਾਰਧਾਰਕ ਸੰਸਥਾ ਮੰਨੀ ਜਾਂਦੀ ਹੈ ਜਿਹੜੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਤੇ ਸੰਦੇਸ਼ ਅਨੁਸਾਰ ਫ਼ੈਸਲੇ ਲੈਣ ਦੇ ਸਮਰੱਥ ਮੰਨੀ ਗਈ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸਦੇ ਕੇਂਦਰ ਵਿੱਚ ਰੱਖਿਆ ਜਾਂਦਾ ਹੈ ਅਤੇ ਪੰਜ ਮੁਖੀ ਸਿੱਖ ਇਸ ਦੀ ਹਜ਼ੂਰੀ ਵਿੱਚ ਸਮੁੱਚੀ ਸੰਗਤ ਨੂੰ ਦਰਪੇਸ਼ ਆ ਰਹੀਆਂ ਕੌਮੀ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ। ਵਿਭਿੰਨ ਸੰਸਥਾਵਾਂ, ਜਥੇਬੰਦੀਆਂ ਅਤੇ ਇਲਾਕਿਆਂ ਦੇ ਮੁਖੀ ਸਿੱਖ ਆਪੋ-ਆਪਣੇ ਇਲਾਕੇ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਪੰਥ ਦੇ ਅੱਗੇ ਪੇਸ਼ ਕਰਦੇ ਹਨ ਜਿਨ੍ਹਾਂ ਦਾ ਦੀਰਘ ਵਿਸ਼ਲੇਸ਼ਣ ਕਰਨ ਉਪਰੰਤ ਪੰਜ ਸਿੰਘ ਸਾਹਿਬਾਨ ਆਪਣਾ ਫ਼ੈਸਲਾ ਸੁਣਾਉਂਦੇ ਹਨ। ਜਦੋਂ ਇਹ ਫ਼ੈਸਲਾ ਸੁਣਾ ਦਿੱਤਾ ਜਾਂਦਾ ਹੈ ਤਾਂ ਸਭ ਮੱਤ-ਭੇਦ ਦੂਰ ਕਰਕੇ ਫ਼ੈਸਲੇ ਨੂੰ ਲਾਗੂ ਕਰਨ ਲਈ ਯਤਨ ਅਰੰਭ ਹੋ ਜਾਂਦੇ ਹਨ।

ਸਰਬੱਤ ਖ਼ਾਲਸਾ ਬੁਲਾਉਣ ਤੋਂ ਲੈ ਕੇ ਅੰਤਿਮ ਸਾਂਝੇ ਫ਼ੈਸਲੇ ਤੱਕ ਪੁੱਜਣਾ ਇਕ ਲੰਮੀ ਪ੍ਰਕਿਰਿਆ ਹੈ ਜਿਸ ਨੂੰ ਪੂਰਾ ਕਰਨ ਲਈ ਨਿਰੰਤਰ ਯਤਨ ਕਰਨ ਦੀ ਲੋੜ ਪੈਂਦੀ ਹੈ। ਅਠਾਰਵੀਂ ਸਦੀ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਸਿੱਖ ਦੁਨੀਆ ਦੇ ਹਰ ਕੋਨੇ ਵਿੱਚ ਫੈਲ ਗਏ ਹਨ। ਸਭਨਾਂ ਨੂੰ ਸਥਾਨਿਕ ਪੱਧਰ ’ਤੇ ਅਜਿਹੀਆਂ ਸਮੱਸਿਆਵਾਂ ਦਾ (**ਬਾਕੀ ਸਫ਼ਾ 31 ’ਤੇ**)

# ਹੁਨਰ ਦੀ ਉਡਾਰੀ



ਕਲਮਾਂ ਦੇ ਜਜ਼ਬਾਤ
ਐਡਵੋਕੇਟ ਗੁਰਵਿੰਦਰ ਸਿੰਘ

ਉਹਦੀ ਆਸਟਰੇਲੀਆ ਦੀ ਫਲਾਈਟ ਵਿੱਚ ਚਾਰ ਘੰਟੇ ਰਹਿੰਦੇ ਸੀ , ਰੋ ਰੋ ਕੇ ਉਹਦੀਆਂ ਅੱਖਾਂ ਲਾਲ ਹੋ ਗਈਆਂ ਸਨ, ਮਾਤਾ ਪਿਤਾ ਦਾ ਵੀ ਅੰਦਰੋਂ ਬੁਰਾ ਹਾਲ ਸੀ ਪਰ ਇਹਨੂੰ ਖ਼ੁਸ਼ ਰਹਿਣ ਦੀ ਪ੍ਰੇਰਨਾ ਦੇ ਰਹੇ ਸੀ , ਅਕਸਰ ਬਾਹਰ ਜਾ ਰਹੇ ਬੱਚਿਆਂ ਨਾਲ ਭਰੇ ਹਵਾਈ ਅੱਡੇ ’ਤੇ ਜਜ਼ਬਾਤਾਂ ਦਾ ਮਿਲਿਆ ਜੁੱਲਿਆਂ ਪ੍ਰਗਟਾਵਾ ਦੇਖਣ ਨੂੰ ਮਿਲਦਾ ਹੈ , ਜ਼ਿਆਦਾਤਰ ਬੱਚਿਆਂ ਨੂੰ ਬਾਹਰ ਜਾਣ ਦੀ ਖ਼ੁਸ਼ੀ ਹੁੰਦੀ ਹੈ ਤਾਂ ਆਪਣਿਆਂ ਤੋਂ ਵਿਛੜਨ ਦਾ ਗ਼ਮ ਵੀ ਹੁੰਦਾ ਹੈ, ਪਰ ਹੁਨਰਦੀਪ ਦੇ ਮਾਮਲੇ ਵਿੱਚ ਨਾ ਤਾਂ ਮਾਤਾ ਪਿਤਾ ਉਹਦੇ ਜਾਣ ਤੇ ਖ਼ੁਸ਼ ਹਨ ਤੇ ਨਾ ਹੀ ਹੁਨਰਦੀਪ ਖ਼ੁਸ਼ ਸੀ, ਅੱਜ ਤੋਂ ਛੇ ਮਹੀਨੇ ਪਹਿਲਾਂ ਤੱਕ ਤਾਂ ਬਾਹਰ ਜਾਣਾ ਉਹਦੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ ਬਲਕਿ ਉਹ ਤਾਂ ਬਾਹਰ ਜਾਣ ਦੀ ਤਿਆਰੀ ਕਰ ਰਹੇ ਦੋਸਤਾਂ ਨੂੰ ਅਕਸਰ ਕਿਹਾ ਕਰਦਾ ਸੀ ————ਯਾਰ ਕੀ ਕਰੋਗੇ ਬਾਹਰ ਜਾ ਕੇ, ਇੱਥੇ ਤੁਹਾਨੂੰ ਕਿਸ ਚੀਜ਼ ਦੀ ਕਮੀਂ ਹੈ। ਹੁਨਰਦੀਪ ਅਮੀਰ ਪਰਿਵਾਰ ਦਾ ਇਕਲੌਤਾ ਵਾਰਸ ਸੀ, ਉਹਦੇ ਸਾਰੇ ਦੋਸਤ ਵੀ ਧਨਾਢ ਪਰਵਾਰਾਂ ਨਾਲ ਸਬੰਧ ਰੱਖਦੇ ਸਨ , ਹੁਨਰਦੀਪ ਦਾ ਪਰਿਵਾਰ ਚੰਗੀ ਜ਼ਮੀਨ ਜਾਇਦਾਦ ਦਾ ਮਾਲਕ ਸੀ ਉਹਦੇ ਮਾਤਾ ਪਿਤਾ ਦੋਨੋਂ ਸਰਕਾਰੀ ਹਸਪਤਾਲ ਵਿੱਚ ਡਾਕਟਰ ਸਨ , ਮਹਿਲ ਨੁਮਾ ਕੋਠੀ ਵਿੱਚ ਡਰਾਇਵਰ ਮਾਲੀ ਅਤੇ ਸੇਵਾਦਾਰ ਕੰਮ ਕਰਦੇ ਸਨ , ਦੋ ਕਾਰਾਂ, ਐਕਟਿਵਾ, ਮੋਟਰਸਾਈਕਲ ਘਰ ਵਿੱਚ ਸਭ ਕੁੱਝ ਮੌਜੂਦ ਸੀ । ਪੜ੍ਹਾਈ ਵਿੱਚ ਹੁਨਰ ਹਮੇਸ਼ਾ ਸਭ ਤੋਂ ਅੱਗੇ ਹੀ ਰਹਿੰਦਾ ਸੀ, ਪਲੱਸ ਟੂ ਮੈਡੀਕਲ ਕਰ ਰਿਹਾ ਸੀ , ਉਹ ਆਪਣੇ ਟੀਚੇ ਪ੍ਰਤੀ ਜਾਗਰੂਕ ਸੀ, ਐਮ ਬੀ ਬੀ ਐਸ ਕਰ ਕੇ ਉਹ ਦਵਾਈਆਂ ਦੇ ਖੇਤਰ ਵਿੱਚ ਖੋਜ ਕਰਨ ਦਾ ਇਰਾਦਾ ਰੱਖਦਾ ਸੀ , ਮਾਤਾ ਪਿਤਾ ਨੂੰ ਅਕਸਰ ਇਸ ਬਾਰੇ ਪੁੱਛਦਾ ਦੱਸਦਾ ਰਹਿੰਦਾ ਸੀ , ਉਹਨੂੰ ਆਦਤ ਸੀ ਜਦੋਂ ਵੀ ਗੱਲ ਕਰਦਾ ਹਮੇਸ਼ਾ ਯਾਰ ਮੰਮਾਂ, ਯਾਰ ਪਾਪਾ, ਯਾਰ ਦਾਦੂ, ਯਾਰ ਨਾਨੂੰ ਕਹਿ ਕੇ ਗੱਲ ਕਰਦਾ ਸੀ ———ਯਾਰ ਮੰਮਾਂ ਤੁਸੀ ਇਹ ਜਿਹੜੀ ਦਵਾਈ ਦਿੰਦੇ ਹੋ, ਇਹ ਬਿਮਾਰੀਆਂ ਦੇ ਜਰਾਸੀਮ ਨੂੰ ਖ਼ਤਮ ਕਰਨ ਲਈ ਦਿੰਦੇ ਹੋ, ਤੁਸੀਂ ਇੱਦਾਂ ਦੀ ਦਵਾਈ ਕਿਉਂ ਨਹੀਂ ਬਣਾਉਂਦੇ ਜਿਹੜੀ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਵਾਲੇ ਸੈੱਲਾਂ ਨੂੰ ਮਜ਼ਬੂਤੀ ਦੇਵੇ ਤਾਂ ਕਿ ਸਰੀਰ ਖ਼ੁਦ ਉਸ ਬੈਕਟੀਰੀਆ ਨਾਲ ਲੜ ਸਕੇ।



ਮਾਂ ਵੱਲੋਂ ਬਹੁਤਾ ਤਸੱਲੀ ਬਖ਼ਸ਼ ਜਵਾਬ ਨਾ ਮਿਲਦਾ ਤਾਂ ਉਹ ਉਹੀ ਸਵਾਲ ਪਾਪਾ ਨੂੰ ਪੁੱਛ ਲੈਂਦਾ ——— ਯਾਰ ਪਾਪਾ ਇਹ ਬੈਕਟੀਰੀਆ ਨੂੰ ਖ਼ਤਮ ਕਰਨ ਦੀ ਥਾਂ ਸਰੀਰ ਵਿੱਚ ਬੈਕਟੀਰੀਆ ਨੂੰ ਖ਼ਤਮ ਕਰਨ ਦੀ ਸ਼ਕਤੀ ਵਾਲੀ ਵੈਕਸੀਨ ਕਿਉਂ ਨਹੀਂ ਤਿਆਰ ਕਰਦੇ।

ਪਾਪਾ ਉਹਨੂੰ ਦੱਸਦੇ ਕਿ ਕਿਵੇਂ ਇਹਦੇ ਤੇ ਪਹਿਲਾਂ ਤੋਂ ਹੀ ਖੋਜ ਚੱਲ ਰਹੀ ਹੈ ਪਰ ਤਸੱਲੀ ਬਖ਼ਸ਼ ਨਤੀਜੇ ਨਹੀਂ ਮਿਲੇ , ਫਿਰ ਉਹਨੂੰ ਕਹਿੰਦੇ ਚੱਲ ਤੂੰ ਇਹਦੇ ਤੇ ਖੋਜ ਕਰਕੇ ਨਵੀਂ ਤਕਨੀਕ ਨੂੰ ਵਿਕਸਤ ਕਰੀਂ ਫਿਰ ਤੇਰੇ ਨਾਂ ਤੇ ਇਹ ਖੋਜ ਰਜਿਸਟਰ ਹੋ ਜਾਊਗੀ। ਟਿਊਸ਼ਨ ਸੈਂਟਰ ਵਾਲੀ ਗਲੀ ਵਿੱਚ ਕਾਰ ਜਾਮ ਵਿੱਚ ਫਸ ਜਾਂਦੀ ਸੀ ਇਸ ਕਰਕੇ ਹੁਨਰ ਡਰਾਇਵਰ ਨੂੰ ਲਿਜਾਣ ਦੀ ਬਜਾਏ ਖ਼ੁਦ ਐਕਟਿਵਾ ਚਲਾ ਕੇ ਟਿਊਸ਼ਨ ਚਲਾ ਜਾਂਦਾ ਸੀ ਹਾਲਾਂਕਿ ਉਹਦੇ ਕੋਲ ਇਹਨੂੰ ਚਲਾਉਣ ਦਾ ਲਾਇਸੈਂਸ ਨਹੀਂ ਸੀ ਪਰ ਉਹਦੇ ਦੋਸਤ ਤਾਂ ਕਾਰਾਂ ਵੀ ਲਈ ਫਿਰਦੇ ਸੀ, ਇੱਕ ਦਿਨ ਜਦੋਂ ਇਹ ਟਿਊਸ਼ਨ ’ਤੇ ਪਹੁੰਚਿਆ ਤਾਂ ਇਹਦੇ ਟਿਊਸ਼ਨ ਦੇ ਦੋਸਤ ਦੇ ਅੱਗੇ ਦੋਸਤ ਨੇ ਪੰਜ ਮਿੰਟ ਕਿਤੇ ਜਾਣ ਦਾ ਕਹਿ ਇਹਦੇ ਤੋਂ ਐਕਟਿਵਾ ਮੰਗ ਲਈ, ਇਹ ਐਕਟਿਵਾ ਦੀ ਚਾਬੀ ਉਹਨੂੰ ਦੇ ਕੇ ਕਲਾਸ ਵਿੱਚ ਪੜ੍ਹਨ ਚਲਾ ਗਿਆ, ਕਲਾਸ ਖ਼ਤਮ ਹੋਣ ਤੋਂ ਪਹਿਲਾਂ ਹੀ ਕਲਾਸ ਦੇ ਬਾਹਰ ਪੁਲਿਸ ਇਹਦਾ ਇੰਤਜ਼ਾਰ ਕਰ ਰਹੀ ਸੀ ਕਿਉਂਕਿ ਉਹ ਲੜਕਾ ਜਿਹੜਾ ਇਹਦੀ ਐਕਟਿਵਾ ਲੈ ਕੇ ਗਿਆ ਸੀ ਇਹਦੀ ਐਕਟਿਵਾ ’ਤੇ ਹੈਰੋਇਨ ਵੇਚਦਾ ਰੰਗੇ ਹੱਥੀਂ ਫੜਿਆ ਗਿਆ ਸੀ , ਪੁਲਿਸ ਹਿਰਾਸਤ ਵਿੱਚ ਹੁਨਰ ਬਹੁਤ ਪ੍ਰੇਸ਼ਾਨ ਸੀ ਕਿਉਂਕਿ ਇਹੋ ਜਿਹੇ ਹਾਲਾਤ ਇਹਦੀ ਕਲਪਨਾ ਤੋਂ ਬਾਹਰ ਸੀ ਉੱਧਰ ਪੁਲਿਸ ਨੂੰ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਹੱਥ ਲੱਗ ਚੁੱਕੀ ਸੀ , ਮਾਤਾ ਪਿਤਾ ਨੂੰ ਖਬਰ ਮਿਲੀ ਤਾਂ ਉਹਨਾਂ ਦੇ ਵੀ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ , ਬਹੁਤ ਸਾਰੀਆਂ ਸਿਫ਼ਾਰਸ਼ਾਂ ਲਗਵਾਈਆਂ ਗਈਆਂ, ਕੋਸ਼ਿਸ਼ਾਂ ਕੀਤੀਆਂ ਗਈਆਂ ਅਖੀਰ ਵੀਹ ਲੱਖ ਦੀ ਰਿਸ਼ਵਤ ਦੇ ਕੇ ਇਹਦਾ ਨਾਂ ਕਢਵਾਉਣ ਵਿੱਚ ਕਾਮਯਾਬੀ ਮਿਲੀ , ਇਸ ਘਟਨਾ ਤੋਂ ਹੁਨਰ ਦਾ ਮਨ ਇੰਨਾ ਦੁਖੀ ਹੋਇਆ ਕਿ ਉਹਨੇ ਆਪਣੀ ਇੱਛਾ ਦੇ ਉਲਟ ਬਾਹਰ ਜਾਣ ਦਾ ਸੰਕਲਪ ਲਿਆ, ਅੱਜ ਉਹ ਭਰੇ ਮਨ ਨਾਲ ਬਾਹਰ ਜਾ ਰਿਹਾ ਸੀ ਮਾਤਾ ਪਿਤਾ ਅਤੇ ਆਪਣੀਆਂ ਸੁੱਖ ਸਹੂਲਤਾਂ ਨੂੰ ਛੱਡਣ ਦਾ ਉਹਦਾ ਉੱਕਾ ਹੀ ਮਨ ਨਹੀਂ ਸੀ ਪਰ ਸਮਾਜਿਕ ਹਾਲਾਤ ਉਹਨੂੰ ਜਾਣ ਲਈ ਮਜਬੂਰ ਕਰ ਰਹੇ ਸਨ।




# ਬੱਚਿਆਂ ’ਚ ਪੜ੍ਹਨ ਕਲਾ ਦਾ ਵਿਕਾਸ ਕਰਨ ਦੀ ਲੋੜ

**ਜੋਗਿੰਦਰ ਸਿੰਘ ਸਿਵੀਆ**

ਇਨਸਾਨ ਦੇ ਜੀਵਨ ਦੀ ਸਭ ਤੋਂ ਪਹਿਲੀ ਪੌੜੀ ਪੜ੍ਹਨਾ ਹੈ ਜੋ ਉਸਨੂੰ ਇੱਕ ਵਖਰਾ ਸਮਾਜ ਸਿਰਜਣ ਲਈ ਸੇਧ ਪ੍ਰਦਾਨ ਕਰਦੀ ਹੈ ਜਿਸ ਨਾਲ ਉਹ ਸਮਾਜ ਵਿੱਚ ਵਿਚਰ ਕੇ ਇਕ ਨਵੀਂ ਸੋਚ ਨੂੰ ਲਾਗੂ ਕਰ ਦਿੰਦਾ ਹੈ। ਇਨਸਾਨ ਦਾ ਇਹ ਮੁੱਢਲਾ ਪੜਾਅ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਉਸ ਨੂੰ ਸਮਾਜ ਦੀ ਸੋਝੀ ਆ ਜਾਂਦੀ ਹੈ।

ਬੱਚਿਆਂ ਵਿੱਚ ਪੜ੍ਹਨ ਦੀ ਕਲਾ ਨੂੰ ਉਤਸ਼ਾਹਿਤ ਕਰਨਾ ਮਾਂ ਬਾਪ ਦਾ ਮੁੱਢਲਾ ਫਰਜ਼ ਹੁੰਦਾ ਹੈ। ਬੱਚਿਆਂ ਨੂੰ ਮਾੜੇ ਕੰਮਾਂ ਤੋਂ ਮੋੜਨ, ਵਿਹਲੇ ਸਮੇਂ ਦਾ ਸਦਉਪਯੋਗ ਕਰਨ ਅਤੇ ਚੰਗੇ ਪਾਸੇ ਲਗਾਉਣ ਲਈ ਕਿਤਾਬਾਂ ਸਭ ਤੋਂ ਵਧੀਆ ਸਾਧਨ ਹਨ। ਸ਼ਰਤ ਇਹ ਹੈ ਕਿ ਉਨ੍ਹਾਂ ਦੀ ਰੁਚੀ ਅਨੁਸਾਰ ਪੜ੍ਹਨ ਸਮੱਗਰੀ ਦਿੱਤੀ ਜਾਵੇ। ਉਹ ਪੜ੍ਹਨ ਵਿੱਚ ਇੰਨੇ ਮਗਨ ਹੋ ਜਾਂਦੇ ਹਨ ਕਿ ਕਿਸੇ ਪਾਸੇ ਝਾਕਣ ਦੀ ਕੋਸ਼ਿਸ਼ ਨਹੀਂ ਕਰਦੇ। ਵਰਤਮਾਨ ਯੁੱਗ ਵਿੱਚ ਵਿਹਲਾ ਸਮਾਂ ਕਿਸੇ ਕੋਲ ਵੀ ਨਹੀਂ ਹੈ। ਸਾਡੀ ਨੌਜਵਾਨ ਪੀੜ੍ਹੀ, ਵਿਦਿਆਰਥੀ ਵਰਗ ਤੇ ਕੁਝ ਮਾਪੇ ਵੀ ਟੀ.ਵੀ. ਤੇ ਇੰਟਰਨੈਟ ਨੂੰ ਹੀ ਵਿਹਲੇ ਸਮੇਂ ਦਾ ਸਦਉਪਯੋਗ ਦੱਸ ਕੇ ਆਪਣੇ ਹੱਕ ਵਿੱਚ ਦਲੀਲਾਂ ਦਿੰਦੇ ਹਨ। ਸੰਚਾਰ ਦੇ ਸਾਧਨ ਘਰ-ਘਰ ਪਹੁੰਚ ਚੁੱਕੇ ਹਨ ਪਰ ਇਹ ਕੋਈ ਚੰਗੀ ਸੇਧ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਨੂੰ ਆਪਣੇ ਹਿੱਤਾਂ ਦੀ ਵਫ਼ਾਦਾਰੀ ਪਾਲਣੀ ਪੈਂਦੀ ਹੈ।ਇਨ੍ਹਾਂ ਦੀ ਗਲਤ ਵਰਤੋਂ ਨਾਲ ਬੱਚੇ ਕੁਰਾਹੇ ਪੈ ਜਾਂਦੇ ਹਨ। ਜਦੋਂ ਕੋਈ ਬਿਮਾਰੀ ਪਣਪ ਰਹੀ ਹੋਵੇ ਤਾਂ ਸਾਡਾ ਸਭ ਦਾ ਫ਼ਰਜ਼ ਬਣ ਜਾਂਦਾ ਹੈ ਕਿ ਉਸ ਦਾ ਇਲਾਜ ਕੀਤਾ ਜਾਵੇ। ਟੀ.ਵੀ. ਤੋਂ ਧਿਆਨ ਪਾਸੇ ਹਟਾਉਣ ਲਈ, ਉਨ੍ਹਾਂ ਦੀ ਪਸੰਦ ਦੀਆਂ ਕਿਤਾਬਾਂ, ਰਸਾਲੇ, ਅਖ਼ਬਾਰ ਸਿਰਫ਼ ਸਹਾਈ ਹੀ ਨਹੀਂ ਹੁੰਦੇ ਸਗੋਂ ਆਦਤ ਬਦਲਣ ਦੀ ਸਮਰੱਥਾ ਵੀ ਰੱਖਦੀਆਂ ਹਨ। ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਵਿਕਸਤ ਤੇ ਉਤਸ਼ਾਹਤ ਕਰਨ ਲਈ ਅਧਿਆਪਕ ਸਭ ਤੋਂ ਨੇੜੇ ਦਾ ਵਸੀਲਾ ਬਣ ਸਕਦਾ ਹੈ। ਜਿਸ ਅਧਿਆਪਕ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੋਵੇਗਾ ਉਸ ਦੇ ਵਿਦਿਆਰਥੀ ਆਪਣੇ ਆਪ ਹੀ ਇਹ ਰੁਚੀ ਪੈਦਾ ਕਰ ਲੈਣਗੇ। ਜਦੋਂ ਅਧਿਆਪਕ ਦੇ ਹੱਥ ਵਿੱਚ ਫੜੀ ਕਿਤਾਬ ਵੇਖਣਗੇ ਤਾਂ ਨੀਝ ਲਾ ਕੇ ਨਿਰਖਣਗੇ। ਜੇ ਉਹ ਅਖ਼ਬਾਰ, ਰਸਾਲਾ ਪੜ੍ਹ ਰਿਹਾ ਹੋਵੇ ਤਾਂ ਬੱਚੇ ਦੂਰੋਂ ਹੀ ਉਸ ਨੂੰ ਵੇਖਣ ਦਾ ਯਤਨ ਕਰਨ ਲੱਗ ਜਾਂਦੇ ਹਨ। ਖ਼ਾਸ ਤੌਰ ’ਤੇ ਛੋਟੇ ਬੱਚਿਆਂ ਨੂੰ ਤਸਵੀਰਾਂ ਵਾਲੀਆਂ ਕਿਤਾਬਾਂ ਦੇ ਰੰਗ ਬਹੁਤ ਚੰਗੇ ਲੱਗਦੇ ਹਨ। ਰੰਗ-ਬਰੰਗੀਆਂ ਲਿਸ਼ਕਦੀਆਂ ਤਸਵੀਰਾਂ ਉਨ੍ਹਾਂ ਦਾ ਧਿਆਨ ਆਪਣੇ ਵੱਲ ਖਿੱਚ ਲੈਂਦੀਆਂ ਹਨ। ਅਨਪੜ੍ਹ ਲੋਕ ਵੀ ਬਿਨਾਂ ਅੱਖਰ ਉਠਾਏ ਮੂਰਤਾਂ ਵੱਲ ਖਿੱਚੇ ਜਾਂਦੇ ਹਨ। ਆਪਣੀ ਮਾਂ ਬੋਲੀ ਵਿੱਚ ਛਪੀਆਂ ਕਿਤਾਬਾਂ ਪੜ੍ਹਨ ਲਈ ਸਿਰਫ਼ ਪ੍ਰੇਰਨਾ ਦੀ ਲੋੜ ਹੁੰਦੀ ਹੈ ਕਿਉਂਕਿ ਮਾਂ ਬੋਲੀ ਦੀ ਸਮਝ ਛੇਤੀ ਪੈਂਦੀ ਹੈ। ਉਸ ਦੀ ਸ਼ਬਦਾਵਲੀ ਪਹਿਲਾਂ ਹੀ ਬੱਚੇ ਕੋਲ ਹੁੰਦੀ ਹੈ। ਕਦੇ-ਕਦੇ ਅਧਿਆਪਕ ਕਿਸੇ ਰੌਚਕ ਕਹਾਣੀ ਦਾ ਸਾਰ ਅੰਸ਼ ਦੱਸ ਸਕਦਾ ਹੈ ਤੇ ਵਿਸਥਾਰ ਨਾਲ ਪੜ੍ਹਨ ਲਈ ਸਬੰਧਤ ਪੁਸਤਕ ਬਾਰੇ ਜਾਣਕਾਰੀ ਦੇ ਸਕਦਾ ਹੈ। ਪੁਸਤਕ ਬਾਰੇ ਦੱਸ ਸਕਦਾ ਹੈ ਕਿ ਉਹ ਕਿੱਥੋਂ ਸੌਖੀ ਤਰ੍ਹਾਂ ਪ੍ਰਾਪਤ ਹੋ ਸਕੇਗੀ। ਅੱਧੀ ਕਹਾਣੀ ਦੱਸ ਕੇ ਬਾਕੀ ਅੱਧੀ ਕਿਤਾਬ ’ਚੋਂ ਜਾਨਣ ਲਈ ਆਖ ਸਕਦਾ ਹੈ। ਅਧਿਆਪਕ ਪਾਠਕ੍ਰਮ ਤੋਂ ਬਾਹਰਲੀਆਂ ਕਿਤਾਬਾਂ ਦੀ ਜਾਣਕਾਰੀ ਦੇਣ ਦੇ ਸਮਰੱਥ ਹੁੰਦਾ ਹੈ। ਬੱਚਿਆਂ ਵੱਲੋਂ ਲਾਇਬਰੇਰੀ ਦੀਆਂ ਪੜ੍ਹੀਆਂ ਕਿਤਾਬਾਂ ਦੇ ਮੁਕਾਬਲੇ ਵੀ ਕਰਵਾਏ ਜਾ ਸਕਦੇ ਹਨ। ਹੁਸ਼ਿਆਰ ਤੇ ਜ਼ਿਆਦਾ ਕਿਤਾਬਾਂ ਪੜ੍ਹਨ ਵਾਲੇ ਬੱਚਿਆਂ ਨੂੰ ਛੋਟੇ ਇਨਾਮ ਦੇ ਕੇ ਵੀ ਹੌਸਲਾ ਵਧਾਇਆ ਜਾ ਸਕਦਾ ਹੈ ਤਾਂ ਜੋ ਉਹ ਕਿਤਾਬਾਂ ਨਾਲ ਜੁੜ ਸਕਣ। ਨਿੱਜੀ ਡਾਇਰੀ ਲਾਉਣ ਦੀ ਪ੍ਰੇਰਨਾ ਦਿੱਤੀ ਜਾ ਸਕਦੀ ਹੈ। ਜਿਸ ਵਿੱਚ ਚੰਗੇ ਵਿਚਾਰ ਜਾਂ ਪੜ੍ਹੀ ਹੋਈ ਕਿਤਾਬ ਦੀਆਂ ਚੰਗੀਆਂ ਗੱਲਾਂ ਟੂਕਾਂ ਦੇ ਰੂਪ ਵਿੱਚ ਉਤਾਰੀਆਂ ਜਾਣ। ਘੱਟੋ-ਘੱਟ ਐਨਾ ਜ਼ਰੂਰ ਲਿਖ ਲੈਣ ਕਿ ਕਿਹੜੀ ਕਿਤਾਬ ਕਦੋਂ ਪੜ੍ਹੀ। ਪ੍ਰਾਇਮਰੀ ਸਕੂਲ ਦੇ ਅਧਿਆਪਕ ਨੂੰ ਬਾਲ ਮਨੋਵਿਗਿਆਨ ਤੇ ਬਾਲ ਸਾਹਿਤ ਦਾ ਗਿਆਨ ਹੋਵੇ। ਉਨ੍ਹਾਂ ਦੀ ਉਮਰ ਮੁਤਾਬਕ ਪੜ੍ਹਨਯੋਗ ਰਸਾਲੇ ਆਦਿ ਦੀ ਸੂਚੀ ਮੇਜ਼ ’ਤੇ ਰੱਖੇ ਜਾਂ ਚਾਰਟ ਬਣਾ ਕੇ ਕੰਧ ’ਤੇ ਲਾ ਦੇਵੇ ਜੋ ਬੱਚਿਆਂ ਦੀ ਪਹੁੰਚ ਵਿੱਚ ਹੋਵੇ। ਜੇ ਕਹਾਣੀ ਜਾਂ ਲੇਖ ਦੀ ਬੱਚਿਆਂ ਨੂੰ ਸਮਝ ਘੱਟ ਪੈਂਦੀ ਹੋਵੇ ਤਾਂ ਉਹ ਸਹਾਇਕ ਬਣੇ। ਸਿੱਖਿਆਦਾਇਕ ਕਿਤਾਬਾਂ ਲਾਇਬ੍ਰੇਰੀ ਵਿੱਚ ਉਪਲਬਧ ਹੋਣੀਆਂ ਚਾਹੀਦੀਆਂ ਹਨ। ਛੋਟੇ ਬੱਚਿਆਂ ਲਈ ਤਸਵੀਰਾਂ ਵਾਲੀਆਂ ਕਿਤਾਬਾਂ ਸੋਨੇ ’ਤੇ ਸੁਹਾਗੇ ਦਾ ਕੰਮ ਕਰਦੀਆਂ ਹਨ। ਕਿਤਾਬਾਂ ਪੜ੍ਹਦਿਆਂ ਕਿਸੇ ਕਾਰਨ ਕਿਤਾਬਾਂ ਫਟ ਜਾਂ ਖ਼ਰਾਬ ਹੋ ਸਕਦੀਆਂ ਹਨ। ਜੇ ਅਧਿਆਪਕ ਉਨ੍ਹਾਂ ਦੀ ਡਾਂਟ ਡਪਟ ਕਰੇ, ਕੌੜਾ ਬੋਲੇ, ਝਿੜਕੇ ਤਾਂ ਸੰਵੇਦਨਸ਼ੀਲ ਬੱਚੇ ਕਿਤਾਬਾਂ ਲੈਣੀਆਂ ਛੱਡ ਦਿੰਦੇ ਹਨ ਤੇ ਪੜ੍ਹਨ ਵੱਲੋਂ ਮੁੱਖ ਮੋੜ ਲੈਂਦੇ ਹਨ। ਪੜ੍ਹਨ ਦੀ ਕੁਦਰਤੀ ਰੁਚੀ ਵੀ ਮੱਠੀ ਪੈ ਜਾਂਦੀ ਹੈ। ਹੌਲੀ-ਹੌਲੀ ਉਹ ਕਿਤਾਬਾਂ ਵੱਲ ਧਿਆਨ ਦੇਣਾ ਛੱਡ ਦਿੰਦੇ ਹਨ। ਮਨੋਵਿਗਿਆਨ ਇੱਥੋਂ ਤਕ ਕਹਿੰਦਾ ਹੈ ਕਿ ਬੱਚੇ ਦੇ ਮਨ ਵਿੱਚ ਬੋਲ-ਕੁਬੋਲ ਕਰਨ ਵਾਲੇ ਅਧਿਆਪਕ ਦਾ ਸਤਿਕਾਰ ਘਟ ਜਾਂਦਾ ਹੈ। ਪੜ੍ਹਨ ਰੁਚੀ ਖ਼ਤਮ ਹੋ ਜਾਂਦੀ ਹੈ ਅਤੇ ਕਿਤਾਬਾਂ ਪੜ੍ਹਨ ਵਾਲਿਆਂ ਨਾਲ ਵੀ ਘ੍ਰਿਣਾ ਹੋ ਸਕਦੀ ਹੈ। ਜੇ ਮਾਪੇ ਪੜ੍ਹੇ ਲਿਖੇ ਹੋਣ ਤੇ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੋਵੇ ਤਾਂ ਬੱਚੇ ਨੂੰ ਦੁੱਗਣਾ ਲਾਭ ਹੋਵੇਗਾ। ਉਹ ਬੱਚੇ ਦੇ ਪੱਧਰ ’ਤੇ ਰੁਚੀ ਅਨੁਸਾਰ ਕਿਤਾਬਾਂ ਲਿਆ ਕੇ ਦੇ ਸਕਦੇ ਹਨ।





ਖ਼ੁਸ਼ੀ ਮੌਕੇ ਜਿਵੇਂ ਜਨਮ ਦਿਨ ’ਤੇ ਚੰਗੀ ਕਿਤਾਬ ਤੋਹਫ਼ੇ ਵਜੋਂ ਦੇ ਸਕਦੇ ਹਨ। ਸਿੱਖਿਆਦਾਇਕ ਕਿਤਾਬ ਕਿਸੇ ਵੀ ਕੀਮਤ ’ਤੇ ਮਿਲਦੀ ਹੋਵੇ ਤਾਂ ਖਰੀਦ ਲੈਣੀ ਚਾਹੀਦੀ ਹੈ। ਬੱਚਿਆਂ ਵਿੱਚ ਕਹਾਣੀਆਂ ਸੁਣਾਉਣ ਤੇ ਸੁਣਨ ਦੀ ਰੁਚੀ ਪੈਦਾ ਕਰਨੀ ਚਾਹੀਦੀ ਹੈ। ਫਿਰ ਵੱਡੇ ਹੋ ਕੇ ਵੀ ਇਸ ਰੁਚੀ ਨੂੰ ਮੱਠਾ ਨਹੀਂ ਪੈਣ ਦੇਣਗੇ। ਜੇ ਬੱਚਾ ਮਾਪਿਆਂ ਨੂੰ ਕੋਈ ਕਿਤਾਬ ਲਿਆਉਣ ਲਈ ਆਖਦਾ ਹੈ ਤਾਂ ਤੁਰੰਤ ਹੀ ਪ੍ਰਬੰਧ ਕਰਨਾ ਚਾਹੀਦਾ ਹੈ। ਮਾਨਸਿਕ ਤੌਰ ’ਤੇ ਪ੍ਰਫੁੱਲਤ ਮਾਪੇ ਹੀ ਉਨ੍ਹਾਂ ਦੀਆਂ ਰੁਚੀਆਂ ਨੂੰ ਸਮਝ ਕੇ ਵਿਵਹਾਰ ਕਰਦੇ ਹਨ। ਬਹੁਤੇ ਮਾਪੇ ਉਨ੍ਹਾਂ ਦੀਆਂ ਰੁਚੀਆਂ ਨੂੰ ਅੱਖੋਂ-ਪਰੋਖੇ ਕਰ ਕੇ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੇ ਹਨ। ਜੇ ਉਨ੍ਹਾਂ ਨੂੰ ਕੁਝ ਸਿਖਾਉਣਾ ਹੈ ਤਾਂ ਮਾਪਿਆਂ ਅਤੇ ਅਧਿਆਪਕਾਂ ਨੂੰ ਕਿਤਾਬਾਂ ਦਾ ਸਹਾਰਾ ਲੈਣਾ ਚਾਹੀਦਾ ਹੈ। ਕਿਸੇ ਕੌਮ ਦੇ ਸੱਭਿਆਚਾਰ ਨੂੰ ਵਿਕਸਤ ਕਰਨ ਵਿੱਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾ ਸਕਦੀਆਂ ਹਨ। ਸਾਡੀਆਂ ਸਰਕਾਰਾਂ ਨੂੰ ਬਾਲ ਸਾਹਿਤ ਦੀ ਬਿਹਤਰੀ ਲਈ ਕਦਮ ਚੁੱਕਣੇ ਚਾਹੀਦੇ ਹਨ।

---

**ਬਾਲ ਕਹਾਣੀ**

## ਆਲਸ ਨਾ ਕਰੋ




ਇੱਕ ਵਾਰ ਦੀ ਗੱਲ ਹੈ। ਇੱਕ ਲੜਕਾ ਸੀ। ਉਹ ਸਮਝਦਾਰ ਸੀ। ਉਹ ਪੜ੍ਹਾਈ ਵਿੱਚ ਸਭ ਤੋਂ ਅੱਗੇ ਰਹਿੰਦਾ ਸੀ , ਪਰ ਉਹ ਬਹੁਤ ਆਲਸੀ ਸੀ। ਉਹ ਕਈ ਵਾਰ ਸਕੂਲ ਨੂੰ ਵੀ ਲੇਟ ਹੋ ਜਾਂਦਾ ਸੀ। ਉਸ ਦਾ ਸੁਪਨਾ ਸੀ ਕਿ ਉਹ ਵੱਡਾ ਹੋ ਕੇ ਫੌਜ ਵਿੱਚ ਭਰਤੀ ਹੋ ਜਾਏ। ਉਹ ਹਰ ਦਿਨ ਫੌਜੀਆਂ ਦੀਆਂ ਤਸਵੀਰਾਂ ਦੇਖਦਾ ਰਹਿੰਦਾ। ਉਹ ਵੱਡਾ ਹੋ ਕੇ ਫ਼ੌਜ ਦੀ ਨੌਕਰੀ ਲੈਣ ਲਈ ਗਿਆ। ਉਹ ਭਰਤੀ ਹੋ ਗਿਆ। ਉਸ ਦੀ ਡਿਊਟੀ ਪੰਜਾਬ ਦੇ ਇੱਕ ਕੋਨੇ ਪਠਾਨਕੋਟ ਵਿੱਚ ਲੱਗ ਗਈ। ਉਹ ਆਪਣੀ ਡਿਊਟੀ ’ਤੇ ਚਾਰ ਘੰਟੇ ਲੇਟ ਹੋ ਗਿਆ। ਫ਼ੌਜ ਦੇ ਅਫਸਰਾਂ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਅਤੇ ਉਸ ਨੂੰ ਕਿਹਾ ਕਿ ਤੂੰ ਲੇਟ ਹੋ ਗਿਆ ਹੈਂ। ਇਸ ਲਈ ਤੈਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ। ਹੁਣ ਉਹ ਪਛਤਾ ਰਿਹਾ ਸੀ। ਸਿੱਖਿਆ – ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਆਲਸ ਨਹੀਂ ਕਰਨਾ ਚਾਹੀਦਾ।



**ਰਜਿੰਦਰ ਸਿੰਘ , ਜਮਾਤ ਪੰਜਵੀਂ ,**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ**
**ਗੰਭੀਰਪੁਰ ਲੋਅਰ, ਜ਼ਿਲ੍ਹਾ ਰੂਪਨਗਰ**
**(ਪੰਜਾਬ)**
**ਗਾਈਡ ਅਧਿਆਪਕ ਸਟੇਟ ਐਵਾਰਡੀ**
**ਮਾਸਟਰ ਸੰਜੀਵ ਧਰਮਾਣੀ**

---

## ਕੁੱਟਮਾਰ ਕਰਨ ਦਾ ਬੱਚੇ ਦੇ ਵਿਕਾਸ ’ਤੇ ਪੈਂਦੈ ਬੁਰਾ ਅਸਰ

ਬੱਚੇ ਸ਼ੈਤਾਨ ਹੁੰਦੇ ਹਨ, ਕਈ ਵਾਰ ਉਹ ਅਜਿਹੇ ਕੰਮ ਕਰ ਜਾਂਦੇ ਹਨ ਕਿ ਉਹਨਾਂ ਦੇ ਮਾਪਿਆਂ ਨੂੰ ਗੁੱਸਾ ਆਉਣਾ ਸੁਭਾਵਿਕ ਹੈ ਪਰ ਨਿੱਕੀ ਨਿੱਕੀ ਗੱਲ ’ਤੇ ਬੱਚਿਆਂ ਨੂੰ ਕੁੱਟਣਾ ਠੀਕ ਨਹੀਂ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚੇ ਦੀਆਂ ਗਲਤੀਆਂ ਨੂੰ ਮਾਰਨ ਜਾਂ ਕੁੱਟਣ ਦੀ ਬਜਾਏ ਅਰਾਮ ਨਾਲ ਸਮਝਾਉਣ ਤਾਂ ਜੋ ਉਨ੍ਹਾਂ ਦੇ ਬੱਚੇ ਦੇ ਮਨ ’ਤੇ ਇਸ ਦਾ ਅਸਰ ਨਾ ਪਵੇ। ਕਿਉਂਕਿ ਜੇਕਰ ਤੁਸੀਂ ਬੱਚੇ ਨੂੰ ਵਾਰ-ਵਾਰ ਕੁੱਟਦੇ ਹੋ, ਮਾਮੂਲੀ ਗੱਲ ’ਤੇ ਉਸ ਨੂੰ ਝਿੜਕਦੇ ਹੋ, ਤਾਂ ਇਸ ਨਾਲ ਉਸ ਦੇ ਸੁਭਾਅ ’ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਬੱਚਾ ਵਿਗੜ ਸਕਦਾ ਹੈ। ਆਓ ਜਾਣਦੇ ਹਾਂ ਬੱਚਿਆਂ ਨੂੰ ਕੁੱਟਣ ਦੇ ਨਤੀਜੇ...



**ਮਾਨਸਿਕ ਤੌਰ ’ਤੇ ਬੁਰਾ ਪ੍ਰਭਾਵ**

ਆਪਣੇ ਆਲੇ-ਦੁਆਲੇ ਵਾਪਰਦੀ ਹਰ ਛੋਟੀ-ਮੋਟੀ ਘਟਨਾ ਦਾ ਬੱਚਿਆਂ ਦੇ ਮਨ ’ਤੇ ਅਸਰ ਪੈਂਦਾ ਹੈ। ਅਜਿਹੇ ’ਚ ਜੇਕਰ ਉਨ੍ਹਾਂ ਦੀ ਅਕਸਰ ਕੁੱਟਮਾਰ ਹੁੰਦੀ ਹੈ ਤਾਂ ਉਨ੍ਹਾਂ ਦੇ ਦਿਮਾਗ ’ਚ ਇਹ ਗੱਲ ਆ ਸਕਦੀ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ। ਇਸ ਨਾਲ ਬੱਚੇ ਅਤੇ ਮਾਤਾ-ਪਿਤਾ ਵਿਚਕਾਰ ਪਾੜਾ ਵੀ ਪੈ ਸਕਦਾ ਹੈ।

**ਡਰ ਖਤਮ ਹੋ ਜਾਂਦਾ ਹੈ**

ਜਦੋਂ ਤੁਸੀਂ ਆਪਣੇ ਬੱਚੇ ਨੂੰ ਵਾਰ-ਵਾਰ ਕੁੱਟਦੇ ਹੋ ਤਾਂ ਉਸ ਦੇ ਮਨ ਦਾ ਡਰ ਹੌਲੀ-ਹੌਲੀ ਦੂਰ ਹੋਣ ਲੱਗਦਾ ਹੈ। ਅਜਿਹੀ ਸਥਿਤੀ ਵਿੱਚ, ਅਜਿਹਾ ਸਮਾਂ ਆ ਸਕਦਾ ਹੈ ਜਦੋਂ ਤੁਹਾਡਾ ਬੱਚਾ ਤੁਹਾਡੀ ਗੱਲ ਸੁਣਨ ਤੋਂ ਇਨਕਾਰ ਕਰ ਦਿੰਦਾ ਹੈ ਜਾਂ ਤੁਹਾਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਲਈ ਇਸ ਤੋਂ ਬਚਣਾ ਚਾਹੀਦਾ ਹੈ।

**ਪੜ੍ਹਾਈ ’ਤੇ ਬੁਰਾ ਪ੍ਰਭਾਵ**

ਇਸ ਨਾਲ ਕੁੱਟਮਾਰ ਤੋਂ ਬਾਅਦ ਬੱਚਿਆਂ ਦੀ ਪੜ੍ਹਾਈ ਵੀ ਪ੍ਰਭਾਵਿਤ ਹੁੰਦੀ ਹੈ। ਨਾ ਤਾਂ ਬੱਚੇ ਇਕਾਗਰ ਹੋ ਕੇ ਪੜ੍ਹਾਈ ਕਰ ਪਾਉਂਦੇ ਹਨ ਅਤੇ ਨਾ ਹੀ ਉਨ੍ਹਾਂ ਦਾ ਮਾਨਸਿਕ ਵਿਕਾਸ ਵੀ ਠੀਕ ਤਰ੍ਹਾਂ ਨਾਲ ਹੁੰਦਾ ਹੈ। ਇਸ ਲਈ ਮਾਪਿਆਂ ਨੂੰ ਉਨ੍ਹਾਂ ਨੂੰ ਮਾਰਨ ਦੀ ਬਜਾਏ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਬੱਚੇ ਚਿੜਚਿੜੇ ਹੋ ਜਾਂਦੇ ਹਨ**

ਬੱਚੇ ਆਪਣੇ ਮਾਪਿਆਂ ਨੂੰ ਦੇਖ ਕੇ ਵੱਡੇ ਹੁੰਦੇ ਹਨ। ਅਜਿਹੇ ’ਚ ਉਨ੍ਹਾਂ ਦੇ ਮਾਤਾ-ਪਿਤਾ ਜਿਸ ਤਰ੍ਹਾਂ ਦਾ ਵਿਵਹਾਰ ਕਰਦੇ ਹਨ, ਬੱਚੇ ਵੀ ਉਸ ਤਰ੍ਹਾਂ ਦਾ ਬਣਨ ਦੀ ਕੋਸ਼ਿਸ਼ ਕਰਦੇ ਹਨ। ਕੁੱਟਮਾਰ ਤੋਂ ਬਾਅਦ ਉਨ੍ਹਾਂ ਦਾ ਸੁਭਾਅ ਵੀ ਚਿੜਚਿੜਾ ਹੋ ਜਾਂਦਾ ਹੈ।

**ਆਤਮ-ਵਿਸ਼ਵਾਸ ਘੱਟ ਜਾਂਦਾ ਹੈ**

ਜਦੋਂ ਬੱਚਿਆਂ ਨੂੰ ਕੁੱਟਿਆ ਜਾਂਦਾ ਹੈ, ਤਾਂ ਉਨ੍ਹਾਂ ਦਾ ਆਤਮ-ਵਿਸ਼ਵਾਸ ਬਹੁਤ ਘੱਟ ਜਾਂਦਾ ਹੈ। ਇਸ ਕਾਰਨ ਉਨ੍ਹਾਂ ਨੂੰ ਕਿਸੇ ਵੀ ਅਣਜਾਣ ਵਿਅਕਤੀ ਨਾਲ ਗੱਲ ਕਰਨ ਜਾਂ ਸਟੇਜ ’ਤੇ ਪਰਫਾਰਮ ਕਰਦੇ ਸਮੇਂ ਬਹੁਤ ਡਰ ਲੱਗਦਾ ਹੈ ਜਾਂ ਪਰੇਸ਼ਾਨੀ ਹੁੰਦੀ ਹੈ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ- 24

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਗੁੱਸੇ ਦੀ ਅਧਿਕਤਾ ਦੇ ਕਾਰਨ, ਇੱਕ ਪਲ ਤਾਂ ਮੰਤਰੀ ਸਾਹਬ ਦੇ ਮੂੰਹੋਂ ਬੋਲ ਤੱਕ ਨਾ ਫੁੱਟਿਆ।

ਫਿਰ ਮੰਤਰੀ ਸਾਹਬ ਦੇ ਫੁੱਟ ਪੈਣ ਤੋਂ ਪਹਿਲਾਂ ਹੀ, ਤੇਜਵੀਰ ਬੋਲ ਉੱਠਿਆ।

'ਕਾਮ ਡਾਊਨ ਮਨਿਸਟਰ ਸਾਹਬ, ਮੈਂ ਕਾਤਲ ਦਾ ਨਾਂ ਤਾਂ ਹਾਲੇ ਦੱਸਿਆ ਹੀ ਨਹੀਂ, ਸੋ ਹਾਜ਼ਰੀਨ।'

ਆਪਣੀ ਸੁਰ 'ਚ ਭਰਪੂਰ ਨਾਟਕੀ ਰੰਗ ਭਰਦਾ ਹੋਇਆ, ਤੇਜਵੀਰ ਬੁਲੰਦ ਆਵਾਜ਼ 'ਚ ਗਰਜਿਆ।

' ਕਾਤਲ ਕੋਈ ਹੋਰ ਨਹੀਂ ਬਲਕਿ ਇਹ ਹੈ।'

ਤੇਜਵੀਰ ਨੇ ਮਜ਼ਬੂਤੀ ਨਾਲ਼ ਜਿਸ ਦਿਸ਼ਾ ਵੱਲ ਉਂਗਲ਼ੀ ਉਠਾਈ, ਉਸਦਾ ਨਿਸ਼ਾਨਾ ਸਿੰਮੀ ਸੀ।

ਕਮਰੇ 'ਚ ਸੰਨਾਟਾ ਛਾ ਗਿਆ।

ਸਿੰਮੀ ਦੇ ਸਿਰ 'ਤੇ ਜਿਵੇਂ ਸੌ ਘੜੇ ਪਾਣੀ ਦੇ ਡੁੱਲ੍ਹ ਗਏ। ਉਹ ਕੁਰਸੀ 'ਤੇ ਬੈਠੀ-ਬੈਠੀ ਸੁੰਨ ਹੋ ਗਈ।

ਚਿਹਰਾ ਇੱਕ ਦਮ ਪੀਲ਼ਾ ਪੈ ਗਿਆ।

ਢਿੱਲੋਂ ਸਾਹਬ ਦਾ ਪੂਰੇ ਦਾ ਪੂਰਾ ਦਿਮਾਗ਼ ਚੱਕਰ ਖਾ ਗਿਆ।

ਕੁਝ ਪਲ ਬਾਅਦ ਸਕਤੇ ਦੀ ਹਾਲਤ 'ਚੋਂ ਬਾਹਰ ਨਿਕਲਦੀ ਸਿੰਮੀ, ਕੱਚੀ ਜਿਹੀ ਸੁਰ ਵਿਚ ਥਿੰਦ ਨੂੰ ਸੰਬੋਧਿਤ ਹੋਈ।

'ਇ-ਇਟਸ ਆੱਲ ਰਬਿਸ਼, ਸਭ ਕੋਰੀ ਬਕਵਾਸ, ਇਹ ਬੰਦਾ ਫ਼ਾਲਤੂ ਬਕਵਾਸ ਕਰ ਕੇ ਮੇਰੇ ਸਿਰ ਇਲਜ਼ਾਮ ਮੜ੍ਹੀ ਜਾ ਰਿਹਾ। ਕਾਤਿਲ ਤਾਂ ਤੁਹਾਡੇ ਸਾਹਮਣੇ ਬੈਠਾ। ਉਸਨੂੰ ਤਾਂ ਤੁਸੀਂ ਛੱਡਤਾ, ਹੁਣ ਇਹ ਬੰਦਾ ਇਲਜ਼ਾਮ ਮੇਰੇ ਮੱਥੇ ਮੜ੍ਹ ਕੇ, ਮੈਨੂੰ ਫਸਾਉਣਾ ਚਾਹੁੰਦਾ। ਇੰਸਪੈਕਟਰ ਸਾਹਬ, ਤੁਸੀਂ ਕਿਉਂ ਇਸ ਬੰਦੇ ਨੂੰ ਬਕਵਾਸ ਕਰਨ ਦੇ ਰਹੇ ਓ ? ਰੋਕੋ ਇਸਨੂੰ।'

'ਇਹ ਬਕਵਾਸ ਨਹੀਂ ਮੈਡਮ, ਹਕੀਕਤ ਏ, ਤੇ ਇਸ ਗੱਲ ਨੂੰ ਤੁਹਾਡੇ ਤੋਂ ਬਿਹਤਰ ਹੋਰ ਕੋਈ ਨਹੀਂ ਜਾਣਦਾ।' ਜਵਾਬ ਤੇਜਵੀਰ ਨੇ ਦਿੱਤਾ।

ਥਿੰਦ ਚੁੱਪਚਾਪ ਸਿੰਮੀ ਵੱਲ ਤਿੱਖੀਆਂ ਨਜ਼ਰਾਂ ਗੱਡੀ ਬੈਠਾ ਰਿਹਾ।

'ਪਰ ਇੰਸਪੈਕਟਰ ਸਾਹਬ, ਇਸ ਬੰਦੇ ਨੇ ਜੋ ਕਿਹਾ ਸਭ ਹਵਾਈ ਗੱਲਾਂ ਨੇ। ਸਭ ਇਸਦੇ ਡਰਟੀ ਮਾਈਂਡ ਦੀ ਪੈਦਾਵਾਰ। ਇਸਨੂੰ ਕਹੋ ਕਿ ਇਸਨੇ ਜੋ ਕਿਹਾ, ਉਹ ਸਾਬਿਤ ਕਰਕੇ ਦਿਖਾਏ।'

ਕਾਫ਼ੀ ਹੱਦ ਤੱਕ ਸੰਭਲ਼ ਚੁੱਕੀ ਸਿੰਮੀ ਐਤਕੀਂ ਜ਼ਖ਼ਮੀ ਸ਼ੇਰਨੀ ਵਾਂਗੂੰ ਗਰਜੀ।

'ਜਿਵੇਂ ਤੁਹਾਡੀ ਆਗਿਆ ਮੈਡਮ।' ਆਪਣੀ ਸੁਰ ਦਾ ਨਾਟਕੀ ਰੰਗ ਕਾਇਮ ਰੱਖਦਾ ਹੋਇਆ ਤੇਜਵੀਰ, ਬੁਲੰਦ ਆਵਾਜ਼ 'ਚ ਬੋਲਿਆ, 'ਤੁਹਾਡਾ ਇਹ ਚਾਅ ਵੀ ਲਾਹ ਦਿੰਨਾ।'

'ਇਹ ਐਨੀ ਨਾਟਕਬਾਜ਼ੀ ਜਿਹੀ ਕਿਉਂ ਕਰੀ ਜਾ ਰਿਹਾ ਪਤੰਦਰ ?'

ਗਗਨ ਨੂੰ ਤੇਜਵੀਰ ਦਾ ਇਉਂ ਵਿਵਹਾਰ ਕਰਨਾ ਸਮਝ ਨਹੀਂ ਆ ਰਿਹਾ ਸੀ।

ਤੇਜਵੀਰ ਨੇ ਥਿੰਦ ਨੂੰ ਇਸ਼ਾਰਾ ਕੀਤਾ ਤਾਂ ਥਿੰਦ ਨੇ ਆਫ਼ਿਸ ਟੇਬਲ 'ਤੇ ਪਈ ਘੰਟੀ 'ਤੇ ਹੱਥ ਮਾਰਿਆ।

ਬਾਹਰੋਂ ਦਰਵਾਜ਼ਾ ਖੁੱਲ੍ਹਿਆ ਤੇ 'ਬੜੇ ਮੀਆਂ' ਨੇ ਅੰਦਰ ਪ੍ਰਵੇਸ਼ ਕੀਤਾ।

'ਬੜੇ ਮੀਆਂ। ਆਪ ਕਤਲ ਕੀ ਰਾਤ ਸੰਨੀ ਬਾਜਵਾ ਕੇ ਬਾਅਦ ਆਨੇ ਵਾਲੇ ਸ਼ਖ਼ਸ ਕੋ ਪਹਿਚਾਨ ਸਕਤੇ ਹੈਂ ?'

ਇੱਕਦਮ ਸੰਖੇਪਤ ਸਵਾਲ।

'ਜੀ ਹੁਜ਼ੂਰ, ਮੈਨੇ ਚਿਹਰਾ ਤੋਂ ਨਹੀਂ ਦੇਖਾ, ਮਗਰ ਡੀਲ-ਡੌਲ ਔਰ ਚਾਲ-ਢਾਲ ਸੇ ਮੀਲੋਂ ਦੂਰ ਸੇ ਭੀ ਪਹਿਚਾਨ ਸਕਤਾ ਹੂੰ।'

'ਕਯਾ ਆਪਨੇ ਉਸ ਸ਼ਖ਼ਸ ਕੋ ਬਾਅਦ ਮੇਂ ਕਭੀ ਦੇਖਾ ?'

'ਜੀ ਹਾਂ, ਅਭੀ-ਅਭੀ ਬਾਰਾਮਦੇ ਮੇਂ ਮੇਰੇ ਸਾਮਨੇ ਸੇ ਗੁਜ਼ਰਾ ਹੈ।'

'ਕਯਾ ਵੋ ਇਸੀ ਕਮਰੇ ਮੌਜੂਦ ਹੈ ?'

'ਜੀ ਹਾਂ, ਯਹੀ ਮੋਹਤਰਮਾ ਤੋ ਹੈਂ ਵੋ।'

'ਬੜੇ ਮੀਆਂ' ਦੀ ਉੱਠੀ ਉਂਗਲ਼ੀ ਦਾ ਇਸ਼ਾਰਾ ਸਿੰਮੀ ਵੱਲ ਸੀ।

'ਬਕਵਾਸ।' ਸਿੰਮੀ ਦੇ ਮੂੰਹੋਂ ਨਿਕਲਿਆ।

'ਬੜੇ ਮੀਆਂ' ਦੀ ਗਵਾਹੀ ਦਾ ਉਸ ਉੱਤੇ ਕੋਈ ਖ਼ਾਸ ਅਸਰ ਨਾ ਹੋਇਆ।

ਤੇਜਵੀਰ ਨੇ ਫਿਰ ਇਸ਼ਾਰਾ ਕੀਤਾ।

ਥਿੰਦ ਨੇ ਫਿਰ ਘੰਟੀ ਵਜਾਈ।

ਇਸ ਵਾਰ ਆਉਣ ਵਾਲ਼ੀ ਕੁਸੁਮ ਸੀ।

ਕੁਸੁਮ ਵੱਲ ਦੇਖ ਕੇ ਸਿੰਮੀ ਨੂੰ ਹੈਰਾਨੀ ਜਿਹੀ ਤਾਂ ਜ਼ਰੂਰ ਹੋਈ, ਪਰ ਉਸਦੀ ਆਮਦ ਪਿੱਛੇ ਛੁਪਿਆ ਮੰਤਵ ਉਸਦੀ ਸਮਝ ਨਾ ਆਇਆ।

'ਮੈਡਮ, ਇਨ੍ਹਾਂ ਨੂੰ ਤਾਂ ਪਛਾਣਦੇ ਹੀ ਹੋਵੋਗੇ ?' ਤੇਜਵੀਰ ਦਾ ਸਵਾਲ ਸਿੰਮੀ ਨੂੰ ਸੀ।

'ਹਾਂ।'

'ਹਾਜ਼ਰੀਨ, ਕੁਸੁਮ ਰੁਪਿੰਦਰ ਦੀ ਰੂਮ-ਮੇਟ ਸੀ ਜੋ ਤਕਰੀਬਨ ਤਿੰਨ ਮਹੀਨੇ ਪਹਿਲਾਂ ਹੀ ਹੋਸਟਲ ਅਤੇ ਕਾਲਜ, ਦੋਨੋਂ ਛੱਡ ਚੁੱਕੀ ਹੈ। ਸਿੰਮੀ ਦੇ ਅਕਸਰ ਹੋਸਟਲ ਵਿਚ ਇਨ੍ਹਾਂ ਦੇ ਰੂਮ ਵਿੱਚ ਰਾਤ ਗੁਜ਼ਾਰਨ ਕਾਰਨ, ਇਹ ਇੱਕ-ਦੂਜੀ ਤੋਂ ਭਲੀ-ਭਾਂਤੀ ਵਾਕਿਫ਼ ਨੇ। ਮੈਂ ਕੁਝ ਗ਼ਲਤ ਤਾਂ ਨਹੀਂ ਕਿਹਾ ਮੈਡਮ ?'

'ਨਹੀਂ।'

'ਕੁਸੁਮ, ਤੁਹਾਨੂੰ ਇਸ ਗੱਲ ਦਾ ਇਲਮ ਸੀ ਕਿ ਰੁਪਿੰਦਰ ਡਰੱਗਜ਼ ਲੈਂਦੀ ਸੀ ?'

'ਹਾਂ ਜੀ।'

'ਕੀ ਤੁਸੀਂ ਇਹ ਵੀ ਜਾਣਦੇ ਹੋ ਕਿ ਰੁਪਿੰਦਰ ਨੂੰ ਉਹ ਡਰੱਗਜ਼, ਕਿੱਥੋਂ ਮਿਲਦੇ ਸਨ ?'

ਤੇਜਵੀਰ ਦੇ ਇਸ ਸਵਾਲ ਨੇ ਸਿੰਮੀ ਨੂੰ ਬੁਰੀ ਤਰ੍ਹਾਂ ਚੌਂਕਾ ਦਿੱਤਾ।

ਥਿੰਦ ਦੀਆਂ ਪੈਨੀਆਂ ਨਜ਼ਰਾਂ ਉਸੇ ਉੱਪਰ ਟਿਕੀਆਂ ਹੋਈਆਂ ਸਨ।

'ਹਾਂ ਜੀ,' ਕੁਸੁਮ ਦੇ ਸ਼ਬਦਾਂ 'ਚ ਪੂਰਣ ਦ੍ਰਿੜਤਾ ਸੀ।

'ਤਾਂ ਫਿਰ ਰੁਪਿੰਦਰ ਨੂੰ ਡਰੱਗਜ਼ ਸਪਲਾਈ ਕਰਨ ਵਾਲ਼ੇ ਉਸ ਸੋਰਸ ਦਾ ਨਾਂ ਕੀ ਹੈ ?'

'ਸਿੰਮੀ।' ਕੁਸੁਮ ਨੇ ਬੇਹਿਚਕ ਆਖਿਆ।

ਸਿੰਮੀ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ।

ਢਿੱਲੋਂ ਦੰਪਤੀ ਵਿਚਾਰੀ ਸੁੰਨ ਜਿਹੀ ਹੋ ਗਈ।

'ਤੁਹਾਨੂੰ ਇਸ ਗੱਲ ਦਾ ਕਿਵੇਂ ਪਤਾ ਲੱਗਾ ਕੁਸੁਮ ?'

'ਸਰ ਮੈਂ ਆਪ ਆਪਣੀਆਂ ਅੱਖਾਂ ਨਾਲ਼ ਦੇਖਿਆ, ਇਸਨੂੰ ਰੁਪਿੰਦਰ ਨੂੰ ਡਰੱਗਜ਼ ਫੜਾਉਂਦੇ ਹੋਏ। ਇਹ ਸਭ ਦੇਖ ਕੇ ਮੈਂ ਬਹੁਤ ਡਰ ਗਈ ਸੀ। ਸਰ, ਇਸੇ ਲਈ ਮੈਂ ਹੋਸਟਲ ਵੀ ਛੱਡ ਦਿੱਤਾ ਅਤੇ ਕਾਲਜ ਵੀ।'

'ਇਹ ਬੰਦਾ ਕਿ ਜਿੰਨ-ਭੂਤ, ਕਿਵੇਂ ਲੱਭ ਲਿਆਇਆ ਇਸਨੂੰ ?'

ਗਗਨ ਤੇਜਵੀਰ ਦੇ ਇੱਕ-ਇੱਕ ਖ਼ੁਲਾਸੇ ਤੋਂ ਅਸਚਰਜਚਕਿਤ ਹੋ ਰਿਹਾ ਸੀ।

'ਪਰ ਇਸਦਾ ਡਰੱਗਜ਼ ਨਾਲ਼ ਕੀ ਲੈਣਾ-ਦੇਣਾ ? ਇਹ ਭਲਾਂ ਰੁਪਿੰਦਰ ਨੂੰ ਕਿਉਂ ਡਰੱਗਜ਼ ਦੇਣ ਲੱਗੀ ?' ਢਿੱਲੋਂ ਸਾਹਬ ਤੋਂ ਪੁੱਛੇ ਬਿਨਾਂ ਰਹਿ ਨਾ ਹੋਇਆ।

'ਵਜ੍ਹਾ ਤਾਂ ਇਹ ਖ਼ੁਦ ਮੂੰਹੋਂ ਬਿਆਨ ਕਰੇਗੀ ਢਿੱਲੋਂ ਸਾਹਬ, ਪਰ ਇੱਕ ਗੱਲ ਸ਼ਾਇਦ ਤੁਹਾਨੂੰ ਨਹੀਂ ਪਤਾ ਕਿ ਇਹ ਖ਼ੁਦ ਡਰੱਗ ਐਡਿਕਟ ਏ। ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ ਕਿ ਛੇ ਮਹੀਨੇ ਪਹਿਲਾਂ ਇਹ ਆਪਣੇ ਕਾਲਜ ਤੋਂ ਏਸੇ ਵਜ੍ਹਾ ਨਾਲ਼ ਰੈੱਸਟੀਕੇਟ ਤੱਕ ਹੋ ਚੁੱਕੀ ਏ।'

ਤੇਜਵੀਰ ਦੇ ਇਸ ਖ਼ੁਲਾਸੇ 'ਤੇ ਢਿੱਲੋਂ ਸਾਹਬ ਦੀਆਂ ਅੱਖਾਂ ਹੈਰਾਨੀ ਨਾਲ਼ ਫਟੀਆਂ ਰਹਿ ਗਈ।

'ਆਈ ਡੌਂਟ ਬਿਲੀਵ ਦਿਸ।' ਢਿੱਲੋਂ ਸਾਹਬ ਜਿਵੇਂ ਕਿਸੇ ਖੂਹ 'ਚੋਂ ਬੋਲੇ।

'ਮੈਡਮ, ਏਨੀ ਗਰਮੀ 'ਚ ਪੂਰੀਆਂ ਬਾਹਾਂ ਵਾਲ਼ਾ ਟਰੈਕ ਸੂਟ ਪਾਇਆ ਤੁਸੀਂ, ਜ਼ਰਾ ਆਪਣੀਆਂ ਆਸਤੀਨਾਂ ਹੀ ਚੜ੍ਹਾ ਲਓ।'

ਸਿੰਮੀ ਨੇ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ।

ਥਿੰਦ ਦੇ ਸਖ਼ਤੀ ਨਾਲ਼ ਜ਼ੋਰ ਦੇਣ 'ਤੇ ਜਦੋਂ ਉਸਨੇ ਮਜਬੂਰੀ ਵੱਸ ਆਸਤੀਨਾਂ ਚੜ੍ਹਾਈਆਂ ਤਾਂ ਉਸਦੀਆਂ ਬਾਹਾਂ 'ਤੇ ਇੰਜੈਕਸ਼ਨ ਦੀਆਂ



ਸੂਈਆਂ ਦੇ ਬੇਸ਼ੁਮਾਰ ਨਿਸ਼ਾਨ ਸਨ।

'ਗਗਨ, ਤੈਨੂੰ ਯਾਦ ਏ, ਮੈਡਮ ਨਾਲ਼ ਹੋਈ ਪਹਿਲੀ ਮੁਲਾਕਾਤ ਦੌਰਾਨ ਇਨ੍ਹਾਂ ਦੀਆਂ ਹਰਕਤਾਂ ਦੀ ? ਉਸ ਵੇਲ਼ੇ ਤਲਬ ਲੱਗੀ ਹੋਈ ਸੀ ਮੈਡਮ ਨੂੰ, ਪਰ ਇਹ ਗੱਲ ਮੈਨੂੰ ਫ਼ੌਰਨ ਸਮਝ ਨਾ ਆਈ, ਰਤਾ ਠਹਿਰ ਕੇ ਆਈ।'

'ਇਹ ਤਾਂ ਪਤੰਦਰ ਸ਼ਰਲੱਕ ਹੋਮਜ਼ ਦੇ ਵੀ ਖੰਭ ਕੁਤਰੀ ਜਾਂਦਾ।'

'ਪਰ ਇਸ ਨਾਲ਼ ਇਹ ਸਾਬਿਤ ਤਾਂ ਨੀਂ ਹੁੰਦਾ, ਬਈ ਰੁਪਿੰਦਰ ਦਾ ਕਤਲ ਮੈਂ ਕੀਤਾ ?'

ਤੇਜਵੀਰ ਨੇ ਆਪਣੀ ਜੇਬ ਵਿੱਚ ਹੱਥ ਪਾ ਕੇ, ਇੱਕ ਪਤਲੀ ਨਾਈਲੋਨ ਦੀ ਰੱਸੀ ਬਾਹਰ ਕੱਢੀ।

ਇਹ ਰੱਸੀ ਹੂ-ਬ-ਹੂ ਉਸ ਰੱਸੀ ਵਰਗੀ ਸੀ, ਜੋ ਆਲਾਏ-ਕਤਲ ਸੀ।

'ਇਸ ਰੱਸੀ ਨੂੰ ਪਛਾਣਦੇ ਓਂ ਮੈਡਮ ?'

'ਨਹੀਂ।'

ਤੇਜਵੀਰ ਦੀ ਇਹ ਹਰਕਤ ਉਸਦੇ ਸਮਝ ਨਾ ਆਈ।

'ਇਹ ਰੱਸੀ ਮੈਂ ਕਿੱਥੋਂ ਖ਼ਰੀਦੀ ਏ, ਜਾਨਣਾ ਨਹੀਂ ਚਾਹੋਗੇ ਮੈਡਮ ?'

ਸਿੰਮੀ ਦੇ ਦਿਲ 'ਚ ਡੂੰਘਾ ਹੌਲ ਪਿਆ।

'ਚਲੋ, ਮੈਂ ਹੀ ਦੱਸ ਦਿੰਨਾਂ, ਇਹ ਰੱਸੀ ਮੈਂ ਤੁਹਾਡੇ ਮਨਪਸੰਦ 'ਕੈਫ਼ੇਟੇਰੀਆ' ਦੀ ਹੇਠਲੀ ਮੰਜ਼ਿਲ ਵਿਚ ਖੁੱਲ੍ਹੇ ਹਾਰਡਵੇਅਰ ਸਟੋਰ ਤੋਂ ਖ਼ਰੀਦੀ ਏ।' ਤੇਜਵੀਰ ਨੇ ਬੜੀ ਰਹੱਸਮਈ ਸੁਰ 'ਚ ਆਖਿਆ।

ਸਿੰਮੀ ਦਾ ਦਿਲ ਬੈਠ ਗਿਆ।

ਤੇਜਵੀਰ ਨੇ ਥਿੰਦ ਨੂੰ ਫਿਰ ਇਸ਼ਾਰਾ ਕੀਤਾ।

ਪਰ ਇਸ ਵਾਰ ਘੰਟੀ ਨਹੀਂ ਖੜਕੀ।

ਥਿੰਦ ਦਾ ਹੱਥ ਘੰਟੀ ਦੀ ਦਿਸ਼ਾ ਵੱਲ ਨਾ ਜਾ ਕੇ, ਆਪਣੇ ਆਫ਼ਿਸ ਟੇਬਲ ਦੀ ਦਰਾਜ 'ਤੇ ਜਾ ਪਿਆ।

ਉਸਨੇ ਚੁੱਪਚਾਪ ਦਰਾਜ ਵਿੱਚੋਂ ਪੌਲੀਥੀਨ ਦਾ ਇੱਕ ਸੀਲਬੰਦ ਲਿਫ਼ਾਫ਼ਾ ਬਰਾਮਦ ਕੀਤਾ ਅਤੇ ਸਿੰਮੀ ਦੇ ਸਾਹਮਣੇ ਰੱਖ ਦਿੱਤਾ।

ਉਸ ਸੀਲਬੰਦ ਲਿਫ਼ਾਫ਼ੇ ਅੰਦਰ ਉਹੀ ਪੇਚਕਸ ਸੀ, ਜੋ ਚਾਰਦੀਵਾਰੀ ਕੋਲੋਂ ਬਰਾਮਦ ਹੋਇਆ ਸੀ।

'ਚਲੋ ਰੱਸੀ ਨੂੰ ਨਾ ਸਹੀ, ਇਸ ਪੇਚਕਸ ਨੂੰ ਤਾਂ ਜ਼ਰੂਰ ਪਛਾਣਦੇ ਹੋਵੋਗੇ ? ਆਖ਼ਿਰ ਤੁਹਾਡਾ ਹੀ ਤਾਂ ਹੈ।' ਉਸਨੇ ਬੜੀ ਹੈਰਾਨੀ ਨਾਲ਼ ਮੂੰਹ ਉਤਾਂਹ ਚੁੱਕਿਆ।

'ਤੁਹਾਡੀ ਜਾਣਕਾਰੀ ਲਈ ਦੱਸਦਿਆਂ ਕਿ ਇਹ ਪੁਲਿਸ ਨੂੰ ਉਥੋਂ ਬਰਾਮਦ ਹੋਇਆ, ਜਿੱਥੇ ਤੁਸੀਂ ਬੇਧਿਆਨੀ ਨਾਲ਼ ਆਪਣੀ ਜੇਬੋਂ ਸੁੱਟ ਆਏ ਸੀ, ਨਹੀਂ ਸਮਝੇ ? ਜਦੋਂ ਕਤਲ ਕਰਕੇ ਜਾਂਦੇ ਸਮੇਂ ਤੁਸੀਂ ਚਾਰਦੀਵਾਰੀ ਟੱਪਣ ਲੱਗੇ ਸੀ, ਯਾਦ ਆਇਆ ?'

ਇਨਕਾਰ ਕਰਨ ਲਈ ਉਸਦੇ ਮੂੰਹੋਂ ਬੋਲ ਨਾ ਫੁੱਟਿਆ।

'ਵੈਸੇ ਇੱਕ ਹੋਰ ਰਾਜ਼ ਦੀ ਗੱਲ ਦੱਸ ਦਿੰਨਾ,' ਤੇਜਵੀਰ ਨੇ ਅੱਗੇ ਝੁਕਦਿਆਂ ਆਪਣੀ ਸੁਰ ਨੂੰ ਬੜਾ ਹੀ ਰਹੱਸਮਈ ਬਣਾਉਂਦਿਆਂ ਆਖਿਆ, 'ਇਸ ਉੱਪਰ ਤੁਹਾਡੀਆਂ ਉਂਗਲ਼ਾਂ ਦੇ ਨਿਸ਼ਾਨ ਵੀ ਨੇ।'

'ਉ-ਉਂਗਲ਼ਾਂ ਦੇ ਨਿਸ਼ਾਨ ?'

'ਜੀ ਹਾਂ, ਮੈਡਮ ਜੀ, ਜਿਸ ਗਿਲਾਸ 'ਚ ਆਉਂਦੇ ਸਾਰ ਹੀ ਤੁਸੀਂ ਪਾਣੀ ਪੀਤਾ, ਉਸ ਉੱਪਰੋਂ ਉਠਾਏ ਤੁਹਾਡੇ ਫ਼ਿੰਗਰ ਪ੍ਰਿੰਟਜ਼ ਨੂੰ, ਇਸ ਪੇਚਕਸ ਤੋਂ ਉਠਾਏ ਫ਼ਿੰਗਰ ਪ੍ਰਿੰਟਜ਼ ਨਾਲ਼ ਮੈਚ ਕੀਤਾ ਜਾ ਚੁੱਕਾ ਏ ਤੇ ਰਿਪੋਰਟ ਪਾਜ਼ੇਟਿਵ ਏ।'

ਸਿੰਮੀ ਦੇ ਸਾਰੇ ਕਸ-ਬਲ ਨਿਕਲ ਗਏ, ਤੇ ਉਹ ਨਿਢਾਲ ਜਿਹੀ ਹੋ, ਕੁਰਸੀ 'ਤੇ ਢੇਰੀ ਹੋ ਗਈ।

'ਤਾਂ ਇਹ ਸੀ ਸਿਪਾਹੀ ਦੀ ਮੁਸਤੈਦੀ ਦਾ ਰਾਜ਼।'

ਗਗਨ ਜਿਵੇਂ ਜਾਦੂ ਦਾ ਖੇਲ੍ਹ ਦੇਖ ਰਿਹਾ ਸੀ।

'ਇਹ ਵੀ ਦੱਸ ਦਿਆਂ ਕਿ ਆਲਾਏ-ਕਤਲ ਰੱਸੀ ਅਤੇ ਇਹ ਪੇਚਕਸ, ਤੁਸੀਂ ਕਤਲ ਦੀ ਵਾਰਦਾਤ ਵਾਲ਼ੇ ਦਿਨ, ਉਸੇ ਹਾਰਡਵੇਅਰ ਸਟੋਰ ਤੋਂ ਖ਼ਰੀਦੇ ਸਨ, ਜਿਸ ਬਾਰੇ ਮੈਂ ਗੱਲ ਕਰ ਰਿਹਾ ਸੀ। ਉਸ ਸਟੋਰ ਦੇ ਮਾਲਿਕ ਨੂੰ ਬੜੀ ਚੰਗੀ ਤਰ੍ਹਾਂ ਯਾਦ ਏ, ਕਿ ਇਹ ਸਾਮਾਨ ਉਸਨੇ ਕਿਸਨੂੰ ਵੇਚਿਆ ਸੀ ਅਤੇ ਉਸਨੇ ਬੜੇ ਸਾਫ਼-ਸਾਫ਼ ਸ਼ਬਦਾਂ 'ਚ ਉਸ ਗ੍ਰਾਹਕ ਵਜੋਂ ਤੁਹਾਡੀ ਸਿੱਕਾਬੰਦ ਸ਼ਨਾਖ਼ਤ ਕੀਤੀ ਏ ਮੈਡਮ।' ਤੇਜਵੀਰ ਨੇ ਬੜੇ ਡਰਾਮਾਈ ਅੰਦਾਜ਼ ਵਿਚ, ਇੱਕ-ਇੱਕ ਸ਼ਬਦ ਉੱਪਰ ਜ਼ੋਰ ਦਿੰਦਿਆਂ ਆਖਿਆ। ਰਹੀ-ਸਹੀ ਕਸਰ ਵੀ ਪੂਰੀ ਹੋ ਗਈ ਸੀ।

ਅੰਦਰੋਂ-ਅੰਦਰੀਂ ਪੂਰੀ ਤਰ੍ਹਾਂ ਟੁੱਟ ਚੁੱਕੀ ਸਿੰਮੀ ਦੀਆਂ ਅੱਖਾਂ 'ਚੋਂ, ਦੋ ਮੋਟੇ-ਮੋਟੇ ਹੰਝੂਆਂ ਦੀਆਂ ਬੂੰਦਾਂ, ਉਸਦੀਆਂ ਗੱਲ੍ਹਾਂ 'ਤੇ ਡਿੱਗ ਕੇ ਹੇਠਾਂ ਨੂੰ ਵਹਿ ਤੁਰੀਆਂ।

'ਚ-ਚ-ਚ, ਦੇਖੋ ਮੈਡਮ, ਤੁਹਾਡੇ ਅੱਥਰੂਆਂ ਨੇ ਤਾਂ ਤੁਹਾਡੀ ਗੱਲ੍ਹ 'ਤੇ ਲੱਗੀ ਬੈਂਡੇਜ ਹੀ ਖ਼ਰਾਬ ਕਰ ਦਿੱਤੀ, ਵੈਸੇ ਇਹ ਬੈਂਡੇਜ ਕਿਉਂ ਲਗਾਈ ਏ ਤੁਸੀਂ ? ਕੋਈ ਚੋਟ ਲੱਗ ਗਈ ਸੀ ਜਾਂ ਕੋਈ ਝਰੀਟ ? ਚ-ਚ-ਚ, ਰੁਪਿੰਦਰ ਦੇ ਨੇਲਜ਼ ਸੀ ਹੀ ਬੜੇ ਸ਼ਾਰਪ, ਹੈ ਨਾ ? ਤੁਹਾਡੇ ਚਿਹਰੇ ਦੀ ਚਮੜੀ ਅਤੇ ਖ਼ੂਨ ਦੇ ਸੈਂਪਲ ਵੀ ਉਨ੍ਹਾਂ 'ਚ ਹੀ ਫਸੇ ਰਹਿ ਗਏ। ਪਰ ਫ਼ਿਕਰ ਦੀ ਕੋਈ ਗੱਲ ਨਹੀਂ, ਪੁਲਿਸ ਨੇ ਬੜੇ ਸੰਭਾਲ਼ ਕੇ ਰੱਖੇ ਹੋਏ ਨੇ।'

ਤੇਜਵੀਰ ਦੇ ਵਿਅੰਗਾਤਮਕ ਅੱਤ ਕਠੋਰ ਅਲਫ਼ਾਜ਼ ਪੂਰੇ ਕਮਰੇ 'ਚ ਗੂੰਜੇ।

ਖੇਰੂੰ-ਖੇਰੂੰ ਹੋ ਚੁੱਕੀ ਸਿੰਮੀ ਨੇ ਪਨਾਹ ਮੰਗਦੀਆਂ ਨਜ਼ਰਾਂ ਨਾਲ਼ ਤੇਜਵੀਰ ਵੱਲ ਦੇਖਿਆ।

'ਇਟਸ ਓਵਰ ਸਿੰਮੀ, ਇਟਸ ਆੱਲ ਓਵਰ।'

ਰਤਾ ਧੀਮੀ, ਪਰ ਨਿਰਣਾਇਕ ਸੁਰ।

ਉਸਨੇ ਇੱਕ ਗਹਿਰੀ ਹਿਚਕੀ ਲਈ ਅਤੇ ਆਪਣੀਆਂ ਅੱਖਾਂ 'ਤੇ ਹੱਥ ਰੱਖ, ਕੁਰਸੀ 'ਤੇ ਬੈਠੀ-ਬੈਠੀ ਹੀ, ਸਾਹਮਣੇ ਟੇਬਲ 'ਤੇ ਢੇਰੀ ਹੋ ਕੇ, ਹਿਚਕੀਆਂ ਭਰਨ ਲੱਗ ਪਈ।

ਤੇਜਵੀਰ ਆਪਣੀ ਕੁਰਸੀ 'ਤੋਂ ਉੱਠ ਕੇ ਉਸਦੇ ਪਿੱਛੇ ਜਾ ਖਲੋਇਆ।

ਉਸਨੇ ਹਲਕੇ ਜਿਹੇ ਆਪਣੇ ਦੋਨੋਂ ਹੱਥ ਉਸਦੇ ਮੋਢਿਆਂ 'ਤੇ ਰੱਖੇ ਅਤੇ ਉਸਦੇ ਕੰਨ ਕੋਲ਼ ਮੂੰਹ ਝੁਕਾ ਕੇ, ਬੜੀ ਨਰਮ ਸੁਰ 'ਚ ਆਖਿਆ।

'ਆਪਣਾ ਗ਼ੁਨਾਹ ਕਬੂਲ ਕਰ ਲੈ ਸਿੰਮੀ। ਇਉਂ ਸ਼ਾਇਦ ਕਾਨੂੰਨ ਨੂੰ ਤੇਰੇ 'ਤੇ ਕੁਝ ਰਹਿਮ ਆ ਜਾਏ ਤੇ ਸ਼ਾਇਦ ਰੱਬ ਨੂੰ ਵੀ।'

ਉਹ ਟੇਬਲ 'ਤੇ ਸਿਰ ਰੱਖੀ, ਭੁੱਬਾਂ ਮਾਰ-ਮਾਰ ਕੇ ਰੋ ਪਈ।

ਸਿੰਮੀ ਨੇ ਬਿਨਾਂ ਕਿਸੇ ਹੁੱਜਤ ਦੇ ਆਪਣੇ ਜੁਰਮ ਦਾ ਇਕਬਾਲ ਕਰ ਲਿਆ।

ਆਪਣੇ ਇਕਬਾਲੀਆ ਬਿਆਨ ਵਿੱਚ ਕਤਲ ਦੀ ਵਜ੍ਹਾ ਉਸ ਨੇ ਰੁਪਿੰਦਰ ਪ੍ਰਤੀ ਆਪਣੀ ਈਰਖਾ ਦੀ ਪ੍ਰਬਲ ਭਾਵਨਾ ਨੂੰ ਦਰਸਾਇਆ। ਉਸਨੂੰ ਢਿੱਲੋਂ ਪਰਿਵਾਰ ਵਿੱਚ ਕਦੇ ਵੀ ਇੱਕ ਬੇਟੀ ਦਾ ਦਰਜਾ ਪ੍ਰਾਪਤ ਨਾ ਹੋਇਆ, ਜਦਕਿ ਰੁਪਿੰਦਰ ਆਪਣੇ ਮਾਂ-ਬਾਪ ਦੀਆਂ ਅੱਖਾਂ ਦਾ ਤਾਰਾ ਸੀ। ਢਿੱਲੋਂ ਸਾਹਬ ਦੀਆਂ ਨਜ਼ਰਾਂ 'ਚ ਸ਼ੁਰੂ ਤੋਂ ਹੀ ਸਿੰਮੀ ਦੀਆਂ ਹਰਕਤਾਂ ਵਿੱਚ 'ਕਲਾਸ' ਨਹੀਂ ਸੀ। ਛੋਟੀ ਉਮਰੇ ਹੀ ਆਪਣੇ ਮਾਂ-ਬਾਪ ਖੋ ਚੁੱਕੀ ਸਿੰਮੀ, ਢਿੱਲੋਂ ਸਾਹਬ ਦੇ ਘਰ ਆ ਕੇ ਵੀ ਇੱਕ ਅਨਾਥ ਦੀ ਤਰ੍ਹਾਂ ਹੀ ਪਲ਼ੀ। ਢਿੱਲੋਂ ਸਾਹਬ ਦੀਆਂ ਨਜ਼ਰਾਂ 'ਚ ਉਹ ਮਹਿਜ਼ ਇੱਕ ਜ਼ਿੰਮੇਵਾਰੀ ਸੀ, ਜੋ ਮਜਬੂਰੀ ਵੱਸ ਉਨ੍ਹਾਂ ਦੇ ਗਲ਼ ਆ ਪਈ ਸੀ।

ਬਚਪਨ ਤੋਂ ਹੀ ਅੰਦਰੋਂ-ਅੰਦਰੀਂ ਵਿਹੁ ਘੋਲ਼ਦੀ ਸਿੰਮੀ ਦੇ ਸੁਭਾਅ 'ਚ ਅੱਖੜਪੁਣਾ ਵਧਦਾ ਹੀ ਗਿਆ ਅਤੇ ਇਸ ਨਾਲ਼ ਉਹ ਢਿੱਲੋਂ ਸਾਹਬ ਦੀਆਂ ਨਜ਼ਰਾਂ 'ਚ ਲਗਾਤਾਰ ਗਿਰਦੀ ਗਈ। ਜਦਕਿ ਰੁਪਿੰਦਰ ਹਮੇਸ਼ਾ ਤੋਂ ਹੀ ਆਪਣੇ ਮਾਂ-ਬਾਪ ਦੀ ਚਹੇਤੀ ਬਣੀ ਰਹੀ। ਹੌਲ਼ੀ-ਹੌਲ਼ੀ ਸਿੰਮੀ ਦੇ ਦਿਮਾਗ਼ 'ਚ ਇਹ ਗੱਲ ਘਰ ਕਰ ਗਈ ਕਿ ਰੁਪਿੰਦਰ ਦੀ ਵਜ੍ਹਾ ਕਰਕੇ ਹੀ ਢਿੱਲੋਂ ਦੰਪਤੀ ਨੂੰ ਉਸਦੀ ਲੋੜ ਮਹਿਸੂਸ ਨਹੀਂ ਹੁੰਦੀ। ਜੇ ਉਸ ਨੂੰ ਢਿੱਲੋਂ ਪਰਿਵਾਰ ਵਿੱਚ ਆਪਣਾ ਦਰਜਾ ਵਧਾਉਣਾ ਹੈ ਤਾਂ ਰੁਪਿੰਦਰ ਦਾ ਦਰਜਾ ਘਟਾਉਣਾ ਪਏਗਾ। ਪਰ ਉਸਦੀ ਕੋਈ ਪੇਸ਼ ਨਹੀਂ ਚੱਲ ਰਹੀ ਸੀ। ਉੱਪਰੋਂ-ਉੱਪਰੀਂ ਪਿਆਰ ਜਤਾਉਂਦੀ ਪਰ ਅੰਦਰੋਂ-ਅੰਦਰੀਂ ਵਿਹੁ ਘੋਲ਼ਦੀ ਸਿੰਮੀ, ਆਪਣੀ ਇਸ ਜ਼ਹਿਰੀ ਮਾਨਸਿਕਤਾ ਦੇ ਪ੍ਰਭਾਵ ਹੇਠ ਡਰੱਗਜ਼ ਲੈਣ ਲੱਗ ਪਈ।

ਰੁਪਿੰਦਰ ਨੂੰ ਡਰੱਗਜ਼ ਦੀ ਲਤ ਲਗਾਉਣ ਪਿੱਛੇ ਉਸਦਾ ਦੋਹਰਾ ਮਕਸਦ ਹੱਲ ਹੁੰਦਾ ਸੀ। ਇੱਕ ਤਾਂ ਇਸ ਤਰ੍ਹਾਂ ਨਾਲ਼ ਡਰੱਗਜ਼ ਉੱਪਰ ਹੋਣ ਵਾਲ਼ਾ ਖ਼ਰਚਾ ਉਹ ਰੁਪਿੰਦਰ ਤੋਂ ਵਸੂਲ ਕਰ ਸਕਦੀ ਸੀ, ਇਸ ਨਾਲ਼ ਵਧਦੇ ਖ਼ਰਚਿਆਂ ਦੇ ਮੱਦੇਨਜ਼ਰ ਪਰਿਵਾਰ ਦੀ ਗਾਜ ਵੀ ਰੁਪਿੰਦਰ ਉੱਪਰ ਹੀ ਡਿੱਗਦੀ ਅਤੇ ਦੂਸਰਾ ਇਸ ਨਾਲ਼ ਰੁਪਿੰਦਰ ਆਪਣੇ ਪਰਿਵਾਰ ਤੋਂ ਦੂਰ ਹੋ ਜਾਂਦੀ। ਰੁਪਿੰਦਰ ਪਹਿਲਾਂ-ਪਹਿਲਾਂ ਆਪਣੇ ਪਰਿਵਾਰ ਤੋਂ ਦੂਰ ਤਾਂ ਨਾ ਹੋਈ, ਪਰ ਉਸਦੇ ਜ਼ਰੀਏ ਉਨ੍ਹਾਂ ਦੀ ਨਸ਼ੇਬਾਜ਼ੀ ਦੇ ਖ਼ਰਚੇ ਬੇਰੋਕ-ਟੋਕ ਚੱਲਦੇ ਰਹੇ।

ਹਾਲਾਤਾਂ ਨੇ ਕਰਵਟ ਓਸ ਵੇਲ਼ੇ ਬਦਲੀ ਜਦੋਂ ਰੁਪਿੰਦਰ ਦਾ ਦਾਖਲਾ ਐੱਸ.ਬੀ.ਐੱਸ ਕਾਲਜ 'ਚ ਹੋ ਗਿਆ ਅਤੇ ਉਹ ਹੋਸਟਲ ਵਿੱਚ ਰਹਿਣ ਲਈ ਲੁਧਿਆਣੇ ਚਲੀ ਗਈ। ਵੈਸੇ ਤਾਂ ਇਸ ਤਰ੍ਹਾਂ ਹੋਣ ਨਾਲ਼ ਸਿੰਮੀ ਸਗੋਂ ਖ਼ੁਸ਼ ਹੋਈ ਕਿ ਹੁਣ ਰੁਪਿੰਦਰ ਆਪਣੇ ਮਾਂ-ਬਾਪ ਤੋਂ ਦੂਰ ਰਹੇਗੀ। ਇੰਝ ਸੋਚਣ ਨਾਲ਼ ਅੰਦਰੋਂ-ਅੰਦਰੀਂ ਉਸਦੇ ਈਰਖਾ ਭਰੇ ਮਨ ਨੂੰ ਬੜੀ ਤਸਕੀਨ ਹਾਸਿਲ ਹੁੰਦੀ। (ਚਲਦਾ)



ਵਰਿਆਮ ਸਿੰਘ ਸੰਧੂ

ਕਹਾਣੀ

# ਦਲਦਲ

ਅੰਤਿਮ ਕਿਸ਼ਤ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਬਹੁਤ ਸਾਲ ਪਹਿਲਾਂ ਜਦੋਂ ਇਕ ਸ਼ਹਿਰ ਵਿੱਚ ਕੁਝ ਵਿਦਿਆਰਥੀ ਪੁਲਿਸ ਵੱਲੋਂ ਮਾਰ ਦਿੱਤੇ ਜਾਣ 'ਤੇ ਸਾਰੇ ਪੰਜਾਬ 'ਚ ਸਰਕਾਰ ਵਿਰੁੱਧ ਲਹਿਰ ਉਠ ਖੜ੍ਹੀ ਹੋਣ 'ਤੇ ਇਹਤਿਆਤ ਵਜੋਂ ਉਸ ਨੂੰ ਪੁਲਿਸ ਨੇ ਫੜ ਲਿਆ ਸੀ ਤਾਂ ਉਦੋਂ ਕੁਝ ਦਿਨ ਪਹਿਲਾਂ ਉਸ ਦੇ ਪਿਤਾ ਦੀ ਹੋਈ ਮੌਤ ਦਾ ਅਫ਼ਸੋਸ ਕਰਨ ਆਈ ਉਸ ਦੀ ਭੈਣ ਦੀ ਦੂਰ ਦੀ, 'ਬਾਹਰ-ਅੰਦਰ' ਮਿਲਣ ਵਾਲੀ ਸਹੇਲੀ ਕਹਿ ਰਹੀ ਸੀ, 'ਭੈਣੇ, ਭਾਊ ਦੇ ਮਰਨ ਨਾਲ ਸਾਰਾ ਭਾਰ ਪੈ ਗਿਆ ਵਿਚਾਰੇ ਛੋਟੇ ਵੀਰ ਦੇ ਸਿਰ। ਵੱਡਾ ਵੀਰ ਤਾਂ ਮੈਂ ਸੁਣਿਐਂ ਨਲਾਇਕ ਹੀ ਨਿਕਲਿਆ।'

ਉਸ ਸੋਚਿਆ, 'ਇਹ ਤਾਂ ਮੇਰੇ ਵਰਗੇ ਕਮਲੇ ਤੇ ਨਲਾਇਕ ਬੰਦਿਆਂ ਦਾ ਕੰਮ ਸੀ ਕਿ ਲੋਕਾਂ ਦੇ ਕੰਮਾਂ ਵਿਚ ਟੰਗਾਂ ਅੜਾਉਂਦੇ ਫਿਰਨ। ਉਸ ਨੂੰ ਲੱਗਾ, ਉਸ ਕੁੜੀ ਦੇ ਵਿਚਾਰ ਆਮ ਲੋਕਾਂ ਦੇ ਵਿਚਾਰ ਸਨ ਤੇ ਪਿੰਡ ਦੇ ਚੌਧਰੀ ਵੀ ਉਸ ਨੂੰ ਅੰਦਰੋਂ ਕਿਹੜਾ ਚੰਗਾ ਸਮਝਦੇ ਸਨ। ਲੋਕਾਂ ਲਈ ਲੜਦਾ ਮਰਦਾ ਸੀ ਤਾਂ ਉਹ ਨਲਾਇਕ ਤੇ ਨਿਕੰਮਾ ਸੀ, ਪਰ ਜਦੋਂ ਆਰਾਮ ਨਾਲ ਵਧੀਆ ਨੌਕਰੀ 'ਤੇ ਲੱਗ ਗਿਆ ਸੀ ਤਾਂ ਸਾਰੇ ਲੋਕ ਕਹਿੰਦੇ, 'ਪਹਿਲੇ ਕੰਮ ਛੱਡ'ਤੇ ਜੀ।' ਉਹ ਉਸ ਵੱਲ ਇੰਜ ਵੇਖਦੇ, ਜਿਵੇਂ ਉਹ ਪਹਿਲਾਂ ਡਾਕੇ ਮਾਰਦਾ ਹੁੰਦਾ ਸੀ ਜਾਂ ਦਸ-ਨੰਬਰੀਆ ਬਦਮਾਸ਼ ਸੀ।'ਚਲੋ ਚੰਗਾ ਕੀਤਾ ਜੇ। ਅੱਜ ਕੱਲ੍ਹ ਜ਼ਮਾਨਾ ਵੀ ਨ੍ਹੀਂ ਇਹੋ ਜਿਹੇ ਕੰਮਾਂ ਦਾ। ਕੋਈ ਨ੍ਹੀਂ ਕਿਸੇ ਦੀ ਮਦਦ ਲਈ ਬਹੁੜਦਾ, ਸਭ ਨੂੰ ਆਪੋ-ਆਪਣੀ ਪਈ ਹੋਈ ਏ।' ਤੇ ਜਦੋਂ ਉਹ ਸਰਪੰਚ ਦੇ ਚੁਬਾਰੇ ਵਿਚ ਵੜਿਆ ਤਾਂ ਵੇਖਿਆ, ਉਨ੍ਹਾਂ ਪਿਉ-ਪੁੱਤਰਾਂ ਵਿਚਕਾਰ ਵੀ ਲਗਭਗ ਇਸੇ ਮਸਲੇ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਪਿਉ ਪੁਰਾਣਾ ਬੰਦਾ ਸੀ। ਮੁਢਲਿਆਂ ਵਿਚ ਦੋ ਵਾਰ ਆਪ ਵੀ ਸਰਪੰਚ ਰਹਿ ਚੁੱਕਾ ਸੀ। ਉਸ ਨੇ ਜ਼ਮਾਨੇ ਦੇ ਸਭ ਉਤਰਾਅ-ਚੜ੍ਹਾਅ ਵੇਖੇ ਹੋਏ ਸਨ। ਸਰਪੰਚ ਨੰਗੀ ਕੀਤੀ ਗਈ ਔਰਤ ਦੀ ਮਜ਼ਲੂਮ ਧਿਰ ਵੱਲ ਸੀ, ਤੇ ਉਹ ਸ਼ਾਮੀਂ ਘਟਨਾ ਵਾਪਰਨ ਤੋਂ ਪਿੱਛੋਂ ਆਪ ਇਕੱਲਾ ਥਾਣੇਦਾਰ ਨੂੰ ਮਿਲ ਕੇ ਆਇਆ ਸੀ, ਤੇ ਮਜ਼ਲੂਮ ਧਿਰ ਦੀ ਮਦਦ ਕਰਨ ਲਈ ਕਹਿ ਕੇ ਆਇਆ ਸੀ। ਘਰ ਉਸ ਦਾ ਪਿਤਾ ਕਹਿ ਰਿਹਾ ਸੀ ਕਿ ਜੀਤੂ ਹੁਰਾਂ ਨੇ ਵੋਟਾਂ ਵਿੱਚ ਉਨ੍ਹਾਂ ਦੀ ਡਟਵੀਂ ਮਦਦ ਕੀਤੀ ਸੀ। ਉਂਜ ਵੀ ਉਹ ਬੰਦਿਆਂ ਵਾਲੇ ਸਨ,



ਮਾਰ-ਖੋਰੇ ਸਨ। ਲੋੜ ਸਮੇਂ ਹਰ ਵੇਲੇ ਮੋਢੇ ਨਾਲ ਮੋਢਾ ਦੇਣ ਲਈ ਤਿਆਰ ਰਹਿੰਦੇ ਸਨ, ਤੇ ਇਸ ਤੋਂ ਵੱਧ ਉਹ ਰਾਤੀਂ ਅੱਧੀ ਰਾਤ ਤੱਕ ਉਨ੍ਹਾਂ ਦੇ ਘਰ ਆ ਕੇ ਬੈਠੇ ਰਹੇ ਸਨ ਤੇ ਤਰਲੇ ਕਰਦੇ ਰਹੇ ਸਨ ਕਿ ਉਹ ਉਨ੍ਹਾਂ ਦੀ ਮੁਖਾਲਫ਼ਤ ਨਾ ਕਰੇ। ਉਹ ਤਾਂ ਉਨ੍ਹਾਂ ਦੇ ਹੱਥੀਂ-ਬੱਧੇ ਗੁਲਾਮ ਸਨ। ਨਾ ਕਦੀ ਅੱਗੇ ਉਸ ਤੋਂ ਭੱਜੇ ਸਨ ਤੇ ਨਾ ਅਗਾਂਹ ਭੱਜਣਗੇ। ਉਨ੍ਹਾਂ ਨੇ ਆਪਣੇ ਬੰਦੇ ਇਲਾਕੇ ਦੇ ਸਰਕਾਰੀ ਐਮ. ਐਲ. ਏ. ਵੱਲ ਵੀ ਭੇਜੇ ਸਨ। ਥਾਣੇਦਾਰ ਨੂੰ ਵੀ ਉਨ੍ਹਾਂ ਪਹੁੰਚ ਕੀਤੀ ਸੀ, ਪਰ ਸਰਪੰਚ 'ਆਪਣੇ ਬੰਦਿਆਂ' ਨੂੰ ਛੱਡ ਕੇ ਰਾਤੀਂ ਦੂਜੀ ਧਿਰ ਵੱਲੋਂ ਥਾਣੇਦਾਰ ਵੱਲ ਕਿਉਂ ਗਿਆ ਸੀ?

'ਤੇ ਫੇਰ ਵੇਖੋ ਜੀ, ਜਿਨ੍ਹਾਂ ਦੀ ਇਹ ਮਦਦ ਕਰਦਾ ਜੇ, ਉਹ ਆਪ ਡਰਦੇ ਰਾਤੀਂ ਘਰੋਂ ਈ ਭੱਜੇ ਰਹੇ ਜੇ। ਹੁਣ ਤੁਹਾਡੇ ਅੱਗੇ ਅੱਗੇ ਈ ਹੋ ਕੇ ਗਏ ਜੇ।' ਸਰਪੰਚ ਦਾ ਪਿਉ ਉਸ ਵੱਲ ਮੂੰਹ ਕਰ ਕੇ ਕਹਿਣ ਲੱਗਾ, 'ਤੇ ਸਾਡੇ ਸਰਦਾਰ ਹੁਰੀਂ ਰਾਤ ਦੇ ਭੱਜੇ ਫਿਰਦੇ ਜੇ। ਅਖੇ, ਮੁਦੱਈ ਸੁਸਤ ਗਵਾਹ ਚੁਸਤ।' ਉਸ ਨੇ ਰੋਟੀ ਖਾ ਰਹੇ ਸਰਪੰਚ ਵੱਲ ਇਸ਼ਾਰਾ ਕੀਤਾ। ਸਰਪੰਚ ਵੀ ਹੱਸ ਪਿਆ ਤੇ ਉਹ ਵੀ, ਤੇ ਫਿਰ ਅਚਾਨਕ ਹੱਸਦਿਆਂ ਹੱਸਦਿਆਂ ਚੁੱਪ ਕਰ ਕੇ ਉਹ ਆਪ ਆਪਣੇ ਹਾਸੇ ਦਾ ਵਿਸ਼ਲੇਸ਼ਣ ਕਰਨ ਲੱਗਾ, ਉਸ ਦੇ ਹਾਸੇ ਵਿੱਚ ਸਰਪੰਚ ਦੇ ਪਿਉ ਦੀਆਂ ਗੱਲਾਂ ਨਾਲ ਉਸ ਦੀ ਜਿਵੇਂ ਅਚੇਤ ਸਹਿਮਤੀ ਸੀ।

'ਕਾਕਾ, ਆਹ ਧੁੱਪੇ ਨੀਂ ਚਿੱਟੇ ਹੋ ਗਏ?' ਬਜ਼ੁਰਗ ਨੇ ਚਿੱਟੀ ਦਾੜ੍ਹੀ ਨੂੰ ਹੱਥ ਲਾਇਆ, 'ਐਹਨਾਂ ਅੱਖਾਂ ਨੇ ਜਹਾਨ ਵੇਖਿਐ, ਲੱਖਾਂ ਉਤਰਾਅ-ਚੜ੍ਹਾਅ ਵੇਖੇ ਨੇ। ਬੰਦੇ ਨੂੰ ਤਰੀਕੇ ਨਾਲ ਚੱਲਣਾ ਚਾਹੀਦੈ। ਤੈਨੂੰ ਲੜਦੈ ਜਵਾਨੀ ਦਾ ਖ਼ੂਨ, ਹੋਰ ਕੁਝ ਨੀਂ, ਤੇ ਉਬਲਦੇ ਖ਼ੂਨ ਨਾਲ ਨੀਂ ਕਦੀ ਸਿਆਸਤਾਂ ਚੱਲੀਆਂ, ਇਹ ਠੰਢੇ-ਧੀਰੇ ਹੋਇਆਂ ਸੋਚ ਸਮਝ ਕੇ ਹੀ ਚੱਲਦੀਆਂ ਨੇ।' ਬਜ਼ੁਰਗ ਦਾ ਉਮਰ ਦਾ ਤਜਰਬਾ ਬੋਲ ਰਿਹਾ ਸੀ।'ਜਿਨ੍ਹਾਂ ਨੇ ਵੋਟਾਂ ਲੈਣੀਆਂ ਹੋਣ, ਉਹ ਨ੍ਹੀਂ ਇਹੋ ਜਿਹੇ ਪੰਗੇ ਲੈਂਦੇ। ਇਹੋ ਜਿਹੇ ਪੰਗੇ ਤਾਂ ਜਿਵੇਂ ਆਹ ਸਰਦਾਰ ਹੁਰੀਂ ਲੈਂਦੇ ਰਹੇ ਨੇ, ਉਹੋ ਜਿਹੀਆਂ ਜਥੇਬੰਦੀਆਂ ਈ ਲੈ ਸਕਦੀਆਂ।' ਬਜ਼ੁਰਗ ਉਸ ਵੱਲ ਇਸ਼ਾਰਾ ਕਰ ਕੇ ਹੱਸਿਆ ਤੇ ਫਿਰ ਇਕਦਮ ਗੰਭੀਰ ਹੋ ਕੇ ਸਰਪੰਚ ਨੂੰ ਸਮਝਾਉਣ ਲੱਗਾ, 'ਹੁਣ ਇਨ੍ਹਾਂ ਸਰਦਾਰ ਹੁਰਾਂ ਵੱਲ ਹੀ ਵੇਖ, ਇਨ੍ਹਾਂ ਨੇ ਨਵੇਂ ਲਹੂ ਦੇ ਉਬਾਲ ਵਿਚ ਕੋਈ ਇਕ ਕੰਮ ਕੀਤਾ? ਕਈਆਂ ਪਹਾੜਾਂ ਨਾਲ ਮੱਥੇ ਲਾਏ ਪਰ ਛਿੰਦਿਆ! 'ਕੱਲੇ-ਕਾਰੇ ਦੇ ਮੱਥੇ ਮਾਰਿਆਂ ਕਿਤੇ ਪਹਾੜ ਢਹਿੰਦੇ ਨੇ ਮੈਂ ਤਾਂ ਆਖੂੰ ਇਨ੍ਹਾਂ ਹੁਣ ਸਿਆਣਪ ਵਰਤੀ ਆ ਜੋ ਸਭ ਕੁਝ ਛੱਡ ਗਏ ਨੇ ਤਾਂ ਵੇਖ ਲੈ ਵਧੀਆ ਨੌਕਰੀ 'ਤੇ ਲੱਗ'ਗੇ ਆ। ਸੋਹਣੇ ਮਕਾਨ ਪਾ ਲੈ ਆ ਘਰ ਦੀ ਵਾਹੀ ਚੱਲਦੀ ਆ। ਲੋਕਾਂ ਦੀ ਸ਼ਾਵਾਸ਼ੇ ਤੇ ਬੱਲੇ ਬੱਲੇ ਵਾਧੂ ਦੀ। ਇਹ ਹੁੰਦੀ ਆ ਸਿਆਣਪ।'

ਉਹ ਦੋਹਾਂ ਪਿਉ-ਪੁੱਤਰਾਂ ਵਿਚਕਾਰ ਸਰੋਤਾ ਬਣ ਕੇ ਬੈਠਾ ਸੀ। ਬਜ਼ੁਰਗ ਵੱਲੋਂ ਦਿੱਤੀ 'ਸਿਆਣਪ' ਦੀ ਪਰਿਭਾਸ਼ਾ ਦੇ ਹੱਕ ਜਾਂ ਵਿਰੋਧ ਵਿਚ ਬੋਲਣ ਦਾ ਉਸ ਦਾ ਮਨ ਹੀ ਨਹੀਂ ਸੀ ਰਹਿ ਰਿਹਾ। ਸਰਪੰਚ ਨੇ ਮੁਸਕਰਾ ਕੇ ਢਿੱਲਾ ਪੈਂਦਿਆਂ ਉਸ ਨੂੰ ਪੁੱਛਿਆ, 'ਭਾਅ ਜੀ, ਫਿਰ ਕਿਵੇਂ ਕਰੀਏ?'

ਉਹ ਕੋਈ ਦੋ-ਟੁੱਕ ਰਾਇ ਦੇਣ ਦੀ ਸਥਿਤੀ ਵਿੱਚ ਨਹੀਂ ਸੀ ਰਹਿ ਗਿਆ। ਫਿੱਕਾ ਜਿਹਾ ਮੁਸਕਰਾਉਂਦਿਆਂ ਉਸ ਕਿਹਾ, 'ਤੁਸੀਂ ਵੀ ਠੀਕ ਓ ਤੇ ਬਜ਼ੁਰਗਾਂ ਦੀ ਗੱਲ ਵੀ ਕੁਝ ਹੱਦ ਤੱਕ ਠੀਕ ਐ।'

ਬਜ਼ੁਰਗ ਨੇ ਕਾਹਲੀ ਨਾਲ ਵਿਚੋਂ ਹੀ ਉਸ ਦੀ ਗੱਲ ਟੋਕ ਦਿੱਤੀ : 'ਇਹ ਠੀਕ ਨੀਂ ਜੀ, ਠੀਕ ਮੈਂ ਈ ਆਂ। ਉਂਜ ਵੀ ਉਨ੍ਹਾਂ ਮਿਲ ਲੈਣੈ, ਠਾਣੇਦਾਰ ਦਾ ਮੂੰਹ ਵੀ ਕਾਲਾ ਕਰ ਦੇਣੈ। ਅੱਜ ਜਾਂ ਭਲਕ ਕੋਈ ਮਾੜੀ ਮੋਟੀ ਇਨਕੁਆਰੀ ਹੋਊ ਤੇ ਹੋਣਾ-ਹਵਾਣਾ ਕੁਛ ਵੀ ਨੀਂ। ਬਹੁਤੀ ਗੱਲ ਤਾਂ ਤੂੰ ਕਿਸੇ ਪਾਸੇ ਵੀ ਨਾ ਤੁਰ ਚੁੱਪ ਰਹਿ।'

ਸਰਪੰਚ ਨੇ ਰੋਟੀ ਖਾ ਕੇ ਥਾਲੀ ਮੇਜ਼ 'ਤੇ ਇਕ ਪਾਸੇ ਕਰ ਦਿੱਤੀ। ਦੋ-ਚਿੱਤੀ ਵਿਚ ਫਸਿਆ ਦਾੜ੍ਹੀ 'ਤੇ ਹੱਥ ਫੇਰਦਾ ਹੱਸਿਆ, 'ਗੁੱਟ ਨਿਰਲੇਪ ਹੋ ਜਾਵਾਂ?'

ਏਨੇ ਚਿਰ ਵਿੱਚ ਨੌਕਰ ਚਾਹ ਦੇ ਤਿੰਨ ਪਿਆਲੇ ਬਣਵਾ ਲਿਆਇਆ। ਸਰਪੰਚ ਨੇ ਉਸ ਵੱਲ ਪਿਆਲਾ ਸਰਕਾਉਂਦਿਆਂ ਪੁੱਛਿਆ, 'ਸੱਚ ਤੁਸੀਂ ਦੱਸੋ ਭਾਅ ਜੀ, ਕਿਵੇਂ ਆਏ? ਅਸੀਂ ਤਾਂ ਤੁਹਾਨੂੰ ਗੱਲ ਕਰਨ ਦਾ ਮੌਕਾ ਈ ਨੀਂ ਦਿੱਤਾ?'

ਉਹ ਬਿਨਾਂ ਬਹੁਤਾ ਸੋਚਿਆਂ ਝੱਟ ਹੀ ਬੋਲ ਪਿਆ, 'ਮੈਂ ਉਹ ਸ਼ਹੀਦਾਂ ਦੀ ਯਾਦਗਾਰ ਸਬੰਧੀ ਤੁਹਾਡੇ ਕੋਲ ਆਇਆਂ। ਕੰਧ ਹੋਣ ਪਿਛੋਂ ਕੰਮ ਉਥੇ ਹੀ ਖੜੋਤਾ। ਮੈਂ ਕਹਿੰਦਾ ਸਾਂ, ਬਾਹਰ ਲੋਹੇ ਦਾ ਗੇਟ ਲਾ ਕੇ ਅੰਦਰ ਮਿਸਤਰੀ ਨੂੰ ਆਖ ਕੇ ਲਾਠ ਜਿਹੀ ਖੜ੍ਹੀ ਕਰਾ ਲਈਏ ਤੇ ਸ਼ਹਿਰੋਂ ਸ਼ਹੀਦਾਂ ਦੇ ਨਾਵਾਂ ਦੀ ਸਿਲ ਖੁਦਵਾ ਲਿਆਈਏ। ਮੇਰੇ ਕੋਲ ਕੁਝ ਪੈਸੇ ਪਏ ਸਨ ਮੈਂ ਸੋਚਿਆ, ਇਹ ਲੱਗ ਈ ਜਾਣ ਤਾਂ ਚੰਗਾ।'

ਉਸ ਦੀ ਗੱਲ ਸੁਣ ਕੇ ਸਰਪੰਚ ਤਾਂ ਅਜੇ ਚੁੱਪ ਈ ਸੀ ਕਿ ਉਸ ਦਾ ਪਿਉ ਬੋਲ ਪਿਆ, 'ਲੈ ਗੱਲ ਬਣ ਗਈ ਸਗੋਂ ਇਹ ਕੰਮ ਵੀ ਕਰਨ ਈ ਵਾਲੈ। ਨਿਬੇੜੋ ਵਿਚੋਂ ਦਰਵਾਜ਼ਾ ਲਾ ਕੇ ਉਥੇ ਐਵੇਂ ਕੁੱਤੇ ਹੱਗਦੇ ਫਿਰਦੇ ਨੇ।' ਤੇ ਫਿਰ ਉਸ ਨੇ ਠੋਸ ਸਲਾਹ ਦਿੰਦਿਆਂ ਕਿਹਾ, 'ਐਂਜ ਕਰੋ, ਅੱਜ ਤਾਂ ਐਤਵਾਰ ਐ ਸਿਲ ਤਾਂ ਸ਼ਹਿਰੋਂ ਖੁਦਵਾਈ ਨ੍ਹੀਂ ਜਾਣੀ ਅੱਜ। ਸ਼ਹਿਰ ਦਾ ਪ੍ਰੋਗਰਾਮ ਭਲਕ 'ਤੇ ਰੱਖ ਲੋ। ਨਾਲੇ ਅੰਬੂ ਦੀ ਕੁੜੀ ਲਈ ਭਲਕੇ ਪੰਚਾਇਤ ਵੱਲੋਂ ਤੂੰ ਭਾਂਡੇ ਵੀ ਲੈ ਕੇ ਦੇਣੇ ਨੇ ਸ਼ਹਿਰੋਂ ਤੇ ਲੋਹੇ ਦਾ ਗੇਟ ਤੁਸੀਂ ਅੱਜ ਈ ਚੌਕ ਵਿੱਚ ਬਣਨਾ ਦੇ ਆਓ। ਤੇ ਕੱਲ੍ਹ ਜੇ ਹੋ ਸਕੇ ਤਾਂ ਸ਼ਹਿਰੋਂ ਸਿਲ ਵੀ ਬਣਵਾ ਲਿਆਵੋ, ਪਿਛੋਂ ਜੇ ਕੋਈ ਆਊ ਤਾਂ ਮੈਂ ਆਖੂੰਗਾ, ਉਹ ਯਾਦਗਾਰ ਬਣਾਉਣ ਵਾਲੇ ਕੰਮ ਗਏ ਨੇ। ਕੰਮ ਦਾ ਕੰਮ ਬਹਾਨੇ ਦਾ ਬਹਾਨਾ। ਦੋਹਾਂ ਧਿਰਾਂ ਤੋਂ ਬਚਾਅ।'

ਸਰਪੰਚ, ਪਿਉ ਦੀ ਗੱਲ ਨਾਲ ਸਹਿਮਤ ਸੀ। ਉਹ ਤਿਆਰ ਹੋ ਕੇ ਮਿਸਤਰੀ ਨੂੰ ਸੱਦ ਲਿਆਏ। ਦਰਵਾਜ਼ੇ ਦੀ ਥਾਂ ਮਿਣੀ ਤੇ ਉਸ ਨੂੰ ਨਾਲ ਲੈ ਕੇ ਚੌਕ ਵਿੱਚ ਲੋਹੇ ਦਾ ਗੇਟ ਬਣਨਾ ਦੇਣ ਚਲੇ ਗਏ। ਇਹ ਕੰਮ ਕਰਦਿਆਂ ਹੀ ਉਨ੍ਹਾਂ ਨੂੰ ਸ਼ਾਮਾਂ ਪੈ ਗਈਆਂ। ਅਗਲੇ ਦੋ ਦਿਨ ਛੁੱਟੀਆਂ ਲਈਆਂ ਹੋਣ ਕਰ ਕੇ ਉਸ ਨੇ ਅਗਲੇ ਦਿਨ ਸ਼ਹਿਰ ਜਾ ਕੇ ਸਿਲ ਖੁਦਵਾਉਣ ਦਾ ਪ੍ਰੋਗਰਾਮ ਸਰਪੰਚ ਨਾਲ ਨਿਸ਼ਚਿਤ ਕਰ ਲਿਆ।

ਸ਼ਾਮੀਂ ਘਰ ਆ ਕੇ ਉਹ ਥੱਕਿਆਂ-ਟੁੱਟਿਆਂ ਵਾਂਗ ਨਿਢਾਲ ਹੋਇਆ ਮੰਜੇ 'ਤੇ ਢਹਿ ਪਿਆ। ਉਸ ਦੀ ਘਰ ਵਾਲੀ ਵਾਰ ਵਾਰ ਉਸ ਨੂੰ ਪੁੱਛ ਰਹੀ ਸੀ ਕਿ ਉਹ ਕੀ ਕਰ ਕੇ ਆਇਆ ਸੀ, ਗੱਲ ਕਿੱਥੋਂ ਤੱਕ ਅੱਪੜੀ ਸੀ? ਕੇਸ ਦਾ ਕੁਝ ਬਣੇਗਾ ਵੀ? ਕੀ ਕਿਸੇ ਉਚ ਪੁਲਿਸ ਅਫ਼ਸਰ ਨੂੰ ਮਿਲੇ ਵੀ ਸਨ ਜਾਂ ਨਹੀਂ?

ਪਤਨੀ ਦੇ ਸਵਾਲਾਂ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਉਸ ਦੀਆਂ ਲੱਤਾਂ ਥਕਾਵਟ ਨਾਲ ਫੁੱਲੀਆਂ ਹੋਈਆਂ ਸਨ ਤੇ ਮੂੰਹ ਦਾ ਸਵਾਦ ਕਸੈਲਾ-ਕਸੈਲਾ ਸੀ।

'ਅੱਜ ਫਿਰਦੇ-ਫਿਰਦੇ ਥੱਕ ਗਏ। ਐਤਵਾਰ ਕਰ ਕੇ ਕੋਈ ਮਿਲਿਆ ਨਹੀਂ। ਡੀ. ਐਸ. ਪੀ. ਵੱਲ ਵੀ ਗਏ ਸਾਂ।'

ਉਹ ਚਾਹੁੰਦਾ ਸੀ, ਪਤਨੀ ਕੋਈ ਸਵਾਲ ਨਾ ਪੁੱਛੇ। ਉਸ ਨੂੰ ਉਸ ਦੇ ਰਹਿਮ 'ਤੇ ਹੀ ਰਹਿਣ ਦੇਵੇ। 'ਤੁਸੀਂ ਸਵੇਰੇ ਜਾ ਕੇ ਫਿਰ ਦੋ-ਤਿੰਨ ਛੁੱਟੀਆਂ ਜ਼ਰੂਰ ਲੈ ਆਓ।' ਉਹਦੀ ਪਤਨੀ ਉਸ ਨੂੰ ਤਾਕੀਦ ਕਰ ਰਹੀ ਸੀ।

'ਚੰਗਾ,' ਕਹਿ ਕੇ ਉਹ ਪਾਸਾ ਪਰਤ ਕੇ ਪੈ ਗਿਆ ਤੇ ਤਬੀਅਤ ਖਰਾਬ ਹੋਣ ਦਾ ਬਹਾਨਾ ਕਰ ਕੇ ਉਸ ਤੋਂ ਸੌਂ ਜਾਣ ਦੀ ਇਜਾਜ਼ਤ ਮੰਗੀ।

'ਲਿਆਓ ਮੈਂ ਲੱਤਾਂ ਘੁੱਟ ਦਿਆਂ।' ਉਹ ਉਸ ਨੂੰ ਘੁੱਟਣ ਲੱਗੀ ਤੇ ਉਹ ਜ਼ੋਰ ਦੀ ਦੰਦਾਂ ਵਿਚ ਬੁੱਲ੍ਹ ਚਿੱਥਦਾ ਸੋਚੀ ਗਿਆ।

ਸਵੇਰੇ ਤੜਕੇ ਪੰਜ ਵਜੇ ਉਠਦਿਆਂ ਹੀ ਉਹ ਨੌਕਰੀ 'ਤੇ ਜਾਣ ਲਈ ਤਿਆਰ ਸੀ। ਪਤਨੀ ਉਠ ਕੇ ਪਹਿਲਾਂ ਵਾਂਗ ਰੋਟੀ-ਟੁੱਕ ਦੇ ਆਹਰ ਵਿਚ ਲੱਗੀ ਹੋਈ ਸੀ। ਉਹ ਆਪ ਮਨ ਹੀ ਮਨ ਖੁਸ਼ ਸੀ ਕਿ ਉਸ ਨੇ ਪਤਨੀ ਨੂੰ ਲਈਆਂ ਛੁੱਟੀਆਂ

(ਬਾਕੀ ਸਫ਼ਾ 31 'ਤੇ)

ਮਿੰਨੀ ਕਹਾਣੀ

# ਸੱਬੀ ਦੀਆਂ ਸੱਧਰਾਂ



ਡਾ. ਸੰਦੀਪ ਸਿੰਘ ਮੁੰਡੇ
9413652646

ਸੱਬੀ ਦੇ ਵਿਆਹ ਵਿੱਚ ਵੀਹ ਕੁ ਦਿਨ ਬਾਕੀ ਰਹਿ ਰਹੇ ਸਨ। ਘਰ ਵਿੱਚ ਉਸ ਦੇ ਵਿਆਹ ਦੀਆਂ ਤਿਆਰੀਆਂ ਚਲ ਰਹੀਆਂ ਸਨ। ਸੱਬੀ ਨੇ ਆਪਣੇ ਦਾਜ ਲਈ ਦਰੀਆਂ, ਚਾਦਰਾਂ ਅਤੇ ਸਿਰਹਾਣੇ ਆਪ ਤਿਆਰ ਕੀਤੇ ਸਨ। ਹੁਣ ਉਹ ਇਨ੍ਹਾਂ ਦਾਜ ਦੀਆਂ ਚੀਜਾਂ ਨੂੰ ਸਾਂਭ-ਸਾਂਭ ਰਖਦੀ ਸੀ। ਉਸਨੂੰ ਆਪਣੇ ਵਿਆਹ ਦਾ ਬੜਾ ਚਾਅ ਸੀ, ਕਿਉਂਕਿ ਉਸਦਾ ਰਿਸ਼ਤਾ ਇੱਕ ਚੰਗੇ ਖਾਨਦਾਨੀ ਪਰਿਵਾਰ ਦੇ ਸਰਕਾਰੀ ਮਾਸਟਰ ਦੀਪ ਨਾਲ ਤੈਅ ਹੋਇਆ ਸੀ। ਦੀਪ ਇੱਕ ਸਾਊ ਸੁਭਾਅ ਵਾਲਾ ਮੁੰਡਾ ਸੀ। ਛੋਟੀ ਉਮਰ ਵਿੱਚ ਹੀ ਪਿਤਾ ਦੀ ਮੌਤ ਤੋਂ ਬਾਅਦ ਉਸ ਨੂੰ ਉਸਦੀ ਮਾਂ ਨੇ ਬੜੀਆਂ ਔਕੜਾ ਝੱਲ ਕੇ ਪੜਾਇਆ ਸੀ। ਉਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ, ਇਸੇ ਕਰਕੇ ਬੀ.ਐਡ. ਕਰਨ ਤੋਂ ਤੁਰੰਤ ਬਾਅਦ ਉਸਨੂੰ ਸਰਕਾਰੀ ਨੌਕਰੀ ਮਿਲ ਗਈ ਸੀ। ਦੀਪ ਵੀ ਸੱਬੀ ਨਾਲ ਹੋਏ ਰਿਸ਼ਤੇ ਤੋਂ ਬਹੁਤ ਖੁਸ਼ ਸੀ। ਉਸਨੇ ਬਿਨਾਂ ਦਾਜ ਤੋਂ ਇਸ ਰਿਸ਼ਤੇ ਲਈ ਹਾਂ ਕੀਤੀ ਸੀ। ਸੱਬੀ ਇਸ ਰਿਸ਼ਤੇ ਤੋਂ ਇਨ੍ਹੀਂ ਖੁਸ਼ ਸੀ ਕਿ ਉਹ ਕੰਮ ਕਰਦੇ-ਕਰਦੇ ਕਦੇ ਆਪਣੇ ਵਿਆਹ ਦੇ ਖਿਆਲਾਂ ਵਿੱਚ ਖੋ ਜਾਂਦੀ, ਕਦੇ ਉਸਦੇ ਦਿਲ ਵਿੱਚ ਨਵੀਆਂ ਤਰੰਗਾਂ ਅਤੇ ਕਲਪਨਾਵਾਂ ਉਪਜਦੀਆਂ। ਕਦੇ ਉਹ ਖਿਆਲਾਂ ਵਿੱਚ ਹੀ ਆਪਣੇ ਪਤੀ ਦੀਪ ਨਾਲ ਪਿਆਰ ਦੀਆਂ ਪੀਂਘਾ ਝੂਟਣ ਲਗਦੀ।

ਇੱਕ ਦਿਨ ਉਸਦੀ ਪੱਕੀ ਸਹੇਲੀ ਮੀਤੋ ਉਸ ਨੂੰ ਮਿਲਣ ਆਉਂਦੀ ਹੈ ਤਾਂ ਉਹ ਆਪਣੀਆਂ ਹੱਥੀਂ ਕੱਢੀਆਂ ਚਾਦਰਾਂ, ਦਰੀਆਂ ਅਤੇ ਸਿਰਹਾਣੇ ਦਿਖਾਉਂਦੀ ਹੋਈ ਕਹਿੰਦੀ, ਦੇਖ ਤਾਂ ਭੈਣੇ ਸੋਹਣੇ ਲਗਦੇ ਐ ਫੁੱਲ।

ਹਾਂ ਭੈਣੇ, ਫੁੱਲ ਤਾਂ ਬੜੇ ਫੱਬਦੇ ਹੈ, ਪਰ ਆਹ ਦਿਲ ਜਿਹਾ ਬਣਾ ਕੇ ਵਿੱਚ ਅੱਖਰਾਂ ਨਾਲ ਕੀ ਪਰੋਇਆ ਹੈ? ਮੀਤੋ ਨੇ ਸਿਰਹਾਣੇ ਦੇ ਛਾੜ ਦੀ ਤਹਿ ਖੋਲ੍ਹਦਿਆਂ ਖਚਰੀ ਜਿਹੀ ਹਾਸੀ ਹੱਸਦਿਆਂ ਪੁੱਛਿਆ। ਤੂੰ ਹੀ ਬੁੱਝ, ਮੈਂ ਨਹੀਂ ਦੱਸਣਾ ਕਹਿ ਕੇ ਸੱਬੀ ਨੇ ਆਪਣੀ ਖੁਸ਼ੀ ਨੂੰ ਬੜੀ ਮੁਸ਼ਕਿਲ ਨਾਲ ਕਾਬੂ ਕਰਦਿਆਂ ਨੀਵੀਂ ਜਿਹੀ ਪਾ ਲਈ। ਅੱਛਾ, ਹੁਣ ਸਮਝ ਆਇਆ, ਮੈਡਮ ਨੇ ਮੇਰੇ ਹੋਣ ਵਾਲੇ ਜੀਜਾ ਜੀ ਅਤੇ ਆਪਣੇ ਨਾਂ ਨੂੰ ਸਿਰਹਾਣੇ 'ਤੇ ਰੰਗ-ਬਿਰੰਗੇ ਧਾਗਿਆਂ ਨਾਲ ਪਰੋਇਆ ਹੈ। ਮੀਤੋ ਸਿਰਹਾਣੇ ਦੇ ਛਾੜ ਦੀ ਦੁਬਾਰਾ ਤਹਿ ਲਾਉਂਦੀ ਹੋਈ ਬੋਲੀ।ਸੱਬੀ ਨੇ ਆਪਣਾ ਅਤੇ ਆਪਣੇ ਹੋਣ ਵਾਲੇ ਪਤੀ ਦੀਪ ਦਾ ਨਾਂ ਕੇਵਲ ਸਿਰਹਾਣੇ ਦੇ ਛਾੜਾਂ 'ਤੇ ਹੀ ਨਹੀਂ ਸੀ ਲਿਖਿਆ, ਬਲਕਿ ਉਸਨੇ ਚਾਦਰਾਂ ਅਤੇ ਦਰੀਆਂ 'ਤੇ ਵੀ ਇਹ ਨਾਂ ਪਰੋਏ ਸਨ। ਮਾਸਟਰ ਦੀਪ ਨਾਲ ਰਿਸ਼ਤਾ ਤਹਿ ਹੋਣ ਤੋਂ ਬਾਅਦ ਉਹ ਫੁੱਲੀ ਨਹੀਂ ਸਮਾਉਂਦੀ ਸੀ, ਕਿਉਂਕਿ ਉਸਦੀ ਪੜ੍ਹਨ ਦੀ ਰੀਝ ਤਾਂ ਅਧੂਰੀ ਰਹਿ ਗਈ ਸੀ। ਉਸਦੇ ਪਰਿਵਾਰ ਨੇ ਉਸਨੂੰ ਦਸਵੀਂ ਜਮਾਤ ਪਾਸ ਕਰਨ ਪਿੱਛੋਂ ਪੜ੍ਹਨੋਂ ਹਟਾ ਕੇ ਘਰ ਬਿਠਾ ਲਿਆ ਸੀ।ਸੱਬੀ ਦੀ ਮਾਂ ਨੇ ਆਪਣੀ ਵੱਡੀ ਭੈਣ ਬਲਬੀਰੋ ਨੂੰ ਵਿਆਹ ਦੇ ਸਾਰੇ ਕੰਮਾਂ ਦੀ ਖੁਦ-ਮੁਖਤਿਆਰੀ ਦਿੱਤੀ ਹੋਈ ਸੀ, ਕਿਉਂਕਿ ਉਹ ਸੱਬੀ ਦੀ ਸਕੀ ਮਾਸੀ ਹੋਣ ਦੇ ਨਾਲ-ਨਾਲ ਤਾਈ ਵੀ ਸੀ। ਸੱਬੀ ਦੀ ਮਾਂ ਸਾਰੇ ਕੰਮ ਆਪਣੀ ਭੈਣ ਬਲਬੀਰੋ ਨੂੰ ਹਮੇਸ਼ਾਂ ਪੁੱਛ ਕੇ ਹੀ ਕਰਦੀ, ਕਿਉਂਕਿ ਉਸਨੂੰ ਉਸ 'ਤੇ ਬਹੁਤ ਭਰੋਸਾ ਸੀ। ਬਲਬੀਰੋ ਵੀ ਅੱਗੇ ਹੋ ਕੇ ਸਾਰੇ ਕੰਮ ਦੇਖਦੀ ਅਤੇ ਕਈ ਵਾਰੀ ਤਾਂ ਸੱਬੀ ਦੀ ਮਾਂ ਦੀ ਰਾਇ ਤੋਂ ਬਿਨਾਂ ਹੀ ਫੈਸਲੇਂ ਲੈ ਲੈਂਦੀ, ਪਰ ਸੱਬੀ ਦੀ ਮਾਂ ਨੇ ਕਦੇ ਇਸ ਦਾ ਬੁਰਾ ਨਹੀਂ ਮਨਾਇਆ ਸੀ।

ਸੱਬੀ ਅਤੇ ਦੀਪ ਦੇ ਰਿਸ਼ਤੇ ਤੋਂ ਬਾਕੀ ਸਾਰੇ ਖੁਸ਼ ਸਨ, ਪਰ ਉਸਦੀ ਸਕੀ ਮਾਸੀ ਬਲਬੀਰੋ ਨੂੰ ਪਤਾ ਨਹੀਂ ਸੱਬੀ ਨਾਲ ਕੀ ਦੁਸ਼ਮਣੀ ਸੀ। ਜਿਵੇਂ-ਜਿਵੇਂ ਸੱਬੀ ਦੇ ਵਿਆਹ ਦਾ ਦਿਨ ਨੇੜੇ ਰਿਹਾ ਸੀ, ਉਹ ਉਨ੍ਹਾਂ ਹੀ ਜਿਆਦਾ ਦੁਖੀ ਹੋ ਰਹੀ ਸੀ, ਹਾਲਾਂਕਿ ਉਹ ਮੂੰਹ 'ਤੇ ਮੀਆਂ ਮਿੱਠੂ ਬਣੀ ਰਹਿੰਦੀ। ਬਲਬੀਰੋ ਦੇ ਮਨ ਵਿੱਚ ਹਮੇਸ਼ਾ ਇਹ ਗੱਲ ਹੀ ਚੁੱਭਦੀ ਰਹਿੰਦੀ ਕਿ ਉਸ ਦੀ ਆਪਣੀ ਕੁੜੀ ਦਾ ਵਿਆਹ ਤਾਂ ਇੱਕ ਸਾਧਾਰਨ ਜਿਹੇ ਘਰ ਵਿੱਚ ਇੱਕ ਛੋਟੀ ਜਿਹੀ ਪ੍ਰਾਈਵੇਟ ਨੌਕਰੀ ਕਰਦੇ ਮੁੰਡੇ ਨਾਲ ਹੋਇਆ ਸੀ, ਪਰ ਹੁਣ ਸੱਬੀ ਦਾ ਵਿਆਹ ਚੰਗੇ ਘਰ ਵਿੱਚ ਇੱਕ ਸਰਕਾਰੀ ਨੌਕਰੀ ਲੱਗੇ ਮੁੰਡੇ ਨਾਲ ਹੋ ਰਿਹਾ ਸੀ। ਇਹ ਗੱਲ ਬਲਬੀਰੋ ਤੋਂ ਬਰਦਾਸ਼ਤ ਨਹੀਂ ਸੀ ਹੋ ਰਹੀ। ਉਸ ਨੂੰ ਲਗਦਾ ਸੀ ਕਿ ਜੇਕਰ ਸੱਬੀ ਦਾ ਵਿਆਹ ਇਸ ਚੰਗੇ ਘਰ ਵਿੱਚ ਹੋ ਗਿਆ ਤਾਂ ਉਸਦਾ ਨੱਕ ਹੀ ਵੱਢਿਆ ਜਾਊ। ਇਸ ਲਈ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਇਸ ਰਿਸ਼ਤੇ ਨੂੰ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਤੁੜਵਾ ਦੇਣਾ ਚਾਹੁੰਦੀ ਸੀ। ਇਸ ਲਈ ਉਸ ਨੇ ਇੱਕ ਚਾਲ ਖੇਡੀ ਅਤੇ ਆਪਣੀ ਇਸ ਚਾਲ ਵਿੱਚ ਲਾਲਚ ਦੇਕੇ ਵਿਚੋਲੇ ਨੂੰ ਵੀ ਸ਼ਾਮਿਲ ਕਰ ਲਿਆ।

ਬਲਬੀਰੋ ਨੇ ਆਪਣੀ ਚਾਲ ਮੁਤਾਬਿਕ ਵਿਚੋਲੇ ਨੂੰ ਸੱਬੀ ਦੇ ਘਰ ਸੱਦਿਆ ਅਤੇ ਉਸ ਦੇ ਮੂੰਹੋਂ ਮੁੰਡੇ ਵਾਲਿਆਂ ਵੱਲੋਂ ਸਕੂਟਰ ਦੀ ਮੰਗ ਦੀ ਗੱਲ ਅਖਵਾਈ। ਸਕੂਟਰ ਦੀ ਮੰਗ ਸੁਣ ਕੇ ਸੱਬੀ ਦੇ ਮਾਂ-ਪਿਓ ਦੇ ਤਾਂ ਹੋਸ਼ ਹੀ ਉੱਡ ਗਏ, ਕਿਉਂਕਿ ਉਨ੍ਹਾਂ ਦੀ ਹੈਸੀਅਤ ਦਾਜ ਵਿੱਚ ਸਕੂਟਰ ਦੇਣ ਦੀ ਨਹੀਂ ਸੀ। ਇਹ ਗੱਲ ਸੱਬੀ ਦੇ ਕੰਨੀ ਵੀ ਪੈ ਗਈ। ਦਾਜ ਵਿੱਚ ਸਕੂਟਰ ਦੀ ਮੰਗ ਸੁਣ ਕੇ ਪੂਰੇ ਹੱਸਦੇ-ਖੇਡਦੇ ਵਿਆਹ ਦੀਆਂ ਤਿਆਰੀਆਂ ਕਰਦੇ ਪਰਿਵਾਰ ਵਿੱਚ ਇੱਕਦਮ ਸੋਗ ਪੈ ਗਿਆ।

ਸੱਬੀ ਦੀ ਮਾਂ ਨੇ ਥੋੜ੍ਹਾ ਜਿਹਾ ਮਨ ਕਰੜਾ ਕਰਕੇ ਵਿਚੋਲੇ ਨੂੰ ਪੁੱਛਿਆ, ਵੀਰੇ, ਕੀ ਕਹਿੰਦੇ ਹੈ ਮਾਸਟਰ ਕੇ? ਪਹਿਲਾਂ ਤਾਂ ਕੋੜ੍ਹਿਆਂ ਨੇ ਕੋਈ ਮੰਗ ਰੱਖੀ ਨਹੀਂ ਸੀ, ਹੁਣ ਕੀ ਹੋ ਗਿਆ ਚੰਦਰਿਆ ਨੂੰ? ਤੁਸੀਂ ਉਨ੍ਹਾਂ ਨਾਲ ਦੁਬਾਰਾ ਗੱਲ ਤਾਂ ਕਰੋ।

ਕੋਈ ਲੋੜ ਨਹੀਂ ਹੁਣ ਗੱਲ ਕਰਨ ਦੀ, ਅਸੀਂ ਨੀ ਦਾਜ ਦੇ ਲੋਭੀਆਂ ਦੇ ਘਰ ਕੁੜੀ ਤੋਰਨੀ... (ਵਿਚੋਲੇ ਵੱਲ ਦੇਖ ਕੇ) ਜਾ, ਕਹਿਦੇ ਜਾ ਕੇ ਉਨ੍ਹਾਂ ਨੂੰ ਸਾਡੇ ਵਲੋਂ ਕੋਰੀ ਨਾਂਹ ਹੈ... ਵਥੇਰੇ ਮੁੰਡੇ ਹੈਗੇ ਮੇਰੀ ਨਜ਼ਰ ਵਿੱਚ... ਸੱਬੀ ਲਈ ਅੱਜ ਹੀ ਮੁੰਡਾ ਹੋਰ ਭਾਲ ਲੈਣੇ ਹਾਂ। ਬਲਬੀਰੋ ਨੇ ਮੰਜੇ ਤੋਂ ਉਠਦਿਆਂ ਗੁੱਸੇ ਨਾਲ ਕਿਹਾ।

ਸੱਬੀ ਦੇ ਮਾਂ-ਪਿਓ, ਭਰਾ ਅਤੇ ਹੋਰ ਪਾਰਿਵਾਰਿਕ ਮੈਂਬਰ ਮੁੰਡੇ ਵਾਲਿਆਂ ਨਾਲ ਗੱਲ ਕਰਨ ਲਈ ਰਾਜ਼ੀ ਸਨ। ਪਰ ਸੱਬੀ ਦੀ ਮਾਸੀ ਨੇ ਕਿਸੇ ਦੀ ਪੇਸ਼ ਨਾ ਜਾਣ ਦਿੱਤੀ ਅਤੇ ਵਿਚੋਲੇ ਨੂੰ ਸ਼ਗਨ ਦੀਆਂ ਚੀਜਾਂ ਵਾਪਿਸ ਕਰਨ ਲਈ ਭੇਜ ਦਿੱਤਾ। ਇੱਧਰ ਸੱਬੀ ਦਾ ਰੋ-ਰੋ ਕੇ ਬੁਰਾ ਹਾਲ ਸੀ, ਉਸ ਨੂੰ ਇਸ ਗੱਲ 'ਤੇ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਉਸਦਾ ਰਿਸ਼ਤਾ ਤੋੜ ਦਿੱਤਾ ਗਿਆ ਹੈ। ਉਹ ਆਪਣੀਆਂ ਹੱਥੀਂ ਕੱਢੀਆਂ ਚਾਦਰਾਂ, ਦਰੀਆਂ ਅਤੇ ਸਿਰਹਾਣਿਆਂ 'ਤੇ ਚਾਵਾਂ ਨਾਲ ਪਰੋਏ ਨਾਵਾਂ ਨੂੰ ਯਾਦ ਕਰਦੀ-ਕਰਦੀ ਬੇਹੋਸ਼ ਹੋ ਗਈ। ਉਸ ਨੂੰ ਦੀਪ 'ਤੇ ਰੱਬ ਵਰਗਾ ਭਰੋਸਾ ਸੀ, ਪਰ ਰਿਸ਼ਤਾ ਤੋੜਣ ਵੇਲੇ ਇੱਕ ਬਾਰ ਵੀ ਸੱਬੀ ਨੂੰ ਪੁੱਛਿਆ ਨਹੀਂ ਗਿਆ। ਸੱਬੀ ਦੇ ਪਰਿਵਾਰ ਵੱਲੋਂ ਰਿਸ਼ਤਾ ਤੋੜਣ ਦੇ ਫੈਂਸਲੇ ਲਈ ਸੱਬੀ ਦੀ ਰਜ਼ਾਮੰਦੀ ਲੈਣੀ ਜਾਂ ਮੁੰਡੇ ਵਾਲਿਆਂ ਨਾਲ ਗੱਲ ਕਰਨ ਦੀ ਲੋੜ ਹੀ ਨਹੀਂ ਸਮਝੀ ਗਈ। ਇਸ ਤਰ੍ਹਾਂ ਸੱਬੀ ਦੀਆਂ ਸੱਧਰਾਂ ਨੂੰ ਰੋਲ ਕੇ ਰੱਖ ਦਿੱਤਾ ਗਿਆ, ਕਿਸੇ ਨੇ ਵੀ ਸੱਬੀ ਦੀਆਂ ਆਹਾਂ ਅਤੇ ਦਿਲ ਦੀ ਚੋਟ ਨੂੰ ਮਹਿਸੂਸ ਹੀ ਨਹੀਂ ਕੀਤਾ। ਸੱਬੀ ਦੀ ਮਾਸੀ ਨੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਦੋ ਦਿਲਾਂ ਨੂੰ ਤੋੜ ਕੇ ਹੀ ਸਾਹ ਲਿਆ ਅਤੇ ਇਸ ਤਰ੍ਹਾਂ ਇੱਕ ਬਾਰ ਫਿਰ ਔਰਤ ਹੀ ਔਰਤ ਦੀ ਦੁਸ਼ਮਣ ਸਾਬਿਤ ਹੋਈ।

# ਮੇਰੀ ਕਲਮ

## ਰੈਣ ਬਸੇਰੇ

ਭਾਈ ਵੀਰ ਸਿੰਘ

ਪਰੀ ਮਹਿਲ ਤੋਂ ਹੇਠ ਉਰਲੇ ਪਰਬਤੀਂ,
ਚਸ਼ਮਾਂ ਨਿੱਕਾ ਸਾਫ, ਹੇਠਾਂ ਜਯੇਸ਼ਠਾ;
ਇਸ ਤੋਂ ਹੇਠਾਂ ਵਾਰ ਸੁਹਣੇ ਬੰਗਲੇ,
ਆਦਰ ਕਰ ਕਸ਼ਮੀਰ ਸਾਨੂੰ ਰੱਖਿਆ।

ਡਲ ਜੀ ਦੇ ਦੀਦਾਰ ਹੇਠਾਂ ਹੋਂਵਦੇ,
ਖੜੇ ਸਫੈਦੇ ਸਾਫ ਝੂਮਾਂ ਦੇ ਰਹੇ,
ਖੇਤੀਆਂ ਨਾਲੇ ਬਾਗ਼ ਸਫੈਦੇ ਹਿਲ ਰਹੇ,
ਪੈਲਾਂ ਪਾਣ ਚਕੋਰ, ਪਰਬਤ ਵੱਖੀਆਂ,
ਬਨ ਪਸੂਆਂ ਚਿਹਚੱਕ ਰਾਤੀਂ ਸੁਣੀਂਦੀ।
ਪਿਛੇ ਖੜੇ ਪਹਾੜ, ਨਿਰਜਨ ਸੁੰਦਰਤਾ,
ਸ਼ਾਂ ਸ਼ਾਂ ਦਾ ਸੰਗੀਤ ਕੰਨੀਂ ਆਂਵਦਾ।

ਚੰਦ ਚੜ੍ਹੇ ਪਿਛਵਾਰ, ਅੱਗੇ ਪੈ ਰਹੇ,
ਪਰਛਾਵੇਂ ਰਮਣੀਕ ਸੁਹਣੇ ਸਹਿਮਵੇਂ;
ਇਉਂ ਜਾਪੇ ਕਿ ਸ਼ੋਰ ਉਹਲੇ ਹੋ ਗਿਆ,
ਇਕੰਤ ਵਲਾਯਤ ਵਿੱਚ ਆਕੇ ਟਿਕ ਗਏ,
ਠੰਢੀ ਵਹੇ ਸਮੀਰ ਦੇਂਦੀ ਲੋਰੀਆਂ।

## ਰਾਵੀਏ ਨੀ !

ਵਿਧਾਤਾ ਸਿੰਘ ਤੀਰ

ਰਾਵੀਏ ਨੀ!
ਤੇਰੇ ਕੰਢਿਆਂ ਤੇ ਜਦੋਂ ਆਵੀਏ ਨੀ।
ਵੇਖ ਅੱਖੀਆਂ ਤੋਂ ਉਛਲ ਜਾਵੀਏ ਨੀ।
ਲਹਿਰਾਂ ਤੇਰੀਆਂ ਤੇ ਨੀਝਾਂ ਲਾ ਲਾ ਕੇ,
ਲੁਕੇ ਮਾਹੀ ਤੇ ਨਿਗ੍ਹਾ ਟਿਕਾਵੀਏ ਨੀ।
ਦੇਗੇ ਵਾਂਗ ਨੀ !ਉਬਲਦੇ ਦਿੱਲ ਸਾਡੇ,
ਸੀਨਾ ਤਵੀ ਵਾਙੂ ਜਾਂਦਾ ਤੱਪ ਅੜੀਏ।
ਦੱਸ ਕਿਥੇ ਲੁਕਾਇਆ ਈ ਰੱਬ ਸਾਡਾ ?
ਤੱਤੀ ਰੇਤ ਤੇ ਵਗਦੀਏ ਰਾਵੀਏ ਨੀ!

ਲਹਿਰਾਂ ਤੇਰੀਆਂ ਬਾਲ ਨੇ ਅੱਗ ਰਹੀਆਂ,
ਸੀਨੇ ਕਾਤੀਆਂ ਵਾਙ ਹਨ ਲੱਗ ਰਹੀਆਂ।
ਠਾਠਾਂ ਤੇਰੀਆਂ ਆਂਦਰਾਂ ਲੂਹਣ ਪਈਆਂ,
ਕਾਂਗਾਂ ਤੇਰੀਆਂ, ਅੱਖੀਆਂ ਵਗ ਰਹੀਆਂ।
ਛਲਾਂ ਤੇਰੀਆਂ ਸੁੱਟਦੀਆਂ ਝੱਗ ਮੋਈਏ,
ਰਹੀਆਂ ਵਾਙ ਅੰਗਿਆਰ ਦੇ ਮਗ੍ਹ ਮੋਈਏ।
ਸੜਨ ਹੱਥ, ਜੇ ਤੈਨੂੰ ਛੁਹਾਵੀਏ ਨੀ,
ਤੱਤੀ ਰੇਤ ਤੇ ਵਗਦੀਏ ਰਾਵੀਏ ਨੀ!

ਦੇਗ ਉਬਲਦੀ ਤੇਰੇ ਉਬਾਲਿਆਂ ਦੀ।
ਤੇਰੇ ਬੁਲਬਲੇ ਨੇ ਸ਼ਕਲ ਛਾਲਿਆਂ ਦੀ।
ਤੇਰੀ ਸਾਂ ਸਾਂ ਚੰਦੂ ਦੀ ਠੂਹ ਕੂਕੇ,
ਘੁੰਮਣ ਘੇਰ ਰੇਖਾ ਕਰਮਾਂ ਕਾਲਿਆਂ ਦੀ।
ਕੰਢੇ ਦੋਏ ਨੀ ਸੀਨੇ ਦੇ ਫਟ ਮੋਈਏ,
ਖੋਲ੍ਹ ਦਿਲ ਦੀਆਂ ਘੁੰਡੀਆਂ ਝਟ ਮੋਈਏ।
ਐਵੇਂ ਭੇਤ ਨਾ ਪਏ ਛੁਪਾਵੀਏ ਨੀ।
ਤੱਤੀ ਰੇਤ ਤੇ ਵਗਦੀਏ ਰਾਵੀਏ ਨੀ!

ਰਾਵੀ ਵਲੋਂ:-
ਜੀਵਣ ਜੋਗਿਆ !ਕਰੀਂ ਨਾ ਰੋਹ ਮੈਨੂੰ।
ਚੇਤੇ ਆਂਵਦੀ ਏ ਸਦਾ ਲੋਹ ਮੈਨੂੰ।
ਦੇਗ ਉਬਲਦੀ ਅੱਖੀਆਂ ਵਿੱਚ ਰਹਿੰਦੀ,
ਰਹਿੰਦੀ ਸਾੜਦੀ ਰਾਤ ਦੇਂਹ ਓਹ ਮੈਨੂੰ।

ਤੱਤੀ ਰੇਤ ਜੋ ਓਸ ਤੇ ਰਹੀ ਪੈਂਦੀ,
ਉਹੋ ਸਾੜਦੀ ਹੈ ਮੇਰਾ ਦਿਲ ਰਹਿੰਦੀ।
ਤੱਤੀ ਰੇਤ ਨੂੰ ਮੈਂ ਤਾਂ ਬੁਝਾ ਰਹੀਆਂ।
ਨਹੀਂ ਵਗਦੀ! ਹੰਝੂ ਵਹਾ ਰਹੀਆਂ।

ਮਿਲਿਆ ਜਿਹਾ, ਮੁੜ ਕੇ ਮਿਲਣਾ ਮੁੱਕ ਗਿਆ।
ਮੇਰੇ ਵਿੱਚ ਲੁਕਿਆ ਮੈਥੋਂ ਲੁੱਕ ਗਿਆ।
ਮੇਰੀ ਹਿੱਕ ਤੇ ਯਾਦ ਦੇ ਪੈਣ ਛਾਲੇ,
ਰੋ ਰੋ ਅੱਖੀਆਂ ਦਾ ਨੀਰ ਸੁੱਕ ਗਿਆ।

ਉਹਦੇ ਅਜੇ ਤਕ ਲੱਭਦੀ ਭੇਤ ਹਾਂ ਮੈਂ।
ਪਈ ਠਾਰਦੀ ਸੜੀ ਹੋਈ ਰੇਤ ਹਾਂ ਮੈਂ।
ਉਹਦੀ ਯਾਦ ਜਦ 'ਤੀਰ' ਜੀ ਆ ਜਾਂਦੀ।
ਮੇਰੀ ਹਿੱਕ ਉੱਤੇ ਛਾਲੇ ਪਾ ਜਾਂਦੀ।

## ਮੈ ਧਰਮ ਕੀ ਰਾਖੀ ਕਰੁ



ਗੌਰਵ ਧੀਮਾਨ, ਜੀਰਕਪੁਰ
7626818016

ਮੰਨ ਲਈਏ ਜਿੰਦਗੀ ਇੱਕ ਸਵਾਲ,
ਕੋਈ ਜਵਾਬ ਦੇਹੀ ਤੇ ਇੱਕ ਹੈ ਸਾਂਝੀ ਸਰਕਾਰ।
ਸਬ ਨੂੰ ਚਾਹੀਦੀ ਹੱਥ ਮੁੱਠੀ ਇੱਕ ਸੰਸਾਰ,
ਫ਼ੈਸਲਾ ਬਿਨ ਸਮਝ ਤੋਂ ਕੀਤੀ ਕੀ ਹੈ ਇੱਕ ਵਿਚਾਰ।

ਸਾਂਝੀ ਵਿਰਾਸਤ ਝੁੱਕਣਾ ਕਿਸੇ ਨੂੰ ਪਸੰਦ ਨੀ,
ਇੱਥੇ ਪਾਪ ਜਿੰਦਗੀ ਦਾ ਮਿੱਥਿਆ ਕੋਈ ਨਾ ਹਿਸਾਬ।
ਗ਼ੈਰ ਕਾਨੂੰਨੀ ਸੇਵਾਵਾਂ ਲਾਗੂ ਇੰਝ ਹੋਈਆਂ,
ਤੁਸੀ ਮਨਜੂਰੀ ਆਪ ਦਿੱਤੀ ਦੱਸੋ ਕਿੰਦਾ ਨੁਕਸਾਨ।

ਨਸ਼ੇ ਦਾ ਹੜ੍ਹ ਕੀਤੇ ਹੁਣ ਦਾ ਵੱਗ ਉੱਠਿਆ,
ਸਬ ਜਾਣਦੇ ਕੌਣ ਜਿੰਮੇਵਾਰ ਇੱਥੇ ਕੋਈ ਨਾ ਨਾਲ।
ਹੁਕਮ ਦਿੱਤੇ ਸਰਕਾਰ ਦੇ ਕਿੱਤੇ ਸਬ ਖਰਾਬ,
ਜੇਬ ਆਪਣੀ 'ਚ ਧੇਲਾ ਨਾ ਰੱਖ ਕਰਦੇ ਨੇ ਵਪਾਰ।

ਲੋਕਾਂ ਵਿਸ਼ਵਾਸ਼ ਦਿਵਾ ਖਾਣ ਪੀਣ ਨੂੰ ਦਿੰਦੇ,
ਕਿੱਥੋਂ ਆਖਣਗੇ ਇੱਥੇ ਰੱਲੀ ਮਿਲੀ ਰਾਜ ਪਾਲ।
ਕੋਈ ਥਾਂ ਕੋਈ ਇੱਕ ਚੁਣੋ ਖੜ੍ਹਾ ਕਹਿ ਦਵੇ,
ਮੱਚ ਉੱਠਦੇ ਗ਼ਦਾਰ ਤੇ ਕੁਝ ਵਿਚਾਰਨ ਸਲੋਗ ਚਾਰ।

ਜੋ ਇਸ਼ਾਰਾ ਮੈ ਧਰਮ ਕੀ ਰਾਖੀ ਕਰੁ ਕਹਿੰਦੇ,
ਦੋ ਧਿਰਾਂ ਦੇ ਲੋਕ ਕਦੇ ਨਾ ਸੁਣਨ ਸਹੀ ਗਿਆਨ।
ਅਗਰ ਸੋਚ ਵਿਚਾਰਾਂ ਦੇ ਨਾਲ ਦੇਸ਼ ਵੇ ਰੁੱਲਦਾ,
ਗੌਰਵ ਦਿਸ਼ਾ ਵੱਲ ਹੋ ਵੇਖ ਲੋਕਾਂ ਦੀ ਇੱਕੋ ਤੇਜ ਦਹਾੜ।

## ਪਾਣੀ

ਦੀਪ ਇੰਦਰ

ਪਾਣੀ ਦਾ ਘੜਾ ਸਿਰ 'ਤੇ ਰੱਖ ਕੇ
ਚੜ੍ਹਾਈ ਚੜ੍ਹਦੇ-ਚੜ੍ਹਦੇ
ਪੁਜਾਰੀ ਨੇ ਨਦੀ ਨੂੰ ਪੁੱਛਿਆ,

ਨੀ ਹੇਠਾਂ ਵਗਦੀਏ ਅਨਪੜ੍ਹ ਨਦੀਏ!
ਤੈਨੂੰ ਏਨਾ ਵੀ ਨਹੀਂ ਪਤਾ ?
ਕਿ ਕਿਉਂ ਸਾਰੇ ਪੂਜਾ ਅਸਥਾਨ
ਉਚਾਈਆਂ ਤੇ ਬਣਾਏ ਜਾਂਦੇ ਨੇ ?

ਤੈਨੂੰ ਏਨਾ ਵੀ ਨਹੀਂ ਪਤਾ ?
ਕਿ ਕੁੰਡਲਣੀ ਦੀ ਅੰਤਿਮ ਪ੍ਰਾਪਤੀ ਤਾਂ
ਸਿਰ ਤੋਂ ਵੀ ਉੱਪਰ ਹੁੰਦੀ ?
ਨਦੀ ਨੇ ਵਗਣਾ ਜਾਰੀ ਰਖਦਿਆਂ ਕਿਹਾ,
ਮੈਨੂੰ ਤਾਂ ਸਿਰਫ਼ ਸਾਗਰ ਦਾ ਪਤਾ ਹੈ..!
ਪੁਜਾਰੀ ਦੇ ਮੱਥੇ ਤੋਂ ਮੁੜ੍ਹਕਾ ਇਵੇਂ ਡਿੱਗ ਰਿਹਾ ਸੀ
ਜਿਵੇਂ ਨਦੀਆਂ ਪਹਾੜੋਂ ਉਤਰਦੀਆਂ ਨੇ...

-ਮੁਕੇਸ਼ ਆਲਮ

## ਕਵਿਤਾ

ਇੰਦਰ ਪਾਲ ਸਿੰਘ ਪਟਿਆਲਾ

ਮੈਂ ਫੁੱਲ ਨਹੀਂ ਜੋ ਮੁਰਝਾ ਜਾਵਾਂਗਾ
ਮੈਂ ਤਾਂ ਕੰਡਿਆਂ ਨੂੰ ਵੀ ਖਾ ਜਾਵਾਂਗਾ
ਮੈਨੂੰ ਤੋੜਣ ਦੀ ਨਾ ਕੋਸ਼ਿਸ਼ ਕਰਨਾ
ਮੈਂ ਤਾਂ ਲੱਖਾਂ ਹੀ ਬੂਟੇ ਲਾ ਜਾਵਾਂਗਾ
ਹੈ ਮੇਰਾ ਮਾਲੀ ਵੀ ਬਹੁਤਾ ਡਾਢਾ
ਮੈਂ ਉਸ ਦੇ ਕੰਨੀ ਵੀ ਪਾ ਜਾਵਾਂਗਾ
ਇਤਰ ਫੁਲੇਲ ਹੈ ਤਨ ਤੇ ਲਗਦਾ
ਮੈਂ ਮਨ ਦੇ ਵਿੱਚ ਸਮਾ ਜਾਵਾਂਗਾ
ਕੋਈ ਡਾਢਾ ਆਪਣੇ ਘਰ ਹੋਵੇਗਾ
ਮੈਂ ਨਾਨੀ ਯਾਦ ਕਰਾ ਜਾਵਾਂਗਾ
ਇਹ ਕੋਈ ਹਠਧਰਮੀ ਨਹੀਂ ਹੈ
ਮੈਂ ਧਰਮੀ ਬਣ ਵਿਖਾ ਜਾਵਾਂਗਾ
ਤਨ ਵੀ ਮੇਰਾ ਤੇ ਜਿੰਦ ਵੀ ਮੇਰੀ
ਜਿੰਦ ਤਨ ਦੇ ਲੇਖੇ ਲਾ ਜਾਵਾਂਗਾ
ਮਜ਼ਬੂਤ ਇਰਾਦੇ ਢਹਿ ਨਾ ਸਕਦੇ
ਇੰਦਰ ਨੂੰ ਮੈਂ ਸਮਝਾ ਜਾਵਾਂਗਾ

## ਪਿੱਪਲੀ

(ਭੈਣ ਦੇ ਵਿਆਹ 'ਤੇ)

ਹਰਮਨਜੀਤ ਸਿੰਘ

ਲੈ ਲੱਗੀ ਹੋਣ ਵਿਦਾਈ ਨੀਂ
ਧੀਆਂ ਦੀ ਅੱਖ ਭਰ ਆਈ ਨੀਂ
ਛਾਂਵਾਂ ਨੇ ਕੀਤਾ ਦਾਨ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।
ਸ਼ਗਨਾਂ ਦੇ ਰੰਗਲੇ ਵੇਸਾਂ ਨੂੰ
ਇਹਨਾਂ ਝੋਲੇ, ਪੱਖੀਆਂ, ਖੇਸਾਂ ਨੂੰ
ਲੈ ਜਾਵੀਂ ਆਪਣੇ ਦੇਸਾਂ ਨੂੰ
ਅੱਡਿਆਂ ਤੇ ਗਾਏ ਗਾਣ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।
ਤਲੀਆਂ ਨੂੰ ਚੜ੍ਹ ਗਈ ਮਹਿੰਦੀ ਨੀਂ
ਜਿਹੜੀ ਸਵਾ ਸਾਲ ਨਾ ਲਹਿੰਦੀ ਨੀਂ
ਹੈ ਮਹਿਕ ਉਮਰ ਤੱਕ ਰਹਿੰਦੀ ਨੀਂ
ਸੱਤ ਜਨਮ ਦਾ ਮਿਲਿਆ ਹਾਣ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।
ਸੋਨੇ ਦੀਆਂ ਡਲੀਆਂ ਚੱਬਦਾ ਏ
ਜਿਹੜਾ ਕਿਸਮਤ ਕਰਕੇ ਲੱਭਦਾ ਏ
ਨੀਂ ਓਹ ਰਾਜਿਆਂ ਵਾਂਗੂੰ ਫੱਬਦਾ ਏ
ਕੱਲ੍ਹ ਤੱਕ ਸੀ ਜੋ ਅਣਜਾਣ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।
ਬਾਬੁਲ ਦੀ ਪੱਗ ਦਾ ਟੋਟਾ ਨੀਂ
ਮੂੰਹ ਕਦੇ ਕਰੀਂ ਨਾ ਮੋਟਾ ਨੀਂ
ਤੂੰ ਕਲੀ ਨਹੀਂ, ਤੂੰ ਜੋਟਾ ਨੀਂ
ਤੂੰ ਦੋ ਕੁੱਲਾਂ ਦੀ ਸ਼ਾਨ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।
ਤੇਰੇ ਜਾਣੇ ਅਤੇ ਪਛਾਣੇ ਨੀਂ
ਤੇਰੇ ਪਿੰਡ ਦੇ ਬਾਲ-ਨਿਆਣੇ ਨੀਂ
ਕੱਲ੍ਹ ਬਣ ਜਾਵਣਗੇ ਰਾਣੇ ਨੀਂ
ਅੱਜ ਚੁਗਦੇ ਫਿਰਦੇ ਭਾਨ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।
ਲੈ ਲੱਗੀ ਹੋਣ ਵਿਦਾਈ ਨੀਂ
ਧੀਆਂ ਦੀ ਅੱਖ ਭਰ ਆਈ ਨੀਂ
ਛਾਂਵਾਂ ਨੇ ਕੀਤਾ ਦਾਨ ਕੁੜੇ
ਪਿੱਪਲੀ ਦਾ ਰੱਖ ਲਈਂ ਮਾਣ ਕੁੜੇ।

4..ਭਾਈ ਲਾਲੋ - ਸੁਖਵਿੰਦਰ ਅੰਮ੍ਰਿਤ

ਬਚਪਨ ਵਿੱਚ ਮਾਂ ਸਾਨੂੰ
ਭਾਈ ਲਾਲੋ ਦੀ ਸਾਖੀ ਸੁਣਾਉਂਦੀ
ਹੱਕ ਸੱਚ ਦੇ ਅਰਥ ਸਮਝਾਉਂਦੀ
ਜਾਣੋ, ਕੋਰਿਆਂ ਸਫ਼ਿਆਂ 'ਤੇ ਸੁੱਚੇ ਅੱਖਰ ਪਾਉਂਦੀ
ਸਾਖੀ ਵਿੱਚ ਭਾਈ ਲਾਲੋ
ਦਸਾਂ ਨਹੁੰਆਂ ਦੀ ਕਿਰਤ ਕਰਦਾ
ਵੰਡ ਕੇ ਛਕਦਾ
ਸੱਚ ਬੋਲਦਾ
ਧਰਮ ਤੋਂ ਕਦੇ ਨਾ ਡੋਲਦਾ.....
ਮਾਂ ਜਦੋਂ ਵੀ ਸਾਖੀ ਸੁਣਾਉਂਦੀ
ਮੈਨੂੰ ਭਾਈ ਲਾਲੋ 'ਚੋਂ
ਦਾਦੇ ਦੀ ਸੂਰਤ ਨਜ਼ਰ ਆਉਂਦੀ
ਮੇਰਾ ਦਾਦਾ ਵੀ ਭਾਈ ਲਾਲੋ ਵਾਂਗ
ਟਿੱਕੀ ਉੱਗਣ ਤੋਂ ਲੈ ਕੇ
ਦੀਵਾ ਜਗਣ ਤਕ
ਸੁੱਚੀ ਕਾਰ ਕਰਦਾ
ਆਰੀ...ਤੇਸਾ...ਰੰਦਾ ... ਵਾਹੁੰਦਾ
ਲੱਕੜਾਂ ਨੂੰ
ਮੰਜਿਆਂ ਪੀੜ੍ਹੀਆਂ ਚਰਖਿਆਂ 'ਚ ਵਟਾਉਂਦਾ
ਆਏ ਗਏ ਨੂੰ ਚਾਹ ਪਾਣੀ ਪੁੱਛਦਾ
ਸਾਧ ਫ਼ਕੀਰ ਨੂੰ ਪਰਛਾਦਾ ਛਕਾਉਂਦਾ
ਰੁੱਖੀ ਮਿੱਸੀ ਖਾ ਕੇ ਰੱਬ ਦਾ ਸ਼ੁਕਰ ਮਨਾਉਂਦਾ
ਮੈਂ ਕਿਰਤ ਕਰਦੇ ਦਾਦੇ ਨੂੰ ਗਹੁ ਨਾਲ ਵੇਖਦੀ...
ਮਾਂ ਦੇ ਪਾਏ ਹੋਏ ਸੁੱਚੇ ਅੱਖਰ ਉੱਘੜਦੇ
ਮੈਨੂੰ ਦਾਦੇ ਦਾ ਮੋਹ ਜਿਹਾ ਆਉਂਦਾ
ਮੈਂ ਮਾਂ ਦਾ ਪੱਲਾ ਫੜ ਕੇ ਪੁੱਛਦੀ :
ਮਾਂ, ਆਪਣੇ ਘਰ ਕਦੋਂ ਆਊ ਬਾਬਾ ਨਾਨਕ
ਮਾਂ ਕੁਝ ਪਲ ਚੁੱਪ ਰਹਿੰਦੀ...ਸੋਚਦੀ...ਤੇ ਕਹਿੰਦੀ:
ਬਾਬਾ ਨਾਨਕ ਕਿਰਤੀਆਂ ਦੇ ਸਦਾ ਅੰਗ-ਸੰਗ ਰਹਿੰਦਾ,
ਪੁੱਤ !
ਹੱਕ ਸੱਚ ਦਾ ਚਾਨਣ ਬਣ ਕੇ
ਮੈਨੂੰ ਮਾਂ ਦੀ ਗੱਲ ਸਮਝ ਨਾ ਆਉਂਦੀ
ਤੇ ਮੈਂ ਜਗਦੇ ਦੀਵੇ ਨੂੰ ਨਿਹਾਰਨ ਲੱਗਦੀ
ਨਿਹਾਰਦੀ ਰਹਿੰਦੀ ਦੇਰ ਤੱਕ
ਟਿਕਟਿਕੀ ਲਾ ਕੇ...
ਹੌਲੀ ਹੌਲੀ ਬਾਬਾ ਪਰਗਟ ਹੋਣ ਲੱਗਦਾ
ਹਰ ਜਗਦੀ ਚੀਜ਼ 'ਚੋਂ
ਦੀਵੇ ਦੀ ਲਾਟ ਚੋਂ
ਚੰਨ 'ਚੋਂ
ਤਾਰਿਆਂ 'ਚੋਂ
ਬੱਚਿਆਂ ਦੀਆਂ ਨਿਰਛਲ ਅੱਖਾਂ 'ਚੋਂ
ਕੋਈ ਨੂਰ ਜਿਹਾ ਸਿੰਮ ਆਉਂਦਾ
ਲੱਕੜਾਂ ਘੜਦੇ ਮੇਰੇ ਦਾਦੇ ਦਿਆਂ ਹੱਥਾਂ 'ਚੋਂ...
ਤੇ ਲਗਦਾ
ਹੁਣੇ ਜਗ ਪਵੇਗਾ ਬਾਬਾ
ਕਾਲੇ ਨ੍ਹੇਰਿਆਂ 'ਚੋਂ ਵੀ
ਹੱਕ ਸੱਚ ਤੇ ਦਇਆ ਦੀ ਰੌਸ਼ਨੀ ਬਣ ਕੇ...
ਬਾਬਾ ਪਰਗਟ ਹੋਣ ਲੱਗਦਾ...
ਮੈਨੂੰ ਮਾਂ ਦੀ ਗੱਲ ਸਮਝ ਆਉਣ ਲੱਗਦੀ !

## ਸਿਰਾਂ ਦੀ ਫ਼ਸਲ

ਅਮਰਦੀਪ ਸਿੰਘ ਗਿੱਲ

ਅਸੀਂ ਆਪਣੇ ਸਿਰਾਂ ਦੀ ਫਸਲ
ਇਸ ਲਈ ਨਹੀਂ ਪਾਲੀ
ਕਿ ਤੁਸੀਂ ਇੱਕ ਦਿਨ ਆਓ
ਤੇ ਇਸ ਨੂੰ ਕੱਟ ਲਵੋ !
ਅਸੀਂ ਇਹ ਸਿਰ ਮਾਣ ਨਾਲ ਚੁੱਕ ਕੇ
ਜਿਉਣ ਲਈ ਪਾਲੇ ਹਨ !
ਇਹ ਸਿਰ ਸਾਡੀ ਪਛਾਣ ਹਨ ,
ਤੇ ਇਹਨਾਂ ਸਿਰਾਂ ਤੇ
ਸਜਾਈਆਂ ਦਸਤਾਰਾਂ ਸਾਡਾ ਮਾਣ ਹਨ !
ਐਵੇਂ ਸਾਡੇ ਮੱਥੇ ਕਾਲਖ ਨਾ ਲਾਓ
ਜਾਓ ਇਤਿਹਾਸ ਪੜ੍ਹੋ
ਤੇ ਸਾਡੇ ਸਿਰਾਂ ਦੇ ਮੇਚ ਦੇ
ਇਲਜ਼ਾਮ ਲੈ ਕੇ ਆਓ !
ਅਸੀਂ ਸਰਬੁਲੰਦੀ ਦਾ ਮੁੱਲ ਤਾਰਿਆ ਹੈ
ਅਸੀਂ ਉਸ ਮਿੱਟੀ ਦੇ ਜ਼ੱਰੇ ਜ਼ੱਰੇ ਤੋਂ
ਆਪਣੇ ਲਹੂ ਦਾ ਕੱਤਰਾ ਕੱਤਰਾ ਵਾਰਿਆ ਹੈ
ਜਿਸ ਮਿੱਟੀ 'ਚ ਅੱਜ
ਸਾਡੇ ਸਿਰਾਂ ਦੀ ਫਸਲ ਉੱਗੀ ਹੈ
ਸਾਨੂੰ ਇਹ ਸਿੱਖੀ ਸਿਰ ਵੱਟੇ ਪੁੱਗੀ ਹੈ !
ਸਾਡੇ ਬਾਣਿਆਂ 'ਤੇ ਚਿੱਕੜ ਨਾ ਉਛਾਲੋ
ਸਾਡੀ ਪਛਾਣ ਨੂੰ ਆਪਣੇ ਸਾਂਚੇ 'ਚ ਨਾ ਢਾਲੋ !
ਅਸੀਂ ਓਹ ਤਲਵਾਰਾਂ ਹਾਂ
ਜਿੰਨਾਂ ਨੇ ਕਦੇ ਵੀ
ਹਾਕਮ ਦੇ ਨੇਫੇ ਦੀ ਮਿਆਨ 'ਚ ਨਹੀਂ ਪੈਣਾਂ !
ਅਸੀਂ ਓਹ ਤੀਰ ਹਾਂ
ਜਿੰਨਾਂ ਨੇ ਕਦੇ ਰਾਜਧਾਨੀ ਦੇ ਭੱਥੇ 'ਚ ਨਹੀਂ ਰਹਿਣਾ !
ਸਾਡੇ ਸਿਰਾਂ 'ਤੇ ਤੁਸੀਂ ਕਦੇ ਵੀ
ਮੜ੍ਹ ਨਹੀਂ ਸਕਦੇ ਸਥਾਪਤੀ ਦੀ ਟੋਪੀ !
ਅਸੀਂ ਆਜ਼ਾਦ ਸਿਰਾਂ ਦਾ ਕਾਫ਼ਲਾ
ਅਸੀਂ ਸ਼ਹਾਦਤਾਂ ਦੇ ਰਾਹ ਦੇ ਪਾਂਧੀ
ਅਸੀਂ ਇੰਝ ਨਹੀਂ ਮੁੱਕਣੇ ,
ਅਸੀਂ ਸਦਾ ਹੀ ਜ਼ੁਲਮ ਨਾਲ ਗੁਣਾਂ ਹੁੰਦੇ ਹਾਂ
ਅਸੀਂ ਆਪਣੇ ਸਿਰਾਂ ਦੀ ਫ਼ਸਲ
ਇਸ ਲਈ ਨਹੀਂ ਪਾਲੀ
ਕਿ ਤੁਸੀਂ ਇੱਕ ਦਿਨ ਆਓ
ਤੇ ਇਸ ਨੂੰ ਕੱਟ ਲਵੋ
ਆਪਣੇ ਆਕਾ ਦੇ ਦਰਬਾਰ ਵਿੱਚ
ਕਿਸੇ ਉੱਚੀ ਕੁਰਸੀ ਦਾ ਮੁੱਲ ਵੱਟ ਲਵੋ !

# ਅਪ੍ਰੈਲ 'ਚ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਹੋਣਗੀਆਂ ਰਿਲੀਜ਼












ਪੰਜਾਬੀ ਸਿਨੇਮਾ ਲਈ ਸਾਲ 2023 ਕਾਫੀ ਸ਼ਾਨਦਾਰ ਸਾਬਤ ਹੋ ਰਿਹਾ ਹੈ। ਹੁਣ ਫ਼ਿਲਮਾਂ ਦੀ ਕੁਆਲਟੀ ਤੇ ਕਹਾਣੀ ਵਿੱਚ ਕਾਫੀ ਸੁਧਾਰ ਕੀਤਾ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਹਨ ਫ਼ਿਲਮਾਂ 'ਕਲੀ ਜੋਟਾ' ਤੇ 'ਮਿੱਤਰਾਂ ਦਾ ਨਾਂ ਚੱਲਦਾ'। ਇਨ੍ਹਾਂ ਫ਼ਿਲਮਾਂ ਨੇ ਇਹ ਸਾਬਤ ਕੀਤਾ ਹੈ ਕਿ ਪੰਜਾਬੀ ਸਿਨੇਮਾ ਸਿਰਫ ਹਾਸੇ ਠੱਠੇ ਤੱਕ ਹੀ ਸੀਮਤ ਨਹੀਂ ਹੈ। ਹੁਣ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਅਪ੍ਰੈਲ ਵਿੱਚ ਕਿਹੜੀ ਕਿਹੜੀ ਫ਼ਿਲਮਾਂ ਸਿਨੇਮਾਘਰਾਂ ਵਿਚ ਤੁਹਾਡਾ ਮਨੋਰੰਜਨ ਕਰਨਗੀਆਂ।

**ਏਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ** (7 **ਅਪ੍ਰੈਲ**)

ਇਹ ਨੀਰੂ ਬਾਜਵਾ ਦੀ 2023 ਵਿੱਚ ਸਭ ਤੋਂ ਵੱਧ ਉਡੀਕੀਆਂ ਜਾਣ ਵਾਲੀਆਂ ਫ਼ਿਲਮਾਂ ਵਿਚੋਂ ਇੱਕ ਹੈ। ਪਹਿਲਾਂ ਇਹ ਫ਼ਿਲਮ 24 ਮਾਰਚ ਨੂੰ ਰਿਲੀਜ਼ ਹੋਣੀ ਸੀ, ਪਰ ਪੰਜਾਬ ਦੇ ਮਾੜੇ ਹਾਲਾਤ ਨੂੰ ਦੇਖਦੇ ਹੋਏ ਫ਼ਿਲਮ ਦੀ ਰਿਲੀਜ਼ ਡੇਟ ਚੇਂਜ ਕਰਕੇ 7 ਅਪ੍ਰੈਲ ਕੀਤੀ ਗਈ। ਦੱਸ ਦਈਏ ਕਿ ਫ਼ਿਲਮ ਵਿੱਚ ਨੀਰੂ ਬਾਜਵਾ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ, ਗੁਰਪ੍ਰੀਤ ਘੁੱਗੀ ਤੇ ਰੁਪਿੰਦਰ ਰੂਪੀ ਮੁੱਖ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਫ਼ਿਲਮ ਨੂੰ ਉਦੈ ਪ੍ਰਤਾਪ ਸਿੰਘ ਨੇ ਡਾਇਰੈਕਟ ਕੀਤਾ ਹੈ।

**ਸ਼ਿੰਦਾ ਸ਼ਿੰਦਾ ਨੋ ਪਾਪਾ** (14 **ਅਪ੍ਰੈਲ**)

ਸ਼ਿੰਦਾ ਸ਼ਿੰਦਾ ਨੋ ਪਾਪਾ ਵਿੱਚ ਗਿੱਪੀ ਗਰੇਵਾਲ ਦੀ ਆਪਣੇ ਪੁੱਤਰ ਸ਼ਿੰਦਾ ਨਾਲ ਜੋੜੀ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਅਮਰਪ੍ਰੀਤ ਛਾਬੜਾ ਨੇ ਡਾਇਰੈਕਟ ਕੀਤਾ ਹੈ।

**ਯਾਰਾਂ ਦਾ ਰੁਤਬਾ** (14 **ਅਪ੍ਰੈਲ**)

ਦੇਵ ਖਰੌੜ ਦੀ ਇਸ ਸਾਲ ਦੀ ਪਹਿਲੀ ਫ਼ਿਲਮ ਹੈ 'ਯਾਰਾਂ ਦਾ ਰੁਤਬਾ'। ਇਸ ਫ਼ਿਲਮ ਵਿੱਚ ਦੇਵ ਦੇ ਨਾਲ ਨਾਲ ਪ੍ਰਿੰਸ ਕੰਵਲਜੀਤ ਸਿੰਘ, ਰਾਹੁਲ ਦੇਵ ਤੇ ਯਸ਼ ਸਾਗਰ ਵੀ ਐਕਟਿੰਗ ਕਰਦੇ ਨਜ਼ਰ ਆਉਣਗੇ। ਇਹ ਫ਼ਿਲਮ 14 ਅਪ੍ਰੈਲ ਨੂੰ ਰਿਲੀਜ਼ ਹੋਣ ਜਾ ਰਹੀ ਹੈ।

**ਅੰਨ੍ਹੀ ਦਿਆ ਮਜ਼ਾਕ ਏ** (21 **ਅਪ੍ਰੈਲ**)

ਅੰਨ੍ਹੀ ਦਿਆ ਮਜ਼ਾਕ ਏ ਫ਼ਿਲਮ ਵਿੱਚ ਐਮੀ ਵਿਰਕ ਤੇ ਪਰੀ ਪੰਧੇਰ ਦੀ ਰੋਮਾਂਟਿਕ ਕੈਮਿਸਟਰੀ ਦੇਖਣ ਨੂੰ ਮਿਲੇਗੀ। ਪਹਿਲਾਂ ਇਸ ਫ਼ਿਲਮ ਨੇ 7 ਅਪ੍ਰੈਲ ਨੂੰ ਰਿਲੀਜ਼ ਹੋਣਾ ਸੀ, ਪਰ ਹੁਣ ਇਸ ਦੀ ਰਿਲੀਜ਼ ਡੇਟ ਨੂੰ ਬਦਲ ਕੇ 21 ਅਪ੍ਰੈਲ ਕੀਤਾ ਗਿਆ ਹੈ।

**ਉਡੀਕਾਂ ਤੇਰੀਆਂ** (21 **ਅਪ੍ਰੈਲ**)

ਇਸ ਫ਼ਿਲਮ ਵਿੱਚ ਜਸਵਿੰਦਰ ਭੱਲਾ, ਅਮਰ ਨੂਰੀ, ਸੀਮਾ ਕੌਸ਼ਲ, ਵਿੰਦੂ ਦਾਰਾ ਸਿੰਘ, ਪੁਖਰਾਜ ਭੱਲਾ, ਗੁੰਜਨ ਕਟੋਚ, ਹਾਰਬੀ ਸੰਘਾ ਐਕਟਿੰਗ ਕਰਦੇ ਨਜ਼ਰ ਆਉਣਗੇ। ਇਸ ਫ਼ਿਲਮ ਦੀ ਐਮੀ ਵਿਰਕ ਦੀ ਫ਼ਿਲਮ 'ਅੰਨ੍ਹੀ ਦੇਆ ਮਜ਼ਾਕ ਏ' ਨਾਲ ਟੱਕਰ ਦੇਖਣ ਨੂੰ ਮਿਲੇਗੀ।

**ਬੂ ਮੈਂ ਡਰਗੀ** (28 **ਅਪ੍ਰੈਲ**)

ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ, ਈਸ਼ਾ ਰਿੱਖੀ, ਬੀਐਨ ਸ਼ਰਮਾ, ਯੋਗਰਾਜ ਸਿੰਘ, ਅਨੀਤਾ ਦੇਵਗਨ, ਸੁਖਵਿੰਦਰ ਮਾਹਲ ਪਰਦੇ 'ਤੇ ਐਕਟਿੰਗ ਕਰਦੇ ਨਜ਼ਰ ਆਉਣਗੇ। ਫ਼ਿਲਮ ਨੂੰ ਮਨਜੀਤ ਸਿੰਘ ਟੋਨੀ ਨੇ ਡਾਇਰੈਕਟ ਕੀਤਾ ਹੈ।

**ਮਾਈਨਿੰਗ: ਰੇਤੇ 'ਤੇ ਕਬਜ਼ਾ** (28 **ਅਪ੍ਰੈਲ**)

ਫ਼ਿਲਮ ਦਾ ਨਾਮ ਸੁਣ ਕੇ ਹੀ ਕੁੱਝ ਆਈਡੀਆ ਹੋ ਜਾਂਦਾ ਹੈ ਕਿ ਇਸ ਦੀ ਕਹਾਣੀ ਕੀ ਹੋਵੇਗੀ। ਪੰਜਾਬ ਵਿੱਚ ਹਮੇਸ਼ਾ ਹੀ ਭਖਦਾ ਮਸਲਾ ਰਿਹਾ ਹੈ ਮਾਈਨਿੰਗ ਦਾ ਮੁੱਦਾ। ਹੁਣ ਇਸੇ ਟੌਪਿਕ 'ਤੇ ਇੱਕ ਫ਼ਿਲਮ ਵੀ ਬਣਨ ਜਾ ਰਹੀ ਹੈ, ਜਿਸ ਵਿੱਚ ਰਾਂਝਾ ਵਿਕਰਮ ਸਿੰਘ, ਸਾਰਾ ਗੁਰਪਾਲ, ਸਵੀਤਾਜ ਬਰਾੜ ਤੇ ਪ੍ਰਦੀਪ ਰਾਵਤ ਐਕਟਿੰਗ ਕਰਦੇ ਨਜ਼ਰ ਆਉਣਗੇ। ਇਹ ਫ਼ਿਲਮ 28 ਅਪ੍ਰੈਲ ਨੂੰ ਰਿਲੀਜ਼ ਹੋਵੇਗੀ।

**ਲੈਂਬਰਗਿਨੀ** (28 **ਅਪ੍ਰੈਲ**)

ਇਸ ਸਾਲ ਰਣਜੀਤ ਬਾਵਾ ਦੀ ਫ਼ਿਲਮ ਵੀ ਰਿਲੀਜ਼ ਹੋਣ ਜਾ ਰਹੀ ਹੈ। ਉਹ ਆਪਣੀ ਫ਼ਿਲਮ 'ਲੈਂਬਰਗਿਨੀ' ਨੂੰ ਲੈਕੇ ਕਾਫੀ ਜ਼ਿਆਦਾ ਚਰਚਾ ਵਿੱਚ ਹੈ। ਇਸ ਫ਼ਿਲਮ ਵਿੱਚ ਉਹ ਮਾਹਿਰਾ ਸ਼ਰਮਾ ਦੇ ਨਾਲ ਰੋਮਾਂਸ ਕਰਦਾ ਨਜ਼ਰ ਆਵੇਗਾ।

## ਮਿਸੇਜ ਚੈਟਰਜੀ ਵਰਸਿਸ ਨਾਰਵੇ ਫ਼ਿਲਮ 'ਚ ਰਾਣੀ ਮੁਖਰਜੀ ਨੇ ਮਾਂ ਦਾ ਕਿਰਦਾਰ ਨਿਭਾਇਆ




ਰਾਣੀ ਮੁਖਰਜੀ ਅੱਜ ਭਾਵੇਂ ਫ਼ਿਲਮਾਂ 'ਚ ਘੱਟ ਨਜ਼ਰ ਆ ਰਹੀ ਹੋਵੇ, ਪਰ ਉਸ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਹਾਲ ਹੀ ਵਿੱਚ ਰਾਣੀ 'ਮਿਸੇਜ ਚੈਟਰਜੀ ਵਰਸਿਸ ਨਾਰਵੇ' ਵਿੱਚ ਨਜ਼ਰ ਆਈ ਸੀ। ਬਹੁਤ ਜਲਦੀ ਉਸ ਦੀ ਇਕ ਹੋਰ ਫ਼ਿਲਮ 'ਮਰਦਾਨੀ 3' ਵਿੱਚ ਵੀ ਉਹ ਨਜ਼ਰ ਆਵੇਗੀ।

ਹੁਣੇ ਜਿਹੇ ਰਿਲੀਜ਼ ਹੋਈ ਰਾਣੀ ਦੀ ਫ਼ਿਲਮ 'ਮਿਸੇਜ ਚੈਟਰਜੀ ਵਰਸਿਸ ਨਾਰਵੇ', ਨਾਰਵੇ ਵਿੱਚ ਰਹਿ ਰਹੀ ਸਾਗਾਰਿਕਾ ਭੱਟਾਚਾਰਿਆ ਦੀ ਅਸਲ ਅਤੇ ਸੱਚੀ ਘਟਨਾ 'ਤੇ ਆਧਾਰਿਤ ਹੈ। ਫ਼ਿਲਮ ਨੂੰ ਆਸ਼ਿਮਾ ਛਿੱਬਰ ਵਲੋਂ ਨਿਰਦੇਸ਼ਿਤ ਕੀਤਾ ਗਿਆ।

ਫ਼ਿਲਮ ਵਿੱਚ ਰਾਣੀ ਮੁਖਰਜੀ ਨੇ ਇਕ ਇਸ ਤਰ੍ਹਾਂ ਦੀ ਮਾਂ ਦੇ ਕਿਰਦਾਰ ਨੂੰ ਨਿਭਾਇਆ ਹੈ ਜਿਸ ਨਾਲ ਨਾਰਵੇ ਦੇ ਸਰਕਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੱਚਿਆਂ ਦੀ ਪਰਵਰਿਸ਼ ਵਿੱਚ ਲਾਪ੍ਰਵਾਹੀ ਵਰਤਣ ਦੇ ਦੋਸ਼ ਵਿੱਚ ਉਸ ਦੇ ਦੋਵੇਂ ਬੱਚੇ ਖੋਹ ਲਏ ਜਾਂਦੇ ਹਨ। ਬਾਅਦ ਵਿੱਚ ਭਾਰਤ ਸਰਕਾਰ ਦੀ ਪਹਿਲ 'ਤੇ ਦੋਵੇਂ ਬੱਚੇ ਸਾਗਾਰਿਕਾ ਦੀ ਕਸੱਟਡੀ ਵਿੱਚ ਸੁਪੁਰਦ ਕੀਤੇ ਜਾਂਦੇ ਹਨ।

ਹਮੇਸ਼ਾ ਵੱਖਰੇ ਤਰ੍ਹਾਂ ਦੇ ਕਿਰਦਾਰ ਨਿਭਾਉਣ ਵਾਲੀ ਰਾਣੀ ਮੁਖਰਜੀ ਨੇ ਇੱਕ ਬਿਲਕੁਲ ਵੱਖਰੇ ਅਤੇ ਅਨੋਖੇ ਕਿਰਦਾਰ ਵਿੱਚ ਸਾਗਾਰਿਕਾ ਭੱਟਾਚਾਰਿਆ ਦੇ ਦੁਖ ਦਰਦ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵਾਪਸ ਹਾਸਲ ਕਰਨ ਦੇ ਸੰਘਰਸ਼ ਨੂੰ ਵੱਡੇ ਪਰਦੇ 'ਤੇ ਜਿਊਂਦਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਖ਼ੁਦ ਸਾਗਰਿਕਾ ਨੇ ਰਾਣੀ ਦੇ ਕੰਮ ਦੀ ਤਾਰੀਫ਼ ਕਰਦੇ ਹੋਏ ਕਿਹਾ ਹੈ ਕਿ ਰਾਣੀ ਮੁਖਰਜੀ ਖ਼ੁਦ ਵੀ ਇੱਕ ਮਾਂ ਹੈ ਅਤੇ ਮੈਂ ਉਨ੍ਹਾਂ ਦੀ ਸ਼ੁਕਰ ਗੁਜ਼ਾਰ ਹਾਂ ਕਿ ਉਨ੍ਹਾਂ ਨੇ ਇੱਕ ਮਾਂ ਦੀ ਦਰਦ ਭਰੀ ਦਾਸਤਾਂ ਨੂੰ ਬੇਹੱਦ ਭਾਵੁਕ ਢੰਗ ਨਾਲ ਪਰਦੇ 'ਤੇ ਉਤਾਰਿਆ ਹੈ।

ਮਿਸਿਜ਼ ਚੈਟਰਜੀ ਵਰਸਿਸ ਨਾਰਵੇ ਵਿੱਚ ਪਹਿਲਾਂ ਸੈਫ ਅਲੀ ਖਾਨ, ਸਿਧਾਂਤ ਚਤੁਰਵੇਦੀ ਅਤੇ ਸ਼ਰਵਰੀ ਵਾਘ ਦੇ ਨਾਲ ਬੰਟੀ ਔਰ ਬਬਲੀ-2 (2021) ਵਿੱਚ ਨਜ਼ਰ ਆਉਣ ਵਾਲੀ ਰਾਣੀ ਮੁਖਰਜੀ ਨੇ ਬੰਗਾਲੀ ਫ਼ਿਲਮ ਬਿਯੇਰ ਫੂਲ (1996) ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਤੋਂ ਅਗਲੇ ਹੀ ਸਾਲ ਉਸ ਨੂੰ ਰਾਜਾ ਕੀ ਆਏਗੀ ਬਾਰਾਤ (1997) ਜ਼ਰੀਏ ਹਿੰਦੀ ਫ਼ਿਲਮਾਂ ਵਿੱਚ ਕਦਮ ਰੱਖਣ ਦਾ ਮੌਕਾ ਮਿਲਿਆ ਸੀ।

## ਯੂਟਿਊਬ 'ਤੇ ਸਭ ਤੋਂ ਵੱਧ ਵਾਰ ਦੇਖੇ ਗਏ ਬੱਬੂ ਮਾਨ ਦੇ 3 ਗੀਤ

### ਰੱਬ ਨਾ ਕਰੇ, ਮਿੱਤਰਾਂ ਦੀ ਛੱਤਰੀ, ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ



ਉਂਝ ਤਾਂ ਬੱਬੂ ਮਾਨ ਦਾ ਹਰ ਗੀਤ ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਪਹਿਲੀ ਪਸੰਦ ਬਣਿਆ ਰਹਿੰਦਾ ਹੈ ਪਰ ਕੀ ਤੁਹਾਨੂੰ ਪਤਾ ਹੈ ਕਿ ਬੱਬੂ ਮਾਨ ਦੇ ਉਹ ਟਾਪ 3 ਗੀਤ ਕਿਹੜੇ ਹਨ, ਜਿਨ੍ਹਾਂ ਨੂੰ ਯੂਟਿਊਬ 'ਤੇ ਸਭ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ। ਆਓ ਜਾਣਦੇ ਹਾਂ-

**1. ਰੱਬ ਨਾ ਕਰੇ**

ਬੱਬੂ ਮਾਨ ਦਾ ਯੂਟਿਊਬ 'ਤੇ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਗੀਤ 'ਰੱਬ ਨਾ ਕਰੇ' ਹੈ, ਜਿਸ ਨੂੰ 256 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ। ਇਹ ਗੀਤ ਹੁਕਮ ਅਲੀ ਦੇ ਚੈਨਲ 'ਤੇ 3 ਸਾਲ ਪਹਿਲਾਂ ਰਿਲੀਜ਼ ਕੀਤਾ ਗਿਆ ਸੀ, ਜਿਸ ਦੀ ਵੀਡੀਓ ਤਾਂ ਅਧਿਕਾਰਕ ਨਹੀਂ ਹੈ ਪਰ ਵਿਊਜ਼ ਦੇ ਮਾਮਲੇ 'ਚ ਟਾਪ 'ਤੇ ਹੈ।

**2. ਮਿੱਤਰਾਂ ਦੀ ਛੱਤਰੀ**

ਬੱਬੂ ਮਾਨ ਦਾ ਵਿਊਜ਼ ਦੇ ਮਾਮਲੇ 'ਚ ਦੂਜੇ ਨੰਬਰ 'ਤੇ ਜੋ ਗੀਤ ਹੈ ਉਸ ਦਾ ਨਾਂ ਹੈ 'ਮਿੱਤਰਾਂ ਦੀ ਛੱਤਰੀ'। ਇਹ ਗੀਤ ਟੀ-ਸੀਰੀਜ਼ ਆਪਣਾ ਪੰਜਾਬ ਦੇ ਯੂਟਿਊਬ ਚੈਨਲ 'ਤੇ 11 ਸਾਲ ਪਹਿਲਾਂ ਰਿਲੀਜ਼ ਕੀਤਾ ਗਿਆ ਸੀ, ਜਿਸ ਨੂੰ 193 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ।

**3. ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ**

ਤੀਜੇ ਨੰਬਰ 'ਤੇ ਬੱਬੂ ਮਾਨ ਦਾ ਗੀਤ 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ' ਹੈ।

ਇਸ ਗੀਤ ਨੂੰ ਵੀ 11 ਸਾਲ ਪਹਿਲਾਂ ਟੀ-ਸੀਰੀਜ਼ ਆਪਣਾ ਪੰਜਾਬ ਦੇ ਚੈਨਲ ਹੇਠ ਰਿਲੀਜ਼ ਕੀਤਾ ਗਿਆ ਸੀ, ਜਿਸ ਨੂੰ 98 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ।

## ਅੰਧ ਵਿਸ਼ਵਾਸ਼ ਫੈਲਾ ਰਹੇ ਹਨ ਕੁਝ ਫ਼ਿਲਮਾਂ ਅਤੇ ਸੀਰੀਅਲ

### ਪਰਿਵਾਰਕ ਕਹਾਣੀ ਵਾਲੇ ਸੀਰੀਅਲਾਂ 'ਚ ਵੀ ਦਿਖਾ ਦਿੱਤੇ ਜਾਂਦੇ ਹਨ ਜਾਦੂ ਅਤੇ ਪੁਨਰ ਜਨਮ ਦੇ ਦ੍ਰਿਸ਼



ਭਾਰਤ ਵਿੱਚ ਵੱਖ- ਵੱਖ ਸਿਨੇਮਿਆਂ, ਟੀ ਵੀ ਚੈਨਲਾਂ ਆਦਿ 'ਤੇ ਵਿਖਾਈਆਂ ਜਾਂਦੀਆਂ ਅਨੇਕਾਂ ਫ਼ਿਲਮਾਂ ਅਤੇ ਸੀਰੀਅਲ ਸਮਾਜ ਨੂੰ ਕੋਈ ਸੇਧ ਦੇਣ ਦੀ ਥਾਂ ਅੰਧ ਵਿਸ਼ਵਾਸ਼ ਫੈਲਾ ਰਹੇ ਹਨ। ਅਕਸਰ ਅਨੇਕਾਂ ਫ਼ਿਲਮਾਂ ਅਤੇ ਕਈ ਸੀਰੀਅਲਾਂ ਵਿੱਚ ਪੁਨਰਜਨਮ, ਜਾਦੂ ਟੂਣੇ, ਭੇੜੀਆ, ਭੂਤ ਅਤੇ ਹੋਰ ਅਜਿਹਾ ਵਹਿਮ ਭਰਮ ਦਿਖਾਏ ਜਾਂਦੇ ਹਨ, ਜਿਸ ਨਾਲ ਇਹ ਫ਼ਿਲਮਾਂ ਅਤੇ ਸੀਰੀਅਲ ਵੇਖਣ ਵਾਲਿਆਂ ਵਿੱਚ ਅੰਧ ਵਿਸ਼ਵਾਸ਼ ਫੈਲਦਾ ਹੈ।

ਕੁਝ ਚੈਨਲਾਂ 'ਤੇ ਚੰਗੇ ਭਲੇ ਚਲਦੇ ਸੀਰੀਅਲਾਂ ਵਿੱਚ ਅਕਸਰ ਭੂਤ ਪ੍ਰੇਤ ਅਤੇ ਪੁਨਰ ਜਨਮ ਨੂੰ ਦਿਖਾਇਆ ਜਾਣ ਲੱਗਦਾ ਹੈ ਅਤੇ ਸੀਰੀਅਲ ਦੀ ਕਹਾਣੀ ਪੂਰੀ ਤਰਾਂ ਬਦਲ ਦਿਤੀ ਜਾਂਦੀ ਹੈ। ਕਈ ਚੈਨਲਾਂ 'ਤੇ ਅਜਿਹੇ ਸੀਰੀਅਲ ਵੀ ਚੱਲ ਰਹੇ ਹਨ, ਜਿਹਨਾਂ ਦੀ ਕਹਾਣੀ ਪਹਿਲਾਂ ਪਰਿਵਾਰਕ ਦਿਖਾਈ ਜਾਂਦੀ ਹੈ ਅਤੇ ਇਹ ਸੀਰੀਅਲ ਕਾਫੀ ਸਹੀ ਤਰੀਕੇ ਨਾਲ ਚੱਲ ਰਹੇ ਹੁੰਦੇ ਹਨ ਅਤੇ ਦਰਸ਼ਕਾਂ ਨੂੰ ਵੀ ਪਸੰਦ ਆਉਣ ਲੱਗਦੇ ਹਨ, ਤਾਂ ਇਹਨਾਂ ਦੇ ਨਿਰਮਾਤਾਵਾਂ ਜਾਂ ਨਿਰਦੇਸ਼ਕਾਂ ਵੱਲੋਂ ਇਹਨਾਂ ਸੀਰੀਅਲਾਂ ਦੀ ਕਹਾਣੀ ਨੂੰ ਅਚਾਨਕ ਨਵਾਂ ਮੋੜ ਦੇ ਦਿਤਾ ਜਾਂਦਾ ਹੈ ਅਤੇ ਫਿਰ ਇਹਨਾਂ ਸੀਰੀਅਲਾਂ ਵਿੱਚ ਕਾਲਾ ਜਾਦੂ, ਟੋਣੇ, ਵਹਿਮ ਭਰਮ, ਕਾਲੀਆਂ ਸ਼ਕਤੀਆਂ, ਪੁਨਰ ਜਨਮ, ਵੱਖ ਵੱਖ ਜਾਨਵਰਾਂ ਵੱਲੋਂ ਇਨਸਾਨ ਦਾ ਰੂਪ ਵਟਾਉਣਾ ਅਤੇ ਹੋਰ ਅਜਿਹਾ ਕਈ ਕੁਝ ਦਿਖਾਇਆ ਜਾਣ ਲੱਗਦਾ ਹੈ, ਜਿਸ ਕਾਰਨ ਇਹਨਾਂ ਸੀਰੀਅਲਾਂ ਨੂੰ ਵੇਖਣ ਵਾਲਿਆਂ ਵਿੱਚ ਅੰਧ ਵਿਸ਼ਵਾਸ਼ ਫੈਲਦਾ ਹੈ। ਇਸ ਤੋਂ ਇਲਾਵਾ ਕਈ ਫ਼ਿਲਮਾਂ ਵਿੱਚ ਵੀ ਅਕਸਰ ਵਹਿਮ ਭਰਮ ਅਤੇ ਜਾਦੂ ਆਦਿ ਦਿਖਾਏ ਜਾਂਦੇ ਹਨ, ਜਿਸ ਕਾਰਨ ਅਜਿਹੀਆਂ ਫ਼ਿਲਮਾਂ ਦਾ ਇਹਨਾਂ ਫ਼ਿਲਮਾਂ ਨੂੰ ਵੇਖਣ ਵਾਲਿਆਂ 'ਤੇ ਅਸਰ ਹੁੰਦਾ ਹੈ।

ਅਜਿਹੇ ਡਰਾਉਣੇ ਸੀਰੀਅਲਾਂ ਅਤੇ ਫ਼ਿਲਮਾਂ ਨੂੰ ਵੇਖ ਕੇ ਅਕਸਰ ਬੱਚੇ ਡਰ ਜਾਂਦੇ ਹਨ ਅਤੇ ਉਹਨਾਂ ਦੇ ਦਿਮਾਗ 'ਤੇ ਅਜਿਹੇ ਡਰਾਉਣੇ ਸੀਰੀਅਲਾਂ ਦਾ ਮਾੜਾ ਅਸਰ ਪੈਂਦਾ ਹੈ। ਹੈਰਾਣੀ ਤਾਂ ਇਸ ਗਲ ਦੀ ਹੈ ਕਿ ਅਜਿਹੇ ਸੀਰੀਅਲ ਟੈਲੀਕਾਸਟ ਕਰਨ ਦੀ ਆਗਿਆ ਪਤਾ ਨਹੀਂ ਕਿਸ ਆਧਾਰ 'ਤੇ ਦੇ ਦਿਤੀ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਅੰਧ ਵਿਸ਼ਵਾਸ਼ ਫੈਲਾਉਣ ਵਾਲੇ ਫ਼ਿਲਮਾਂ ਤੇ ਸੀਰੀਅਲਾਂ ਦੀ ਥਾਂ ਸਮਾਜ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ ਤੇ ਸੀਰੀਅਲ ਬਣਾਏ ਜਾਣ।

# ਭਾਰਤੀ ਮੁਟਿਆਰਾਂ ਕਰ ਰਹੀਆਂ ਨੇ ਵਿਸ਼ਵ ਪੱਧਰੀ ਖੇਡ ਮੁਕਾਬਲਿਆਂ ’ਚ ਚੰਗਾ ਪ੍ਰਦਰਸ਼ਨ

## ਮੈਰੀ ਕੋਮ, ਸਾਨੀਆ ਮਿਰਜ਼ਾ, ਪੀ. ਵੀ. ਸਿੰਧੂ ਅਤੇ ਸਾਈਨਾ ਨੇਹਵਾਲ ਵਰਗੀਆਂ ਖਿਡਾਰਨਾਂ ਰੋਲ ਮਾਡਲ ਬਣੀਆਂ







ਭਾਰਤ ਵਿੱਚ ਔਰਤਾਂ ਦੀ ਮੁੱਕੇਬਾਜ਼ੀ ਦੀ ਖੇਡ ਮਨੀਪੁਰ ਦੀ ਐਮਸੀ ਮੈਰੀ ਕੋਮ ਦੀਆਂ ਕੌਮਾਂਤਰੀ ਟੂਰਨਾਮੈਂਟਾਂ ਵਿੱਚ ਜਿੱਤਾਂ ਕਾਰਨ ਲੋਕਾਂ ਦੇ ਧਿਆਨ ਦੇ ਕੇਂਦਰ ਵਿੱਚ ਰਹੀ ਹੈ। ਮੈਰੀ ਕੋਮ ਨੇ 2012 ਦੀਆਂ ਲੰਡਨ ਓਲੰਪਿਕ ਖੇਡਾਂ ਵਿੱਚ ਕਾਂਸੀ ਦੇ ਤ਼ਗਮੇ ਸਮੇਤ ਅੱਠ ਵਿਸ਼ਵ ਚੈਂਪੀਅਨਸ਼ਿਪ ਤ਼ਗਮੇ (ਛੇ ਸੋਨੇ ਸਮੇਤ) ਜਿੱਤੇ ਹਨ। ਉਸ ਦਾ ਸ਼ਾਨਦਾਰ ਪ੍ਰਦਰਸ਼ਨ ਹੋਰ ਮੁੱਕੇਬਾਜ਼ਾਂ ਮੁਟਿਆਰਾਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਾ ਰਿਹਾ ਹੈ। ਹਾਲ ਹੀ ਵਿੱਚ ਨਵੀਂ ਦਿੱਲੀ ਵਿੱਚ ਸਮਾਪਤ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਰ ਭਾਰਤੀ ਮੁੱਕੇਬਾਜ਼ਾਂ ਨੇ ਸੋਨੇ ਦੇ ਤ਼ਗਮੇ ਜਿੱਤੇ। ਇਨ੍ਹਾਂ ਵਿੱਚ ਨਿਖ਼ਤ ਜ਼ਰੀਨ, ਲਵਲੀਨਾ ਬੋਰਗੋਹੇਨ, ਨੀਤੂ ਘੰਗਾਸ ਅਤੇ ਸਵੀਟੀ ਬੂਰਾ ਸ਼ਾਮਿਲ ਹਨ। ਨਿਖ਼ਤ ਨੇ ਮੈਰੀ ਕੋਮ ਵਾਂਗ ਦੋ ਵਾਰ ਵਿਸ਼ਵ ਖਿਤਾਬ ਜਿੱਤਣ ਦਾ ਮਾਣ ਹਾਸਿਲ ਕੀਤਾ; ਇਸ ਮੁਕਾਬਲੇ ਵਿੱਚ ਉਸ ਨੇ ਵੀਅਤਨਾਮ ਦੀ ਦੋ ਵਾਰ ਦੀ ਏਸ਼ੀਅਨ ਚੈਂਪੀਅਨ ਰਹੀ ਗੁਏਨ ਥੀ ਟਾਮ ਨੂੰ ਹਰਾਇਆ। ਟੋਕੀਓ ਓਲੰਪਿਕ ਦੀ ਕਾਂਸੀ ਤ਼ਗਮਾ ਜੇਤੂ ਲਵਲੀਨਾ ਨੇ ਆਸਟਰੇਲੀਆ ਦੀ ਕੇਟਲਨ ਪਾਰਕਰ ਨੂੰ ਹਰਾ ਕੇ ਆਪਣਾ ਪਹਿਲਾ ਵਿਸ਼ਵ ਖ਼ਿਤਾਬ ਜਿੱਤਿਆ। ਭਾਰਤ ਦੀਆਂ ਮਹਿਲਾ ਮੁੱਕੇਬਾਜ਼ਾਂ ਨੇ ਸੋਨ ਤ਼ਗਮਿਆਂ ਦੇ ਮਾਮਲੇ ਵਿੱਚ ਆਪਣੇ 2006 ਵਾਲੇ ਸਰਵੋਤਮ ਪ੍ਰਦਰਸ਼ਨ ਦੀ ਬਰਾਬਰੀ ਕੀਤੀ, ਉਨ੍ਹਾਂ ਨੇ ਉਸ ਵਿਸ਼ਵ ਚੈਂਪੀਅਨਸ਼ਿਪ (2006) ਵਿੱਚ ਵੀ ਚਾਰ ਮੈਡਲ ਜਿੱਤੇ ਸਨ।ਨਿਖ਼ਤ ਅਤੇ ਲਵਲੀਨਾ ਇਸ ਸਾਲ ਸਤੰਬਰ-ਅਕਤੂਬਰ ਵਿੱਚ ਹਾਂਗਜ਼ੂ (ਚੀਨ) ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਵਿੱਚ ਸੋਨੇ ਦੇ ਤ਼ਗਮੇ ਜਿੱਤਣ ਦੀਆਂ ਦਾਅਵੇਦਾਰ ਹੋਣਗੀਆਂ, ਜਦੋਂਕਿ ਨੀਤੂ ਅਤੇ ਸਵੀਟੀ ਨੂੰ ਮੁਕਾਬਲੇ ਵਿੱਚ ਉਤਰਨ ਲਈ ਆਪੋ-ਆਪਣੇ ਭਾਰ ਵਰਗ ਵਿੱਚ ਬਦਲਾਅ ਕਰਨ ਦੀ ਲੋੜ ਹੈ। ਇਨ੍ਹਾਂ ਮੁੱਕੇਬਾਜ਼ਾਂ ਦੀਆਂ ਪ੍ਰਾਪਤੀਆਂ ਨੇ ਉਮੀਦ ਜਗਾਈ ਹੈ ਕਿ ਭਾਰਤ ਆਖ਼ਰਕਾਰ ਅਗਲੇ ਸਾਲ ਇਸ ਖੇਡ ਵਿੱਚ ਓਲੰਪਿਕ ਸੋਨ ਤ਼ਗਮਾ ਜਿੱਤੇਗਾ।ਇਹ ਖੁਸ਼ੀ ਦੀ ਗੱਲ ਹੈ ਕਿ ਮੁੱਕੇਬਾਜ਼ੀ ਅਤੇ ਕੁਸ਼ਤੀ ਕੁੜੀਆਂ ਵਿਚਕਾਰ ਪਸੰਦੀਦਾ ਖੇਡਾਂ ਬਣ ਗਈਆਂ ਹਨ ਹਾਲਾਂਕਿ, ਕ੍ਰਿਕਟ ਦਾ ਦਬਦਬਾ ਕਾਇਮ ਹੈ। ਭਾਰਤ ਦੀ ਔਰਤਾਂ ਦੀ ਹਾਕੀ ਟੀਮ ਵੀ ਚੰਗਾ ਪ੍ਰਦਰਸ਼ਨ ਕਰਦੀ ਰਹੀ ਹੈ। ਔਰਤ ਪਹਿਲਵਾਨਾਂ ਨੇ ਵੀ ਕੌਮਾਂਤਰੀ ਪੱਧਰ ’ਤੇ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ ਹਨ। ਬੈਡਮਿੰਟਨ ਦੀ ਖੇਡ ਵਿੱਚ ਭਾਰਤੀ ਖਿਡਾਰਨਾਂ ਨੇ ਵਿਸ਼ਵ ਪੱਧਰ ’ਤੇ ਆਪਣਾ ਸਿੱਕਾ ਜਮਾਇਆ ਹੈ। ਕੁਝ ਸਮਾਂ ਔਰਤ ਪਹਿਲਵਾਨਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾ ਕੇ ਇਹ ਦੱਸਿਆ ਸੀ ਕਿ ਉਹ ਆਪਣੇ ਮਾਣ-ਸਨਮਾਨ ਲਈ ਲੜ ਵੀ ਸਕਦੀਆਂ ਹਨ।ਸਪੱਸ਼ਟ ਤੌਰ ’ਤੇ ਦੇਸ਼ ਦੀਆਂ ਧੀਆਂ ਲਈ ਖੇਡਾਂ ਦੇ ਮੌਕਿਆਂ ਦੀ ਕੋਈ ਕਮੀ ਨਹੀਂ ਹੈ ਜਿਸ ਵਿੱਚ ਮੈਰੀ ਕੋਮ, ਸਾਨੀਆ ਮਿਰਜ਼ਾ, ਪੀਵੀ ਸਿੰਧੂ ਅਤੇ ਸਾਈਨਾ ਨੇਹਵਾਲ ਵਰਗੀਆਂ ਖਿਡਾਰਨਾਂ ਉਨ੍ਹਾਂ ਲਈ ਸਥਾਈ ਰੋਲ ਮਾਡਲ ਹਨ। ਕੇਂਦਰ ਅਤੇ ਰਾਜ ਸਰਕਾਰਾਂ ਦੀ ਸਹਾਇਤਾ ਦੇ ਨਾਲ-ਨਾਲ ਮਾਪਿਆਂ ਅਤੇ ਕੋਚਾਂ ਦੇ ਨਿਰੰਤਰ ਸਮਰਥਨ ਨਾਲ ਬਹੁਤ ਵੱਡਾ ਫ਼ਰਕ ਪੈ ਰਿਹਾ ਹੈ। ਔਰਤਾਂ ਦੀ ਬਰਾਬਰੀ ਇੱਕ ਵੱਡਾ ਮਸਲਾ ਹੈ ਅਤੇ ਖਿਡਾਰਣਾਂ ਦੀ ਸਫਲਤਾ ਔਰਤਾਂ ਵਿੱਚ ਵਿਸ਼ਵਾਸ ਤੇ ਉਤਸ਼ਾਹ ਪੈਦਾ ਕਰਦੀ ਹੈ।

# ਕੋਹਲੀ ਨੇ ਆਈ.ਪੀ.ਐਲ. ਵਿੱਚ 50 ਵਾਰੀ ਬਣਾਇਆ 50 ਤੋਂ ਵੱਧ ਸਕੋਰ

## ਪਹਿਲਾ ਭਾਰਤੀ : 223 ਛੱਕੇ, ਪੋਲਾਰਡ ਦੇ ਪੁੱਜੇ ਬਰਾਬਰ, ਇਸ ਸੂਚੀ ’ਚ ਗੇਲ ਅਜੇ ਵੀ ਚੋਟੀ ’ਤੇ



ਨਵੀਂ ਦਿੱਲੀ/ਏਟੀ ਨਿਊਜ਼ : ਆਈਪੀਐਲ ਸੀਜ਼ਨ 16 ’ਚ ਵਿਰਾਟ ਕੋਹਲੀ ਨੇ ਆਪਣੇ ਪਹਿਲੇ ਹੀ ਮੈਚ ’ਚ ਧਮਾਕੇਦਾਰੀ ਪਾਰੀ ਖੇਡੀ। ਵਿਰਾਟ ਕੋਹਲੀ ਨੇ ਮੁੰਬਈ ਇੰਡੀਅਨਜ਼ ਦੇ ਖਿਲਾਫ ਮੈਚ ’ਚ ਅਜੇਤੂ 82 ਦੌੜਾਂ ਦੀ ਪਾਰੀ ਖੇਡੀ। ਉਸ ਨੇ ਕਪਤਾਨ ਫਾਫ ਡੂ ਪਲੇਸਿਸ ਨਾਲ 148 ਦੌੜਾਂ ਦੀ ਰਿਕਾਰਡ ਸਾਂਝੇਦਾਰੀ ਵੀ ਕੀਤੀ। ਮੁੰਬਈ ਦੇ ਖਿਲਾਫ ਇਹ ਚੌਥੀ ਸਭ ਤੋਂ ਵੱਡੀ ਓਪਨਿੰਗ ਸਾਂਝੇਦਾਰੀ ਹੈ। ਵਿਰਾਟ ਕੋਹਲੀ ਨੇ ਆਪਣੀ 82 ਦੌੜਾਂ ਦੀ ਪਾਰੀ ਨਾਲ ਕਈ ਰਿਕਾਰਡ ਆਪਣੇ ਨਾਂਅ ਕੀਤੇ।

ਵਿਰਾਟ ਕੋਹਲੀ ਨੇ ਅਰਧ ਸੈਂਕੜਾ ਲਗਾਉਣ ਦੇ ਨਾਲ ਹੀ ਇੱਕ ਹੋਰ ਰਿਕਾਰਡ ਆਪਣੇ ਨਾਂਅ ਕਰ ਲਿਆ। ਉਹ ਆਈਪੀਐਲ ਵਿੱਚ 50 ਵਾਰ ਸਕੋਰ ਕਰਨ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ। ਦਿੱਲੀ ਕੈਪੀਟਲਜ਼ ਦੇ ਕਪਤਾਨ ਡੇਵਿਡ ਵਾਰਨਰ ਇਸ ਮਾਮਲੇ ’ਚ ਪਹਿਲੇ ਸਥਾਨ ’ਤੇ ਹਨ। ਉਸ ਨੇ 60 ਵਾਰ 50 ਪਲੱਸ ਸਕੋਰ ਬਣਾਏ ਹਨ। ਵਿਰਾਟ ਨੇ ਆਈਪੀਐਲ ’ਚ 45 ਫਿਫਟੀ ਬਣਾਈਆਂ ਹਨ। ਉਸ ਦੇ ਨਾਂਅ 5 ਸੈਂਕੜੇ ਵੀ ਹਨ। ਇਸ ਤਰ੍ਹਾਂ ਉਸ ਨੇ 50 ਵਾਰ 50 ਸਕੋਰ ਬਣਾਏ ਹਨ। ਅਜਿਹਾ ਕਰਨ ਵਾਲਾ ਉਹ ਪਹਿਲਾ ਭਾਰਤੀ ਖਿਡਾਰੀ ਬਣ ਗਿਆ ਹੈ।

### ਆਈ.ਪੀ.ਐਲ. ’ਚ ਗੇਲ ਦੇ ਸਭ ਤੋਂ ਵੱਧ ਛੱਕੇ

ਵਿਰਾਟ ਕੋਹਲੀ ਨੇ ਸਭ ਤੋਂ ਵੱਧ ਛੱਕਿਆਂ ਦੀ ਸੂਚੀ ਵਿੱਚ ਵੈਸਟਇੰਡੀਜ਼ ਦੇ ਬੱਲੇਬਾਜ਼ ਕੀਰੋਨ ਪੋਲਾਰਡ ਦੀ ਬਰਾਬਰੀ ਕਰ ਲਈ ਹੈ। ਦੋਵਾਂ ਨੇ ਆਈਪੀਐਲ ’ਚ 223 ਛੱਕੇ ਲਗਾਏ ਹਨ। ਇਸ ਸੂਚੀ ’ਚ ਕ੍ਰਿਸ ਗੇਲ 357 ਦੌੜਾਂ ਦੇ ਨਾਲ ਸਿਖਰ ’ਤੇ ਹਨ। ਪੋਲਾਰਡ ਅਤੇ ਕੋਹਲੀ ਪੰਜਵੇਂ ਸਥਾਨ ’ਤੇ ਹਨ। ਇਸ ਤੋਂ ਇਲਾਵਾ ਆਈਪੀਐਲ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਰਿਕਾਰਡ ਵਿਰਾਟ ਕੋਹਲੀ ਦੇ ਨਾਮ ਹੈ। ਵਿਰਾਟ ਨੇ 224 ਆਈਪੀਐਲ ਮੈਚਾਂ ’ਚ 6706 ਦੌੜਾਂ ਬਣਾਈਆਂ ਹਨ।

# ਧੋਨੀ ਨੇ ਆਈ.ਪੀ.ਐਲ. ’ਚ ਛੂਹਿਆ 5 ਹਜ਼ਾਰ ਦੌੜਾਂ ਦਾ ਅੰਕੜਾ

ਚੇਨਈ ਸੁਪਰ ਕਿੰਗਜ਼ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਨੇ ਲਖਨਊ ਸੁਪਰ ਜੁਆਇੰਟਸ ਦੇ ਖਿਲਾਫ਼ ਆਈਪੀਐਲ 2023 ਦੇ ਛੇਵੇਂ ਮੈਚ ’ਚ ਵੱਡੀ ਪ੍ਰਾਪਤੀ ਆਪਣੇ ਨਾਂਅ ਕਰ ਲਈ। ਧੋਨੀ ਨੇ ਸਿਰਫ 3 ਗੇਂਦਾਂ ’ਤੇ ਦੋ ਛੱਕਿਆਂ ਦੀ ਮੱਦਦ ਨਾਲ 12 ਦੌੜਾਂ ਬਣਾਈਆਂ ਤੇ ਉਸਨੇ ਆਪਣੇ ਆਈਪੀਐਲ ਕੈਰੀਅਰ ’ਚ 5 ਹਜ਼ਾਰ ਦੌੜਾਂ ਪੂਰੀਆਂ ਕਰ ਲਈਆਂ।

ਧੋਨੀ ਆਈਪੀਐਲ ’ਚ 5 ਹਜ਼ਾਰ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲੇ ਸੱਤਵੇਂ ਬੱਲੇਬਾਜ਼ ਬਣ ਗਏ ਹਨ। ਉਹ ਵਿਰਾਟ ਕੋਹਲੀ ਜਿਹੇ ਦਿੱਗਜ ਬੱਲੇਬਾਜ਼ਾਂ ਦੇ ਕਲੱਬ ’ਚ ਸ਼ਾਮਿਲ ਹੋ ਗਏ। ਲਖਨਊ ਸੁਪਰ ਜੁਆਇੰਟਸ ਟੀਮ ਦੇ ਖਿਲਾਫ਼ ਧੋਨੀ ਆਖਰੀ ਓਵਰ ’ਚ ਬੱਲੇਬਾਜ਼ੀ ਕਰਨ ਆਏ। ਉਨ੍ਹਾਂ ਨੇ ਤਿੰਨ ਗੇਂਦਾਂ ਦਾ ਸਾਹਮਣਾ ਕਰਦਿਆਂ 2 ਛੱਕਿਆਂ ਦੀ ਮੱਦਦ ਨਾਲ 12 ਦੌੜਾਂ ਬਣਾਈਆਂ ਅਤੇ 5 ਹਜ਼ਾਰ ਦੌੜਾਂ ਦਾ ਅੰਕੜਾ ਪਾਰ ਕਰ ਲਿਆ।



ਰਾਇਲ ਚੈਲੰਜਰ ਬੰਗਰੌਲਰ ਦੇ ਪੁਰਾਣੇ ਬੱਲੇਬਾਜ਼ ਏਬੀ ਡਿਵੀਲੀਅਰਜ਼ ਆਈਪੀਐਲ ’ਚ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਵਾਲੇ ਛੇਵੇਂ ਬੱਲੇਬਾਜ਼ ਹਨ। ਏਬੀਡੀ ਨੇ 184 ਮੈਚਾਂ ’ਚ ਤਿੰਨ ਸੈਂਕੜੇ ਅਤੇ 40 ਅਰਧ ਸੈਂਕੜਿਆਂ ਦੀ ਮੱਦਦ ਨਾਲ 5162 ਦੌੜਾਂ ਬਣਾਈਆਂ ਹਨ। ਧੋਨੀ ਨੇ 236 ਮੈਚਾਂ ’ਚ 24 ਅਰਧ ਸੈਂਕੜਿਆਂ ਦੀ ਮੱਦਦ ਨਾਲ 5004 ਦੌੜਾਂ ਬਣਾਈਆਂ। ਧੋਨੀ ਇਸ 5 ਹਜ਼ਾਰੀ ਸੂਚੀ ’ਚ ਇਕਲੌਤੇ ਅਜਿਹੇ ਬੱਲੇਬਾਜ਼ ਹਨ, ਜਿਨ੍ਹਾਂ ਨੇ 5000 ਦੌੜਾਂ ਦਾ ਅੰਕੜਾ ਬਿਨ੍ਹਾਂ ਕੋਈ ਸੈਂਕੜਾ ਬਣਾਏ ਪਾਰ ਕੀਤਾ ਹੈ।

### ਕੋਹਲੀ ਨੰਬਰ 1

ਆਈਪੀਐਲ ਇਤਿਹਾਸ ’ਚ ਸਭ ਤੋਂ ਜ਼ਿਆਦਾ ਦੌੜਾਂ ਬਣਾਉਣ ਦਾ ਰਿਕਾਰਡ ਵਿਰਾਟ ਕੋਹਲੀ ਦੇ ਨਾਂਅ ਦਰਜ਼ ਹੈ। ਕੋਹਲੀ ਨੇ 224 ਮੈਚਾਂ ’ਚ 6706 ਦੌੜਾ ਬਣਾਈਆਂ ਹਨ, ਸ਼ਿਖਰ ਧਵਨ ਇਸ ਸੂਚੀ ’ਚ ਦੂਜੇ ਸਥਾਨ ’ਤੇ ਕਾਬਜ਼ ਹੈ। ਧਵਨ ਨੇ 207 ਮੈਚਾਂ ’ਚ 6284 ਦੌੜਾਂ ਬਣਾਈਆਂ ਹਨ। ਦਿੱਲੀ ਕੈਪੀਟਲਸ ਦੇ ਕਪਤਾਨ ਡੇਵਿਡ ਵਾਰਨਰ ਇਸ ਸੂਚੀ ’ਚ ਤੀਜੇ ਸਥਾਨ ’ਤੇ ਹਨ।

# ਪੰਜਾਬ ਦੀ ਨਵੀਂ ਖੇਡ ਨੀਤੀ ਲਈ ਲੋਕਾਂ ਤੋਂ 15 ਅਪਰੈਲ ਤੱਕ ਸੁਝਾਅ ਮੰਗੇ

## ਜ਼ਮੀਨੀ ਲੋੜਾਂ ਨੂੰ ਪੂਰਾ ਕਰਦੀ ਖੇਡ ਨੀਤੀ ਪੰਜਾਬ ਨੂੰ ਮੁੜ ਨੰਬਰ ਇੱਕ ਸੂਬਾ ਬਣਾਏਗੀ: ਮੀਤ ਹੇਅਰ

ਚੰਡੀਗੜ੍ਹ/ਏ.ਟੀ. ਨਿਊਜ਼ : ਪੰਜਾਬ ਨੂੰ ਖੇਡਾਂ ਵਿੱਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਜ਼ਮੀਨੀ ਲੋੜਾਂ ਨੂੰ ਪੂਰਾ ਕਰਦੀ ਅਤੇ ਜ਼ਮੀਨੀ ਹਕੀਕਤਾਂ ਨਾਲ ਜੁੜੀ ਨਵੀਂ ਖੇਡ ਨੀਤੀ ਜਲਦ ਲਾਗੂ ਕੀਤੀ ਜਾ ਰਹੀ ਹੈ। ਖੇਡ ਵਿਭਾਗ ਵੱਲੋਂ ਮਾਹਿਰਾਂ ਦੀ ਰਾਏ ਨਾਲ ਖਰੜਾ ਤਿਆਰ ਕੀਤਾ ਗਿਆ ਹੈ ਅਤੇ ਇਸ ਨੂੰ ਹੋਰ ਕਾਰਗਾਰ ਬਣਾਉਣ ਲਈ ਆਮ ਲੋਕਾਂ ਤੋਂ 15 ਅਪਰੈਲ ਤੱਕ ਸੁਝਾਅ ਮੰਗੇ ਗਏ ਹਨ।



ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਨਵੀਂ ਖੇਡ ਨੀਤੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੇਡਾਂ ਵਿੱਚ ਪੰਜਾਬ ਨੂੰ ਨੰਬਰ ਇਕ ਸੂਬਾ ਬਣਾਉਣ ਦੀ ਵਚਨਬੱਧਤਾ ਨੂੰ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ‘ਲੋਕਾਂ ਦੀ ਸਰਕਾਰ, ਲੋਕਾਂ ਲਈ ਸਰਕਾਰ’ ਦੇ ਨਾਅਰੇ ਨੂੰ ਪੂਰਾ ਕਰਦਿਆਂ ਖੇਡ ਵਿਭਾਗ ਵੱਲੋਂ ਵੀ ਖੇਡ ਨੀਤੀ ਲਈ ਲੋਕਾਂ ਦੇ ਸੁਝਾਅ ਮੰਗੇ ਗਏ ਹਨ। ਖਿਡਾਰੀ ਅਤੇ ਖੇਡਾਂ ਨਾਲ ਜੁੜੇ ਵਿਅਕਤੀ 15 ਅਪਰੈਲ 2023 ਤੱਕ ਈਮੇਲ ਉਤੇ ਆਪਣੇ ਸੁਝਾਅ ਭੇਜ ਸਕਦੇ ਹਨ ਤਾਂ ਜੋ ਖਰੜੇ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਇਨ੍ਹਾਂ ਸੁਝਾਵਾਂ ਨੂੰ ਖੇਡ ਨੀਤੀ ਵਿੱਚ ਸ਼ਾਮਲ ਕੀਤਾ ਜਾ ਸਕੇ। ਖੇਡ ਮੰਤਰੀ ਨੇ ਅੱਗੇ ਦੱਸਿਆ ਕਿ ਨਵੀਂ ਖੇਡ ਨੀਤੀ ਹੇਠਲੇ ਪੱਧਰ ਉਤੇ ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕਰਨ ਲਈ ਨਗਦ

(ਬਾਕੀ ਸਫ਼ਾ 31 ’ਤੇ)

## ਪੰਥਕ ਤੇ ਪੰਜਾਬ ਸੰਕਟ ਦੇ

ਵਿੱਚ ਸਾਡੀ ਪੰਜਾਬੀਆਂ ਦੀ ਗਿਣਤੀ ਵੀ ਪੰਜਾਬ ਵਿੱਚ ਘਟ ਜਾਵੇਗੀ।ਖੇਤੀਬਾੜੀ ਤੇ ਟਰਾਂਸਪੋਰਟ ਗੈਰ ਪੰਜਾਬੀਆਂ ਦੇ

ਹੱਥ ਚਲੀ ਜਾਵੇਗੀ।ਰਾਜਨੀਤੀ ਵਿਚੋਂ ਸਾਡਾ ਵਜੂਦ ਖ਼ਤਮ ਹੋ ਜਾਵੇਗਾ ।ਇਹ ਪੰਜਾਬ ਅੱਗੇ ਵੱਡੇ ਸੁਆਲ ਹਨ।

ਉਹਨਾਂ ਕਿਹਾ ਕਿ ਸਰਬੱਤ ਖ਼ਾਲਸਾ ਸਿਰਫ਼ ਅਕਾਲ ਤਖ਼ਤ ਸਾਹਿਬ ਉਪਰ ਬੁਲਾਇਆ ਜਾ ਸਕਦਾ ਹੈ।ਸੰਕਟਮਈ ਸਥਿਤੀ ਵਿੱਚ ਖ਼ਾਲਸਾ ਪੰਥ ਆਪਣੀਆਂ ਮੁਸ਼ਕਿਲਾਂ, ਸਹੂਲਤਾਂ ਦੇਖ ਕੇ ਕਿਤੇ ਵੀ ਬੁਲਾ ਸਕਦਾ ਹੈ।ਉਹਨਾਂ ਇਹ ਵੀ ਕਿਹਾ ਕਿ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ ਅਤੇ ਗੁਰਮਤਾ, ਖ਼ਾਲਸਾ ਪੰਥ ਦੀਆਂ ਸਰਬਉੱਚ ਸੰਸਥਾਵਾਂ ਹਨ ਅਤੇ ਇਹ ਤਿੰਨੇ ਹੀ ਇਕ-ਦੂਜੀ ਨਾਲ ਅੰਤਰ-ਸਬੰਧਤ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਮੁੱਢ ਤੋਂ ਹੀ ਸਿੱਖ ਧਰਮ ਦਾ ਸਰਬਉੱਚ ਤਖ਼ਤ ਰਿਹਾ ਹੈ ਅਤੇ ਸਰਬੱਤ ਖ਼ਾਲਸੇ ਦੇ ਸਮਾਗਮ ਆਮ ਤੌਰ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਹੁੰਦੇ ਰਹੇ ਹਨ। ਸਰਬੱਤ ਖ਼ਾਲਸੇ ਰਾਹੀਂ ਪਾਸ ਕੀਤਾ ਗਿਆ ਗੁਰਮਤਾ ਵੀ ਅੰਤਮ ਰੂਪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਹੁਕਮਨਾਮੇ ਦੇ ਰੂਪ ਵਿੱਚ ਜਾਰੀ ਹੁੰਦਾ ਸੀ, ਇਸ ਲਈ ਇਨ੍ਹਾਂ ਤਿੰਨੇ ਸੰਸਥਾਵਾਂ ਦਾ ਜ਼ਿਕਰ ਇਕੱਠਾ ਹੀ ਹੁੰਦਾ ਹੈ। ਗੁਰਮਤਾ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸਰਬੱਤ ਖ਼ਾਲਸੇ ਦਾ ਫ਼ੈਸਲਾ ਹੁੰਦਾ ਹੈ।ਪੰਜ ਸਿੰਘ ਗੁਰਮਤੇ ਨੂੰ ਪੇਸ਼ ਕਰਦੇ ਹਨ ਤੇ ਸੰਗਤ ਪ੍ਰਵਾਨਗੀ ਦਿੰਦੀ ਹੈ।

**ਸਰਬੱਤ ਖ਼ਾਲਸਾ ਦਾ ਇਤਿਹਾਸ**

ਸਰਬੱਤ ਖ਼ਾਲਸਾ ਦੀ ਸੰਸਥਾ ਦਾ ਪ੍ਰਕਾਸ਼ 18ਵੀਂ ਸਦੀ ਵਿੱਚ ਸਿੱਖ ਪੰਥ ਦੀਆਂ ਲੋੜਾਂ ਅਤੇ ਮਜਬੂਰੀਆਂ ਵਿਚੋਂ ਹੋਇਆ ਹੈ। ਮੁਗ਼ਲਾਂ ਤੇ ਅਫ਼ਗ਼ਾਨਾਂ ਦੇ ਜ਼ੁਲਮ ਤੇ ਵਧੀਕੀਆਂ ਇਸ ਹੱਦ ਤੱਕ ਵਧ ਗਈਆਂ ਸਨ ਕਿ ਸਿੱਖਾਂ ਨੇ ਛੋਟੇ-ਛੋਟੇ ਸਮੂਹਾਂ ਦੇ ਰੂਪ ਵਿੱਚ ਦੂਰ ਦੁਰਾਡੇ ਜੰਗਲਾਂ ਤੇ ਪਹਾੜਾਂ ਵਿੱਚ ਜਾ ਸ਼ਰਨ ਲਈ। ਹਥਿਆਰਬੰਦ ਅੰਮ੍ਰਿਤਧਾਰੀ ਸਿੰਘ ਸਾਲ ਵਿੱਚ ਦੋ ਵਾਰ ਅਰਥਾਤ ਵਿਸਾਖੀ ਤੇ ਦੀਵਾਲੀ ਮੌਕੇ ਤੇ ਕਿਵੇਂ ਨਾ ਕਿਵੇਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ, ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਅਤੇ ਅਕਾਲ ਤਖ਼ਤ ’ਤੇ ਇਕੱਠੇ ਹੋ ਕੇ ਖ਼ਾਲਸੇ ਤੇ ਝੁੱਲੀ ਹਨੇਰੀ ਦਾ ਮੁਕਾਬਲਾ ਕਰਨ ਲਈ ਗੰਭੀਰ ਵਿਚਾਰਾਂ ਕਰਦੇ। ਇਹੋ ਇਕੱਠ ਹੀ ਖ਼ਾਲਸਾ ਪੰਥ ਦੇ ਦਿਲਾਂ ਤੇ ਦਿਮਾਗ਼ ਵਿੱਚ ‘ਸਰਬੱਤ ਖ਼ਾਲਸਾ’ ਬਣ ਗਏ। ਇਹ ਇਕੱਠ ਖ਼ਾਲਸਾ ਜੀ ਦੀ ਤਾਕਤ ਦੀ ਨਿਸ਼ਾਨਦੇਹੀ ਕਰਕੇ ਦੁਸ਼ਮਣਾਂ ਨਾਲ ਦੋ ਹੱਥ ਕਰਨ ਲਈ ਰਣਨੀਤੀਆਂ ਘੜਦੇ। ਸਭ ਤੋਂ ਪਹਿਲਾਂ ਸਰਬੱਤ ਖ਼ਾਲਸਾ 1723 ਦੀ ਦੀਵਾਲੀ ਨੂੰ ਹੋਇਆ, ਜਦੋਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਹੋਣ ਵਾਲੀ ਸੰਭਾਵੀ ਝੜਪ ਨੂੰ ਟਾਲਣ ਲਈ ਦੋਵਾਂ ਧਿਰਾਂ ਨੇ ਭਾਈ ਮਨੀ ਸਿੰਘ ਨੂੰ ਸਾਲਸ ਮੰਨ ਲਿਆ। ਭਾਈ ਸਾਹਿਬ ਨੇ ਆਪਣੇ ਅਨੁਭਵ, ਦਿਬ-ਦ੍ਰਿਸ਼ਟੀ, ਨਾਲ ਦੋਵਾਂ ਧਿਰਾਂ ਵਿੱਚ ਸੁਲ੍ਹਾ ਸਫ਼ਾਈ ਕਰਵਾ ਦਿੱਤੀ, ਪਰ ਇਸ ਘਟਨਾ ਪਿੱਛੋਂ ਤੱਤ ਖ਼ਾਲਸਾ ਦਾ ਹੀ ਬੋਲਬਾਲਾ ਹੋਣ ਲੱਗਾ।ਦੂਜਾ ਸਰਬੱਤ ਖ਼ਾਲਸਾ 13 ਅਕਤੂਬਰ, 1726 ਨੂੰ ਭਾਈ ਤਾਰਾ ਸਿੰਘ ਡੱਲਵਾਂ ਦੀ ਸ਼ਹੀਦੀ ਤੋਂ ਚਾਰ ਮਹੀਨੇ ਪਿੱਛੋਂ ਹੋਇਆ। ਇਸ ਵਿੱਚ ਗੁਰਮਤਾ ਸੋਧ ਕੇ ਤਿੰਨ ਅਹਿਮ ਫ਼ੈਸਲੇ ਹੋਏ। ਇੱਕ-ਸ਼ਾਹੀ ਖ਼ਜ਼ਾਨੇ ਲੁੱਟੇ ਜਾਣ। ਦੂਜਾ-ਸਰਕਾਰੀ ਮੁਖ਼ਬਰਾਂ, ਖ਼ੁਸ਼ਾਮਦੀਆਂ, ਜੁੱਤੀ ਚੱਟਾਂ ਅਤੇ ਲਾਈਲੱਗਾਂ ਨੂੰ ਸੋਧਿਆ ਜਾਵੇਗਾ ਅਤੇ ਤੀਜਾ-ਅਸਲ੍ਹਾਖ਼ਾਨੇ ਲੁੱਟ ਕੇ ਹਥਿਆਰ ਵੱਧ ਤੋਂ ਵੱਧ ਗਿਣਤੀ ਵਿੱਚ ਜਮ੍ਹਾ ਕੀਤੇ ਜਾਣ। ਇਨ੍ਹਾਂ 80-82 ਸਾਲਾਂ ਦੇ ਵਕਫ਼ੇ ਵਿੱਚ ਅਰਥਾਤ 1805 ਤੱਕ ਤਿੰਨ ਦਰਜਨ ਦੇ ਕਰੀਬ ਸਰਬੱਤ ਖ਼ਾਲਸਾ ਦੇ ਸਮਾਗਮ ਹੋਏ।ਆਖ਼ਰੀ ਸਰਬੱਤ ਖ਼ਾਲਸਾ 1805 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੱਦਿਆ, ਜਿਸ ਵਿੱਚ ਇਹ ਫ਼ੈਸਲਾ ਕਰਨਾ ਸੀ ਕਿ ਅੰਗਰੇਜ਼ ਹਕੂਮਤ ਹੱਥੋਂ ਹਾਰ ਖਾ ਕੇ ਸਿੱਖ ਰਾਜ ਦੀ ਸ਼ਰਨ ਵਿੱਚ ਆਏ ਮਰਾਠਿਆਂ ਦੇ ਸਰਦਾਰ ਜਸਵੰਤ ਸਿੰਘ ਰਾਓ ਹੁਲਕਰ ਪ੍ਰਤੀ ਕੀ ਰਵੱਈਆ ਅਖ਼ਤਿਆਰ ਕੀਤਾ ਜਾਵੇ। ਫ਼ੈਸਲਾ ਹੋਇਆ ਕਿ ਬਰਤਾਨਵੀ ਜਰਨੈਲ ਲਾਰਡ ਲੇਕ ਤੇ ਹੁਲਕਰ ਦੀ ਲੜਾਈ ਵਿੱਚ ਖ਼ਾਲਸਾ ਪੰਥ ਨਿਰਪੱਖ ਰਹੇਗਾ।

ਉਨੀਵੀਂ ਸਦੀ ਵਿੱਚ 18 ਮਾਰਚ, 1887 ਨੂੰ ਅੰਗਰੇਜ਼ ਹਕੂਮਤ ਦੌਰਾਨ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਕਰਨ ਵਾਲੇ ਪੁਜਾਰੀਆਂ ਨੇ ਸਿੰਘ ਸਭਾ ਦੇ ਮਹਾਨ ਆਗੂ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿੱਚੋਂ ਖ਼ਾਰਜ ਕਰਨ ਦਾ ਕਥਿਤ ਹੁਕਮਨਾਮਾ ਜਾਰੀ ਕੀਤਾ, ਪਰ ਖ਼ਾਲਸਾ ਪੰਥ ਨੇ ਇਸ ਨੂੰ ਪ੍ਰਵਾਨ ਨਾ ਕੀਤਾ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਸਿੰਘ ਸਾਹਿਬਾਨ ਨੇ ਇਹ ਹੁਕਮਨਾਮਾ ਰੱਦ ਕਰ ਦਿੱਤਾ। 1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਸਰਬੱਤ ਖ਼ਾਲਸਾ ਦੀ ਰਵਾਇਤ ਨੂੰ ਮੁੜ ਤੋਰਿਆ ਅਤੇ 15 ਨਵੰਬਰ, 1920 ਨੂੰ ਅਕਾਲ ਤਖ਼ਤ ਸਾਹਿਬ ਦੇ ਸੇਵਕ ਗੁਰਬਖਸ਼ ਸਿੰਘ ਵੱਲੋਂ ਸਰਬੱਤ ਖ਼ਾਲਸਾ ਸੱਦਿਆ ਗਿਆ। ਇਸ ਵਿੱਚ ਵੱਖ-ਵੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਸਰਬੱਤ ਖ਼ਾਲਸਾ ਦੀ ਇੱਕ ਕੋਸ਼ਿਸ਼ 1926 ਵਿੱਚ ਵੀ ਹੋਈ। ਇਹ ਇਕੱਠ ਗੜਗੱਜ ਅਕਾਲੀ ਦੀਵਾਨ ਵੱਲੋਂ ਗੁਰਦੁਆਰਾ ਐਕਟ ਬਾਰੇ ਗੁਰਮਤਾ ਕਰਨ ਵਾਸਤੇ ਬੁਲਾਇਆ ਗਿਆ ਸੀ। ਇਸ ਪਿੱਛੋਂ ਸਰਬੱਤ ਖ਼ਾਲਸਾ ਦੇ ਇਕੱਠ ਬੰਦ ਹੋ ਗਏ।

ਜੂਨ, 1984 ਵਿੱਚ ਦਰਬਾਰ ਸਾਹਿਬ ’ਤੇ ਹੋਏ ਫ਼ੌਜੀ ਹਮਲੇ ਪਿੱਛੋਂ 26 ਜਨਵਰੀ, 1986 ਨੂੰ ਅਕਾਲ ਤਖ਼ਤ ਸਾਹਿਬ ਦੇ ਪਾਵਨ ਅਸਥਾਨ ’ਤੇ ਸਰਬੱਤ ਖ਼ਾਲਸਾ ਦਾ ਸਮਾਗਮ ਹੋਇਆ। ਇਸ ਸਰਬੱਤ ਖ਼ਾਲਸਾ ਦੇ ਸਮਾਗਮ ਤੋਂ ਪਹਿਲਾਂ ਸੁਹਿਰਦ ਸਿੱਖਾਂ ਵੱਲੋਂ ਕਈ ਦਿਨ ਗੰਭੀਰ ਵਿਚਾਰ ਵਟਾਂਦਰਾ ਹੁੰਦਾ ਰਿਹਾ। ਇਹ ਸਮਾਗਮ ਜ਼ਖ਼ਮੀ ਸਿੱਖ ਕੌਮ ਨੂੰ ਨਵੀਂ ਰਾਜਨੀਤਕ ਸੇਧ ਦੇਣ ਦਾ ਇਤਿਹਾਸਕ ਉਪਰਾਲਾ ਸੀ। ਇਸ ਵਿੱਚ ਕਈ ਗੁਰਮਤੇ ਸੋਧੇ ਗਏ। ਇਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ ਨੂੰ ਭੰਗ ਕਰਨਾ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੇਵਾਮੁਕਤ ਕਰਨਾ, ਪੰਜ ਮੈਂਬਰੀ ਕਮੇਟੀ ਕਾਇਮ ਕਰਕੇ ਸਿੱਖ ਸੰਘਰਸ਼ ਦੀ ਅਗਵਾਈ ਸੌਂਪਣੀ ਅਤੇ ਅਕਾਲ ਤਖ਼ਤ ਦੀ ਉਸਾਰੀ ਲਈ ਕਾਰ ਸੇਵਾ ਦਮਦਮੀ ਟਕਸਾਲ ਨੂੰ ਸੌਂਪਣੀ ਸ਼ਾਮਲ ਸੀ। ਇਸ ਸਰਬੱਤ ਖ਼ਾਲਸੇ ਵੱਲੋਂ ਸ਼੍ਰੋਮਣੀ ਕਮੇਟੀ ਭੰਗ ਕਰਨ ਦਾ ਫ਼ੈਸਲਾ ਕਿੰਨਾ ਕੁ ਠੀਕ ਸੀ ਜਾਂ ਨਹੀਂ, ਇਸ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ।

ਅਕਾਲ ਤਖ਼ਤ ਤੋਂ ਬਾਹਰ ਸ੍ਰੀ ਆਨੰਦਪੁਰ ਸਾਹਿਬ ਵਿਖੇ 16 ਫਰਵਰੀ, 1986 ਨੂੰ ਸਰਬੱਤ ਖ਼ਾਲਸੇ ਦਾ ਸਮਾਗਮ ਹੋਇਆ। ਇਸ ਸਮਾਗਮ ਦਾ ਉਦੇਸ਼ ਸਮਾਗਮ ਦੇ ਪ੍ਰਬੰਧਕਾਂ ਮੁਤਾਬਕ ‘ਭਰਾ ਮਾਰੂ ਜੰਗ ਰੋਕਣਾ ਅਤੇ ਪੰਥਕ ਹਿੱਤਾਂ ਨੂੰ ਪਰਪੱਕ ਕਰਨਾ’ ਸੀ। ਕੁਝ ਹਲਕਿਆ ਮੁਤਾਬਕ ਇਹ ਸਰਬੱਤ ਖ਼ਾਲਸਾ ਗੁਰਮਤਿ ਜੁਗਤ ਤੋਂ ਸੱਖਣਾ ਸੀ ਅਤੇ ਇਸ ਦਾ ਅਸਲ ਉਦੇਸ਼ ਖਾੜਕੂ ਲਹਿਰ ਵਿਰੁੱਧ ਮੁਹਿੰਮ ਵਿੱਢਣਾ ਸੀ। ਖ਼ਾਲਸਾ ਪੰਥ ਨੂੰ ਦਰਪੇਸ਼ ਅਹਿਮ ਰਾਜਸੀ ਮੁੱਦਿਆਂ ’ਤੇ ਵਿਚਾਰ ਕਰਨ ਲਈ ਸਰਬੱਤ ਖ਼ਾਲਸਾ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਹੋਏ ਹਨ, ਪਰ ਇਸ ਮਹਾਨ ਸੰਸਥਾ ਦੀ ਬਣਤਰ ਅਤੇ ਸੰਵਿਧਾਨ ਬਾਰੇ ਅਜੇ ਤੱਕ ਕੋਈ ਸਾਂਝੀ ਰਾਏ ਨਹੀਂ ਬਣ ਸਕੀ। 26 ਜਨਵਰੀ, 1987 ਨੂੰ ਫਿਰ ਸਰਬੱਤ ਖ਼ਾਲਸਾ ਕੀਤਾ ਗਿਆ, ਇਸ ਸਰਬੱਤ ਖ਼ਾਲਸੇ ਵਿੱਚ ਪਾਸ ਕੀਤੇ ਗੁਰਮਤਿਆਂ ਵਿੱਚ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਦਾ ਐਕਟਿੰਗ ਜਥੇਦਾਰ ਥਾਪਿਆ ਗਿਆ ਅਤੇ ਭਾਈ ਜਸਬੀਰ ਸਿੰਘ ਦੀ ਨਿਯੁਕਤੀ ਦੀ ਮੁੜ ਪ੍ਰੋੜ੍ਹਤਾ ਕੀਤੀ ਗਈ।

***

## ਹੁਣ ਕੀ ਕੀਤਾ ਜਾਵੇ ?

ਇਨ੍ਹਾਂ ਮੁਲਕਾਂ ਵਿੱਚ ਵਸੇ 30 ਲੱਖ ਤੋਂ ਵੀ ਉੱਪਰ ਸਿੱਖਾਂ ਨੂੰ ਜੇ ਕਿਸੇ ਵਿਸ਼ੇਸ਼ ਕੇਂਦਰ ਨਾਲ ਅਸੀਂ ਲਗਾਤਾਰ ਜੋੜੀ ਰੱਖਣਾ ਹੈ ਤਾਂ ਇਹ ਕੇਂਦਰ ਅਕਾਲ ਤਖ਼ਤ ਅਤੇ ਸਰਬੱਤ ਖ਼ਾਲਸਾ ਹੀ ਹੋ ਸਕਦਾ ਹੈ। ਸਰਬੱਤ ਖ਼ਾਲਸਾ ਨੂੰ ਸੰਸਾਰ ਅੰਦਰ ਵੱਖ-ਵੱਖ ਖੇਤਰਾਂ ਵਿੱਚ ਆਈਆਂ ਵੱਡੀਆਂ ਇਤਿਹਾਸਕ ਤਬਦੀਲੀਆਂ, ਰੁਝਾਨਾਂ ਅਤੇ ਵਰਤਾਰਿਆਂ ਦੀ ਰੌਸ਼ਨੀ ਵਿੱਚ ਮੁੜ ਸੁਰਜੀਤ ਕਰਨ ਦੀ ਜਿੰਨੀ ਲੋੜ ਇਸ ਸਮੇਂ ਮਹਿਸੂਸ ਕੀਤੀ ਜਾ ਰਹੀ ਹੈ, ਓਨੀ ਵੀਹਵੀਂ ਸਦੀ ਦੇ ਸਿੱਖ ਇਤਿਹਾਸ ਦੇ ਕਿਸੇ ਵੀ ਦੌਰ ਵਿੱਚ ਨਹੀਂ ਸੀ।ਜਿੱਥੋਂ ਤੱਕ ਸਰਬੱਤ ਖ਼ਾਲਸਾ ਵਿੱਚ ਉਨ੍ਹਾਂ ਨੁਮਾਇੰਦਿਆਂ ਦੀ ਹਾਜ਼ਰੀ, ਰਾਏ ਤੇ ਫ਼ੈਸਲਾ ਲੈਣ ਦਾ ਸਵਾਲ ਹੈ, ਇਹ ਸਵਾਲ ਤਕਨਾਲੋਜੀ ਦੇ ਵਿਕਾਸ ਅਤੇ ਇਸ ਖੇਤਰ ਵਿੱਚ ਹੋਈ ਅਥਾਹ ਤਰੱਕੀ ਦੀ ਰੌਸ਼ਨੀ ਵਿੱਚ ਹੁਣ ਐਨਾ ਮੁਸ਼ਕਲ ਨਹੀਂ ਰਹਿ ਗਿਆ। ਜਿਹੜੇ ਨੁਮਾਇੰਦਿਆਂ ਦਾ ਕਿਸੇ ਵਿਸ਼ੇਸ਼ ਕਾਰਨ ਹਾਜ਼ਰ ਹੋਣਾ ਅਸੰਭਵ ਹੋਵੇਗਾ, ਉਹ ਵੀਡੀਓ ਕਾਨਫ਼ਰੰਸ ਰਾਹੀਂ ਆਪਣੀ ਗੱਲ ਸਰਬੱਤ ਖ਼ਾਲਸਾ ਦੀ ਇਕੱਤਰਤਾ ਵਿੱਚ ਸਹਿਜੇ ਹੀ ਪਹੁੰਚਾ ਸਕਦੇ ਹਨ।

ਗੁਰਬਚਨ ਸਿੰਘ ਦੇਸ ਪੰਜਾਬ ਅਨੁਸਾਰ ਸਰਬੱਤ ਖ਼ਾਲਸਾ ਨੂੰ ਉਹ ਫ਼ੈਸਲਾ ਹੀ ਕਰਨੇ ਚਾਹੀਦੇ ਹਨ, ਜਿਨ੍ਹਾਂ ਨੂੰ ਖ਼ਾਲਸਾ ਪੰਥ ਦੀ ਸਮੂਹਿਕ ਮਾਨਸਿਕਤਾ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਵੇ। ਦਰਪੇਸ਼ ਗੁੰਝਲਦਾਰ ਹਾਲਤਾਂ ਵਿੱਚ ਸਾਨੂੰ ਸਦਾ ਹੀ ਨਾਜ਼ੁਕ ਸੰਤੁਲਨ ਬਣਾਈ ਰੱਖਣਾ ਹੋਵੇਗਾ। ਭਾਰਤ ਸੰਵਿਧਾਨ ਤੇ ਸਰਬੱਤ ਖ਼ਾਲਸਾ ਦੀ ਸੁਤੰਤਰਤਾ ਵਿੱਚ ਨਾਜ਼ੁਕ ਤਵਾਜ਼ਨ ਹਿੱਲ ਜਾਣ ਨਾਲ ਸਰਬੱਤ ਖ਼ਾਲਸਾ ਦੀ ਹੋਂਦ ਤੇ ਇਸ ਦੇ ਭਵਿੱਖ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

***

## ਸੰਭਾਵੀ ਸਰਬੱਤ ਖ਼ਾਲਸਾ

ਸਿੱਖ ਸੱਭਿਆਚਾਰ ਅਤੇ ਸਮਜਿਕ ਸੇਵਾਵਾਂ ਨੂੰ ਕਿਵੇਂ ਨਵੇਂ ਰੂਪ ਵਿੱਚ ਸ਼ਕਤੀਸ਼ਾਲੀ ਕੀਤਾ ਜਾਵੇ, ਗਿਆਨ-ਵਿਗਿਆਨ ਤਕਨਾਲੋਜੀ ਅਤੇ ਨਵੀਂ ਬ੍ਰਹਿਮੰਡੀ ਖੋਜ ਵਿਚ ਸਿੱਖ ਦਾਰਸ਼ਨਿਕ-ਵਿਗਿਆਨਿਕ ਪ੍ਰਤਿਭਾ ਕਿਵੇਂ ਆਪਣੀ ਵਡੇਰੀ ਭੂਮਿਕਾ ਨਿਭਾਏ ਅਤੇ ਨਵੇਂ ਉਭਰ ਰਹੇ ਬਦਲਵੇਂ ਸਟੇਟ ਅਤੇ ਗਲੋਬਲ ਆਰਡਰ ਵਿਚ ਸਿੱਖ ਪੰਥ ਦੀ ਕਿਹੜੀ ਮੋਹਰੀ ਅਤੇ ਬਫ਼ਰ ਭੂਮਿਕਾ ਨਿਸ਼ਚਿਤ ਕੀਤੀ ਜਾ ਸਕੇ ਆਦਿ। ਇਨ੍ਹਾਂ ਵਿਸ਼ਿਆਂ ਬਾਰੇ ਵਿਚਾਰ ਕਰਕੇ ਅਤੇ ਫ਼ੈਸਲੇ ਲੈ ਕੇ ਇਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਗੁਰਮਤੇ ਸੋਧੇ ਜਾਣ।

ਸੰਭਾਵੀ ਸਰਬੱਤ ਖ਼ਾਲਸਾ ਜਾਂ ਵਿਸ਼ਵ ਸਿੱਖ ਸੰਮੇਲਨ ਜਦੋਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਵੇ, ਉਸ ਦੇ ਵਿਚਾਰਨ ਲਈ ਇਹ ਕੁੱਝ ਆਧਾਰ ਹਨ, ਜਿਨ੍ਹਾਂ ਦੇ ਵਿਸਥਾਰ ਪੰਥ ਦੇ ‘ਮਾਸਟਰ ਮਾਈਂਡ’ ਨੇ ਉਲੀਕਣੇ ਹਨ। ਪੰਥ ਅਤੇ ਵਿਸ਼ਵ ਲਈ ਵਰਤਮਾਨ ਸਮਾਂ ਬੜਾ ਕੀਮਤੀ ਹੈ। ਪਿਛਲੇ ਕੌੜੇ ਤਜਰਬਿਆਂ ਤੋਂ ਉਲਟ ਬੜੀ ਸੰਜੀਦਗੀ ਨਾਲ ਵਿਚਾਰ ਕੇ ਅੱਗੇ ਵਧਣਾ ਹੋਏਗਾ। ਭਵਿੱਖ ਦੀਆਂ ਸਿੱਖ ਅਤੇ ਹੋਰ ਵਿਸ਼ਵ ਨਸਲਾਂ ਸਿੱਖੀ ਦੇ ਵਿਸ਼ਵ ਜਲੌਅ ਦਾ ਇੰਤਜ਼ਾਰ ਕਰ ਰਹੀਆਂ ਹਨ। ਜਜ਼ਬਾਤੀ ਅਤੇ ਵਕਤੀ ਉਲ੍ਹਾਰਪਣ ਦਾ ਸ਼ਿਕਾਰ ਹੋ ਕੇ ਅਸੀਂ ਕੌਮ ਦਾ ਇਕ ਵਾਰ ਫਿਰ ਵੱਡਾ ਨੁਕਸਾਨ ਨਾ ਕਰਵਾ ਲਈਏ, ਸਾਡਾ ਇਹ ਡਰ ਹੈ।

***

## ਸਾਬਕਾ ਏ.ਆਈ.ਜੀ.

ਗੈਰ ਹਾਜ਼ਰ ਹੈ ।ਇਹ ਵੀ ਪਤਾ ਲੱਗਾ ਹੈ ਕਿ ਇਸ ਮਾਮਲੇ ਤੋਂ ਇਲਾਵਾ 1992 ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਰੂੜ ਸਿੰਘ ਵਾਸੀ ਮਾਣੋਚਾਹਲ ਸਮੇਤ ਚਾਰ ਨੌਜਵਾਨਾਂ ਨੂੰ ਪੁਲਿਸ ਮੁਕਾਬਲਾ ਦਿਖਾ ਕੇ ਮਾਰੇ ਜਾਣ ਦੇ ਮਾਮਲੇ ਵਿੱਚ ਵੀ ਸੀ.ਬੀ.ਆਈ. ਦੀ ਅਦਾਲਤ ਦੇ ਚੱਲ ਰਹੇ ਕੇਸਾਂ ਵਿੱਚ ਲਗਾਤਾਰ ਗੈਰ ਹਾਜ਼ਰ ਹੋਣ ’ਤੇ ਉਕਤ ਸਾਬਕਾ ਪੁਲਿਸ ਅਧਿਕਾਰੀ ਜਗਦੀਪ ਸਿੰਘ ਖ਼ਿਲਾਫ਼ ਭਗੌੜਾ ਕਰਾਰ ਦੇਣ ਦੀ ਕਾਰਵਾਈ ਚੱਲ ਰਹੀ ਹੈ । ਐਡਵੋਕੇਟ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਇਹ ਕੇਂਦਰੀ ਏਜੰਸੀਆਂ ਦੀ ਲਾਪਰਵਾਹੀ ਦਾ ਨਤੀਜਾ ਹੈ ਕਿ ਸੀ.ਬੀ.ਆਈ. ਦੇ ਮਾਮਲੇ ਵਿੱਚ ਨਾਮਜ਼ਦ ਇੱਕ ਪੁਲਿਸ ਅਧਿਕਾਰੀ ਕਿਵੇਂ ਆਪਣੀਆਂ ਜਾਇਦਾਦਾਂ ਵੇਚ ਕੇ ਵਿਦੇਸ਼ ਭੱਜ ਗਿਆ ਸੀ।

***

## ਸਿੱਖ ਜਥਿਆਂ ਵੱਲੋਂ

ਹਾਰਨ ਅਤੇ ਬਿਨਾ ਕੰਮ ਤੋਂ ਸ਼ੋਰ ਸ਼ਰਾਬਾ ਪਾਉਣ ਵਾਲਿਆਂ ਨੂੰ ਸਖਤੀ ਨਾਲ ਤਾੜਨਾ ਕੀਤੀ ਜਾਵੇ।

ਸਿੱਖ ਜਥਿਆਂ ਨੇ ਸਮੂਹ ਸਿੱਖ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਹ ਆਪਣੇ ਸਭ ਦਾ ਹੀ ਫਰਜ਼ ਹੈ ਕਿ ਅਸੀਂ ਇਸ ਦਿਹਾੜੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪੋ ਆਪਣੀ ਸਮਰੱਥਾ ਅਨੁਸਾਰ ਯਤਨ ਕਰੀਏ। ਖ਼ਾਲਸਾ ਪ੍ਰਮਾਤਮਾ ਦੀ ਮੌਜ ਵਿੱਚ ਪਰਗਟ ਹੋਇਆ ਹੈ, ਇਹ ਅਕਾਲ ਪੁਰਖ ਦੀ ਫੌਜ ਹੈ ਜੋ ਹਮੇਸ਼ਾ ਨਿਤਾਣਿਆਂ ਦੀ ਧਿਰ ਬਣ ਕੇ ਪੂਰੀ ਧਰਤ ’ਤੇ ਸਰਬੱਤ ਦੇ ਭਲੇ ਅਤੇ ਬਰਾਬਰਤਾ ਦਾ ਢਾਂਚਾ ਸਿਰਜਦੀ ਰਹੇਗੀ। ਇਹਦੇ ਅਮਲਾਂ ਦੀਆਂ ਮਹਿਕਾਂ ਹਵਾਵਾਂ ਵਿੱਚ ਸਦਾ ਲਈ ਰਹਿਣਗੀਆਂ, ਜਿਹੜੀਆਂ ਯੁਗਾਂ-ਯੁਗਾਂ ਤਕ ਲੁਕਾਈ ਦੇ ਸਾਹਾਂ ਵਿੱਚ ਘੁਲ ਕੇ ਇਸ ਲਗਾਤਾਰਤਾ ਨੂੰ ਜਾਰੀ ਰੱਖਣਗੀਆਂ।

ਇਸ ਮੌਕੇ ਭਾਈ ਸਵਰਨ ਸਿੰਘ, ਭਾਈ ਮਲਕੀਤ ਸਿੰਘ, ਭਾਈ ਹਰਜੀਤ ਸਿੰਘ, ਭਾਈ ਗੁਰਪਾਲ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਪਰਗਟ ਸਿੰਘ, ਭਾਈ ਗੁਰਜੀਤ ਸਿੰਘ, ਭਾਈ ਪਰਵਿੰਦਰ ਸਿੰਘ, ਭਾਈ ਅਮਨਪ੍ਰੀਤ ਸਿੰਘ ਆਦਿ ਸਿੰਘ ਹਾਜਰ ਸਨ।

**

## ਨਸ਼ੇ ’ਚ ਉਡ ਰਹੇ ਨੇ ਭਾਰਤ ਦੇ ਸਾਰੇ ਸੂਬੇ

ਸਾਲ 2014 ਦੌਰਾਨ ਦੇਸ਼ ਵਿੱਚ ਨਸ਼ਿਆਂ ਕਾਰਨ ਖੁਦਕੁਸ਼ੀਆਂ ਦੇ 3,647 ਮਾਮਲੇ ਸਾਹਮਣੇ ਆਏ ਸਨ। ਸਭ ਤੋਂ ਵੱਧ 1,372 ਮਾਮਲੇ ਮਹਾਰਾਸ਼ਟਰ ਤੋਂ ਆਏ ਹਨ। ਤਾਮਿਲਨਾਡੂ 552 ਮੌਤਾਂ ਨਾਲ ਦੂਜੇ ਨੰਬਰ ’ਤੇ ਹੈ। ਤੀਜੇ ਨੰਬਰ ’ਤੇ ਰਹੇ ਕੇਰਲ ’ਚ 475 ਮੌਤਾਂ ਹੋਈਆਂ ਹਨ। ਦੂਜੇ ਪਾਸੇ ਨਸ਼ਿਆਂ ਲਈ ਬਦਨਾਮ ਪੰਜਾਬ ਵਿੱਚ 2014 ਦੌਰਾਨ ਨਸ਼ਿਆਂ ਕਾਰਨ ਮੌਤਾਂ ਦੇ ਸਿਰਫ਼ 38 ਮਾਮਲੇ ਸਾਹਮਣੇ ਆਏ ਹਨ।

ਭਾਵੇਂ ਸਭ ਤੋਂ ਵੱਧ ਨਸ਼ੀਲੇ ਪਦਾਰਥਾਂ ਨਾਲ ਹੋਣ ਵਾਲੀਆਂ ਮੌਤਾਂ ਮਹਾਰਾਸ਼ਟਰ ਵਿੱਚ ਦਰਜ ਕੀਤੀਆਂ ਗਈਆਂ ਪਰ ਆਬਾਦੀ ਦੇ ਲਿਹਾਜ਼ ਨਾਲ ਕੇਰਲਾ 14.2 ਫੀਸਦੀ ਦੇ ਨਾਲ ਸਭ ਤੋਂ ਉੱਪਰ ਹੈ। ਇਨ੍ਹਾਂ ਅੰਕੜਿਆਂ ਮੁਤਾਬਕ 12 ਰਾਜ ਰਾਸ਼ਟਰੀ ਔਸਤ ਤੋਂ ਅੱਗੇ ਸਨ। ਇਸ ਤੋਂ ਇਲਾਵਾ ਮਹਾਰਾਸ਼ਟਰ 12.2 ਫੀਸਦੀ, ਤਾਮਿਲਨਾਡੂ 7.7 ਫੀਸਦੀ, ਤ੍ਰਿਪੁਰਾ 5.2 ਫੀਸਦੀ, ਮਿਜ਼ੋਰਮ 4.6 ਫੀਸਦੀ ਅਤੇ ਮੱਧ ਪ੍ਰਦੇਸ਼ 4.2 ਫੀਸਦੀ ਮੌਤਾਂ ਨਾਲ ਰਾਸ਼ਟਰੀ ਔਸਤ ਤੋਂ ਅੱਗੇ ਹੈ। ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਨੂੰ ਛੱਡ ਕੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਨਸ਼ੇ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਰਾਸ਼ਟਰੀ ਔਸਤ ਨਾਲੋਂ ਵੱਧ ਸੀ। ਦਿੱਲੀ ਵਿੱਚ ਪ੍ਰਤੀ ਮਿਲੀਅਨ ਦੀ ਆਬਾਦੀ ਵਿੱਚ ਸਿਰਫ਼ ਦੋ ਹੀ ਅਜਿਹੇ ਮਾਮਲੇ ਦਰਜ ਹੋਏ ਹਨ।

**ਗੁਜਰਾਤ ’ਚ ਨਸ਼ੇ ਦੀ ਸਭ ਤੋਂ ਵੱਡੀ ਖੇਪ ਬਰਾਮਦ**

ਸਾਲ 2017 ’ਚ ਗੁਜਰਾਤ ’ਚ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਡਰੱਗ ਖੇਪ ਬਰਾਮਦ ਹੋਈ ਸੀ। ਭਾਰਤੀ ਤੱਟ ਰੱਖਿਅਕਾਂ ਨੇ ਗੁਜਰਾਤ ਦੇ ਅਲੰਗ ਲਈ ਜਾ ਰਹੇ ਇੱਕ ਕਾਰਗੋ ਜਹਾਜ਼ ਤੋਂ 1500 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ। ਇਸ ਦੀ ਕੀਮਤ ਕਰੀਬ 35 ਅਰਬ ਰੁਪਏ ਸੀ। ਇਹ ਜਹਾਜ਼ ਪਨਾਮਾ ਦੀ ਇਕ ਕੰਪਨੀ ਦਾ ਸੀ, ਜੋ ਦੁਬਈ ਤੋਂ ਗੁਜਰਾਤ ਆ ਰਿਹਾ ਸੀ।

2016 ਵਿੱਚ, ਮਹਾਰਾਸ਼ਟਰ ਵਿੱਚ ਪੁਲਿਸ ਨੇ 18.5 ਟਨ ਐਫੇਡਰਾਈਨ ਜ਼ਬਤ ਕੀਤੀ ਸੀ। ਇਹ ਬਲੱਡ ਪ੍ਰੈਸ਼ਰ ਘੱਟ ਕਰਨ ਵਾਲੀ ਦਵਾਈ ਨਸ਼ੇ ਲਈ ਵੀ ਵਰਤੀ ਜਾਂਦੀ ਹੈ।

ਉੱਤਰ ਪ੍ਰਦੇਸ਼ ‘ਨਾੜੀ ਦੇ ਨਸ਼ੀਲੇ ਪਦਾਰਥਾਂ’ ਦੀ ਵਰਤੋਂ ’ਚ ਪਹਿਲੇ ਨੰਬਰ ’ਤੇ :

ਇਹ ਜਾਣ ਕੇ ਕਈਆਂ ਨੂੰ ਹੈਰਾਨੀ ਹੋ ਸਕਦੀ ਹੈ ਕਿ ਉੱਤਰ ਪ੍ਰਦੇਸ਼ ‘ਨਾੜੀ ਦੇ ਨਸ਼ੀਲੇ ਪਦਾਰਥਾਂ’ ਦੀ ਵਰਤੋਂ ਕਰਨ ਵਾਲਿਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ, ਇਸਦੇ ਬਾਅਦ ਦਿੱਲੀ ਅਤੇ ਪੱਛਮੀ ਬੰਗਾਲ ਦਾ ਨੰਬਰ ਆਉਂਦਾ ਹੈ। ਬਿਹਾਰ, ਝਾਰਖੰਡ ਅਤੇ ਬੰਗਾਲ ਵਰਗੇ ਰਾਜਾਂ ਵਿੱਚ ਵੀ ਨਸ਼ਾ ਪਿੰਡਾਂ ਤੱਕ ਪਹੁੰਚ ਗਿਆ ਹੈ। ਮੋਟਾ ਅੰਕੜਾ ਇਹ ਹੈ ਕਿ ਭਾਰਤ ਵਿੱਚ ਤਿੰਨ ਕਰੋੜ ਤੋਂ ਵੱਧ ਲੋਕ ਨਸ਼ਿਆਂ ਦਾ ਸੇਵਨ ਕਰਦੇ ਹਨ। ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਦੁਆਰਾ 2019 ਵਿੱਚ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 3.1 ਕਰੋੜ ਲੋਕ ਭੰਗ, 50 ਲੱਖ ਚਰਸ ਅਤੇ ਗਾਂਜਾ, 63 ਲੱਖ ਹੈਰੋਇਨ ਅਤੇ 11 ਲੱਖ ਅਫੀਮ ਲੈਂਦੇ ਹਨ।

ਮਨੀਪੁਰ, ਝਾਰਖੰਡ, ਬਿਹਾਰ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੋਂ ਅਫੀਮ ਦੀ ਸਪਲਾਈ : ਜ਼ਿਆਦਾਤਰ ਅਫੀਮ ਮਨੀਪੁਰ, ਝਾਰਖੰਡ, ਬਿਹਾਰ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਤੋਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਤਸਕਰੀ ਕੀਤੀ ਜਾਂਦੀ ਹੈ। ਹੈਰੋਇਨ ਦੀ ਤਸਕਰੀ ਭਾਰਤ-ਪਾਕਿਸਤਾਨ ਸਰਹੱਦ ਤੋਂ ਪੰਜਾਬ, ਜੰਮੂ-ਕਸ਼ਮੀਰ ਰਾਹੀਂ ਦੂਜੇ ਰਾਜਾਂ ਨੂੰ ਕੀਤੀ ਜਾਂਦੀ ਹੈ।

***

## ਭਾਰਤ ਦੀਆਂ ‘ਨਾੜੀਆਂ’

ਮੰਨਿਆ ਜਾਂਦਾ ਹੈ। ਇਸੇ ਕਰਕੇ ਇਸ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦੀ ਤਸਕਰੀ ਮੁੱਖ ਤੌਰ ’ਤੇ ਪੱਛਮੀ ਅਫ਼ਰੀਕਾ ਤੋਂ ਹੁੰਦੀ ਹੈ।ਸਾਲ 2016 ’ਚ ਨਸ਼ੀਲੇ ਪਦਾਰਥਾਂ ਦੀ ਇਹ ਜ਼ਬਤ 3.01 ਲੱਖ ਕਿਲੋਗ੍ਰਾਮ ਸੀ। ਸਾਲ 2015 ਵਿੱਚ ਇਹ ਅੰਕੜਾ ਇੱਕ ਲੱਖ ਕਿਲੋ ਸੀ। ਸਾਲ 2014 ਵਿੱਚ ਇਹ 1.1 ਲੱਖ ਕਿਲੋਗ੍ਰਾਮ ਅਤੇ ਸਾਲ 2013 ਵਿੱਚ ਇੱਕ ਲੱਖ ਕਿਲੋਗ੍ਰਾਮ ਸੀ। ਹਾਲਾਂਕਿ ਸਾਲ 2017 ’ਚ ਇਹ ਅੰਕੜਾ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ 300 ਫੀਸਦੀ ਵਧ ਕੇ 3.6 ਲੱਖ ਕਿਲੋਗ੍ਰਾਮ ਹੋ ਗਿਆ ਹੈ।

**

## ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ

ਜਨਤਕ ਕਰਨ ਲਈ ਸਹਿਮਤੀ ਦਿੱਤੀ ਸੀ, ਜੋ ਪੁਲੀਸ ਅਧਿਕਾਰੀਆਂ ਅਤੇ ਨਸ਼ਾ ਤਸਕਰਾਂ ਵਿਚਕਾਰ ਗਠਜੋੜ ਨੂੰ ਦਰਸਾਉਂਦੀਆਂ ਹਨ। ਇਹ ਰਿਪੋਰਟਾਂ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਕੀਤੀਆਂ ਗਈਆਂ ਸਨ, ਜਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਸੀ। ਸਰਕਾਰ ਦਾ ਦਾਅਵਾ ਹੈ ਕਿ ਇਸ ਕਾਰਵਾਈ ਨੇ ਲੰਬੇ ਸਮੇਂ ਤੋਂ ਇਸ ਧੰਦੇ ਵਿੱਚ ਸ਼ਾਮਲ ਅਫਸਰਾਂ-ਸਿਆਸਤਦਾਨਾਂ ਅਤੇ ਨਸ਼ਾ ਤਸਕਰਾਂ ਦੇ ਮਜ਼ਬੂਤ ਗੱਠਜੋੜ ਖਿਲਾਫ ਸਖਤ ਕਾਰਵਾਈ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਰਕਾਰ ਦੇ ਇਸ ਐਲਾਨ ਤੋਂ ਬਾਅਦ ਰਸੂਖਦਾਰ ਵਿਅਕਤੀਆਂ ’ਚ ਸਹਿਮ ਦਾ ਮਾਹੌਲ ਹੈ। ਹਾਈ ਕੋਰਟ ਵਿੱਚ ਹਾਲੇ ਵੀ ਇੱਕ ਰਿਪੋਰਟ ਸੀਲਬੰਦ ਹੀ ਪਈ ਹੈ।

***

## 50 ਸਾਲਾਂ ਬਾਅਦ ਨਾਸਾ ਨੇ ਲਾਂਚ ਕੀਤਾ ‘ਚੰਨ ਮਿਸ਼ਨ’

ਕੈਨੇਡੀਅਨ ਸਪੇਸ ਏਜੰਸੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਰਾਇਲ ਕੈਨੇਡੀਅਨ ਏਅਰ ਫੋਰਸ ਵਿੱਚ ਇੱਕ ਲੜਾਕੂ ਪਾਇਲਟ ਸੀ। ਇਹ ਉਸਦਾ ਪਹਿਲਾ ਪੁਲਾੜ ਮਿਸ਼ਨ ਹੋਵੇਗਾ।

ਨੇਵੀ ਪਾਇਲਟ ਵੀ ਬਣੇਗਾ ਹਿੱਸਾ

ਨਾਸਾ ਦੇ ਇਸ ਮਿਸ਼ਨ ਵਿੱਚ ਸ਼ਾਮਲ 47 ਸਾਲਾ ਰੀਡ ਵਾਈਜ਼ਮੈਨ ਅਮਰੀਕੀ ਜਲ ਸੈਨਾ ਵਿੱਚ ਪਾਇਲਟ ਹਨ। ਉਸਨੇ ਕੁਝ ਸਮਾਂ ਨਾਸਾ ਦੇ ਪੁਲਾੜ ਯਾਤਰੀ ਦਫਤਰ ਦੇ ਮੁਖੀ ਵਜੋਂ ਵੀ ਕੰਮ ਕੀਤਾ। ਸਾਲ 2015 ਵਿੱਚ ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ’ਤੇ ਮਿਸ਼ਨ ’ਤੇ ਗਿਆ ਸੀ। ਵਿਕਟਰ ਗਲੋਵਰ (46) ਯੂਐਸ ਨੇਵੀ ਵਿੱਚ ਵੀ ਹਨ ਅਤੇ ਇੱਕ ਟਰੇਨੀ ਪਾਇਲਟ ਦੇ ਤੌਰ ’ਤੇ ਹਨ। ਸਾਲ 2013 ਵਿੱਚ ਉਹ ਨਾਸਾ ਵਿੱਚ ਸ਼ਾਮਲ ਹੋਏ ਸਨ ਅਤੇ 2020 ਵਿੱਚ ਆਪਣੀ ਪਹਿਲੀ ਪੁਲਾੜ ਉਡਾਣ ਭਰੀ ਸੀ। ਉਹ ਛੇ ਮਹੀਨਿਆਂ ਲਈ ਸਪੇਸ ਸਟੇਸ਼ਨ ’ਤੇ ਰਹਿਣ ਵਾਲਾ ਪਹਿਲਾ ਅਫਰੀਕੀ ਅਮਰੀਕੀ ਸੀ।

***

## ਪਾਕਿਸਤਾਨ ’ਚ ਹਾਲਾਤ ਵਿਗੜਣ ਅਤੇ ਮਹਿੰਗਾਈ

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪਾਕਿਸਤਾਨ ਦੇ ਪਿਸ਼ਾਵਰ ਵਿੱਚ ਇਕ ਸਿੱਖ ਦੁਕਾਨਦਾਰ ਦਿਆਲ ਸਿੰਘ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਸਖ਼ਤ ਨਿੰਦਾ ਸ਼ਬਦਾਂ ਵਿੱਚ ਕਰਦਿਆਂ ਕਿਹਾ ਹੈ ਕਿ ਪਾਕਿਸਤਾਨ ਵਿੱਚ ਹਿੰਦੂ, ਸਿੱਖ ਜਾਂ ਹੋਰ ਘੱਟ ਗਿਣਤੀਆਂ ਦੇ ਲੋਕ ਸੁਰੱਖਿਅਤ ਨਹੀਂ ਹਨ ।ਪਿਸ਼ਾਵਰ ਤੇ ਸਿੰਧ ਤੋਂ ਵੱਸਦੇ ਸਿੱਖ ਪਰਿਵਾਰ ਲਗਾਤਾਰ ਹਿਜਰਤ ਕਰਕੇ ਭਾਰਤ ਆ ਰਹੇ ਹਨ ।

***

## ਦੁਨੀਆਂ 'ਚ ਪਰਮਾਣੂ ਹਥਿਆਰਾਂ ਦੀ ਦੌੜ ਲੱਗੀ

ਉਤਸ਼ਾਹਿਤ ਕਰਨ ਲਈ ਹੈ।

**ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੇ ਵਿਰੁੱਧ ਕਾਨੂੰਨ ਅਤੇ ਹੋਰ ਰੁਕਾਵਟਾਂ** : ਪਰਮਾਣੂ ਹਥਿਆਰਾਂ ਦੀ ਵਰਤੋਂ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਸਭ ਤੋਂ ਗੰਭੀਰ ਅਪਰਾਧਾਂ ਵਿੱਚੋਂ ਇੱਕ ਹੈ, ਅਤੇ ਪ੍ਰਮਾਣੂ ਹਥਿਆਰਾਂ ਦੀ ਕਿਸੇ ਵੀ ਵਰਤੋਂ ਦੇ ਵਿਨਾਸ਼ਕਾਰੀ ਨਤੀਜੇ ਹੋਣਗੇ।

ਪਰਮਾਣੂ ਹਥਿਆਰਾਂ ਦੀ ਵਰਤੋਂ ਅੰਤਰਰਾਸ਼ਟਰੀ ਕਾਨੂੰਨ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ, ਜਿਸ ਵਿੱਚ ਜਿਨੀਵਾ ਕਨਵੈਨਸ਼ਨ, ਹੇਗ ਕਨਵੈਨਸ਼ਨ, ਅਤੇ ਸੰਯੁਕਤ ਰਾਸ਼ਟਰ ਚਾਰਟਰ ਸ਼ਾਮਲ ਹਨ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਈ ਨਿਯਮਾਂ ਦੇ ਅਧੀਨ ਹੈ, ਜਿਸ ਵਿੱਚ ਸ਼ਾਮਲ ਹਨ:

**ਭਿੰਨਤਾ ਦਾ ਸਿਧਾਂਤ**: ਇਹ ਸਿਧਾਂਤ ਇਹ ਮੰਗ ਕਰਦਾ ਹੈ ਕਿ ਟਕਰਾਅ ਦੀਆਂ ਧਿਰਾਂ ਨਾਗਰਿਕਾਂ ਅਤੇ ਲੜਾਕਿਆਂ ਵਿਚਕਾਰ ਫਰਕ ਕਰਨ ਅਤੇ ਸਿਰਫ ਫੌਜੀ ਉਦੇਸ਼ਾਂ ਨੂੰ ਨਿਸ਼ਾਨਾ ਬਣਾਉਣ। ਪਰਮਾਣੂ ਹਥਿਆਰਾਂ ਦੀ ਵਰਤੋਂ ਜਿਸ ਨਾਲ ਬਹੁਤ ਜ਼ਿਆਦਾ ਨਾਗਰਿਕਾਂ ਦੀ ਮੌਤ ਹੋਵੇਗੀ, ਇਸ ਸਿਧਾਂਤ ਦੀ ਉਲੰਘਣਾ ਹੋਵੇਗੀ।

**ਅਨੁਪਾਤ ਦਾ ਸਿਧਾਂਤ**: ਇਹ ਸਿਧਾਂਤ ਇਹ ਮੰਗ ਕਰਦਾ ਹੈ ਕਿ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਕੇ ਪ੍ਰਾਪਤ ਫੌਜੀ ਲਾਭ ਨਾਗਰਿਕਾਂ ਅਤੇ ਨਾਗਰਿਕ ਵਸਤੂਆਂ ਨੂੰ ਹੋਣ ਵਾਲੇ ਨੁਕਸਾਨ ਦੇ ਅਨੁਪਾਤੀ ਹੋਣਾ ਚਾਹੀਦਾ ਹੈ।

**ਲੋੜ ਦਾ ਸਿਧਾਂਤ**: ਇਹ ਸਿਧਾਂਤ ਇਹ ਮੰਗ ਕਰਦਾ ਹੈ ਕਿ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਇੱਕ ਜਾਇਜ਼ ਫੌਜੀ ਉਦੇਸ਼ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੋਣੀ ਚਾਹੀਦੀ ਹੈ ਅਤੇ ਬਦਲਾ ਜਾਂ ਸਜ਼ਾ ਦੇ ਸਾਧਨ ਵਜੋਂ ਨਹੀਂ ਵਰਤੀ ਜਾਣੀ ਚਾਹੀਦੀ ਰਵਾਇਤੀ ਅੰਤਰਰਾਸ਼ਟਰੀ ਕਾਨੂੰਨ: ਰਵਾਇਤੀ ਅੰਤਰਰਾਸ਼ਟਰੀ ਕਾਨੂੰਨ ਹਥਿਆਰਾਂ ਦੀ ਵਰਤੋਂ 'ਤੇ ਪਾਬੰਦੀ ਲਗਾਉਂਦਾ ਹੈ ਜੋ ਬੇਲੋੜੇ ਦੁੱਖਾਂ ਦਾ ਕਾਰਨ ਬਣ ਸਕਦੇ ਹਨ, ਜਿਸ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਸ਼ਾਮਲ ਹੋਵੇਗੀ।

**ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (9151)**: 9151 ਇੱਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਪ੍ਰਮਾਣੂ ਊਰਜਾ ਦੀ ਸ਼ਾਂਤੀਪੂਰਨ ਵਰਤੋਂ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਪ੍ਰਮਾਣੂ ਹਥਿਆਰਾਂ ਦੇ ਫੈਲਣ ਨੂੰ ਰੋਕਣ ਲਈ ਕੰਮ ਕਰਦੀ ਹੈ। 9151 ਇਹ ਯਕੀਨੀ ਬਣਾਉਣ ਲਈ ਨਿਰੀਖਣ ਅਤੇ ਸੁਰੱਖਿਆ ਪ੍ਰਬੰਧ ਕਰਦਾ ਹੈ ਕਿ ਦੇਸ਼ ਆਪਣੇ ਪ੍ਰਮਾਣੂ ਪ੍ਰੋਗਰਾਮਾਂ ਦੀ ਵਰਤੋਂ ਫੌਜੀ ਉਦੇਸ਼ਾਂ ਲਈ ਨਹੀਂ ਕਰ ਰਹੇ ਹਨ।

**ਉੱਤਰੀ ਕੋਰੀਆ**: ਅਲੱਗ-ਥਲੱਗ ਦੇਸ਼ ਨੇ ਪਹਿਲੀ ਵਾਰ 1980 ਦੇ ਦਹਾਕੇ ਵਿੱਚ ਆਪਣੀ ਪਰਮਾਣੂ ਸਮਰੱਥਾਵਾਂ ਦਾ ਵਿਕਾਸ ਕਰਨਾ ਸ਼ੁਰੂ ਕੀਤਾ ਅਤੇ ਉਦੋਂ ਤੋਂ ਕਈ ਪ੍ਰਮਾਣੂ ਪ੍ਰੀਖਣ ਕੀਤੇ ਹਨ ਅਤੇ ਕਈ ਬੈਲਿਸਟਿਕ ਮਿਜ਼ਾਈਲਾਂ ਲਾਂਚ ਕੀਤੀਆਂ ਹਨ। ਉੱਤਰੀ ਕੋਰੀਆ ਨੇ ਕੁੱਲ ਛੇ ਪ੍ਰਮਾਣੂ ਪ੍ਰੀਖਣ ਕੀਤੇ ਹਨ, ਜਿਨ੍ਹਾਂ ਵਿੱਚੋਂ ਪਹਿਲਾ ਅਕਤੂਬਰ 2006 ਵਿੱਚ ਹੋਇਆ ਸੀ।

ਉੱਤਰੀ ਕੋਰੀਆ ਦੀ ਸਰਕਾਰ ਨੇ ਕਿਹਾ ਹੈ ਕਿ ਉਸਦਾ ਪਰਮਾਣੂ ਪ੍ਰੋਗਰਾਮ ਸਵੈ-ਰੱਖਿਆ ਲਈ ਹੈ ਅਤੇ ਇਹ ਸੰਯੁਕਤ ਰਾਜ ਅਤੇ ਉਸਦੇ ਸਹਿਯੋਗੀਆਂ ਦੇ ਸੰਭਾਵੀ ਹਮਲੇ ਨੂੰ ਰੋਕਣ ਲਈ ਜ਼ਰੂਰੀ ਹੈ। ਹਾਲਾਂਕਿ, ਅੰਤਰਰਾਸ਼ਟਰੀ ਭਾਈਚਾਰੇ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਉੱਤਰੀ ਕੋਰੀਆ ਦੇ ਪ੍ਰਮਾਣੂ ਪ੍ਰੋਗਰਾਮ ਦੀ ਵਰਤੋਂ ਇੱਕ ਅਗਾਊਂ ਹੜਤਾਲ ਸ਼ੁਰੂ ਕਰਨ ਲਈ ਕੀਤੀ ਜਾ ਸਕਦੀ ਹੈ, ਜਾਂ ਇਹ ਦੂਜੇ ਦੇਸ਼ਾਂ ਜਾਂ ਅੱਤਵਾਦੀ ਸੰਗਠਨਾਂ ਨੂੰ ਪ੍ਰਮਾਣੂ ਤਕਨਾਲੋਜੀ ਵੇਚ ਸਕਦਾ ਹੈ।

ਪਿਛਲੇ ਇੱਕ ਸਾਲ ਵਿੱਚ, ਉੱਤਰੀ ਕੋਰੀਆ ਨੇ 70 ਤੋਂ ਵੱਧ ਮਿਜ਼ਾਈਲਾਂ ਦਾਗੀਆਂ, ਜੋ ਹੁਣ ਤੱਕ ਦੀ ਸਭ ਤੋਂ ਵੱਧ ਹੈ। ਮਿਜ਼ਾਈਲ ਲਾਂਚਾਂ ਵਿੱਚ ਵਾਧਾ ਹੋਇਆ ਹੈ ਜਦੋਂ ਤੋਂ ਦੱਖਣੀ ਕੋਰੀਆ ਅਤੇ ਅਮਰੀਕੀ ਫੌਜਾਂ ਨੇ ਵੱਡੇ ਅਤੇ ਵਧੇਰੇ ਵਾਰ-ਵਾਰ ਅਭਿਆਸ ਕਰਨਾ ਸ਼ੁਰੂ ਕੀਤਾ ਹੈ, ਜਿਸ ਨੂੰ ਉੱਤਰੀ ਕੋਰੀਆ ਇੱਕ ਹਮਲੇ ਦੀ ਤਿਆਰੀ ਵਜੋਂ ਵੇਖਦਾ ਹੈ।

ਉੱਤਰੀ ਕੋਰੀਆ ਨੇ ਦਾਅਵਾ ਕੀਤਾ ਹੈ ਕਿ ਉਸ ਕੋਲ ਪ੍ਰਮਾਣੂ ਹਥਿਆਰਾਂ ਨਾਲ ਅਮਰੀਕਾ ਅਤੇ ਦੱਖਣੀ ਕੋਰੀਆ ਦੋਵਾਂ 'ਤੇ ਹਮਲਾ ਕਰਨ ਦੇ ਸਮਰੱਥ ਮਿਜ਼ਾਈਲਾਂ ਹਨ।

***

## ਘੁਟਾਲੇ ਵਿੱਚ ਫਸੀ ਐਮਵੇ ਕੰਪਨੀ

ਮਾਤਰਾ ਨੂੰ ਵੇਚਣ ਦੇ ਯੋਗ ਨਹੀਂ ਹਨ ਜਾਂ ਨਵੇਂ ਮੈਂਬਰਾਂ ਦੀ ਭਰਤੀ ਕਰਨ ਦੇ ਯੋਗ ਨਹੀਂ ਹਨ।

**ਐਮਵੇਅ ਦੇ ਮਾਮਲੇ ਵਿੱਚ**

ਐਮਵੇ ਇੱਕ MLM ਪਿਰਾਮਿਡ ਸਕੀਮ ਦੀ ਪਾਲਣਾ ਕਰਦਾ ਹੈ। ਇਸ ਸਕੀਮ ਵਿੱਚ, ਕੰਪਨੀ ਅਸਲ ਵਿੱਚ ਉਤਪਾਦਾਂ ਨੂੰ ਵੇਚਣ ਦੀ ਕੋਸ਼ਿਸ਼ ਕਰਦੀ ਹੈ, ਪਰ ਉਹ ਜ਼ਰੂਰੀ ਤੌਰ 'ਤੇ ਵਿਕਰੀ ਬੰਦ ਨਹੀਂ ਕਰਨਗੇ। ਨਾਲ ਹੀ, ਆਮਦਨ ਪੈਦਾ ਕਰਨ ਲਈ ਮੈਂਬਰਾਂ ਦੀ ਭਰਤੀ ਕਰਨਾ ਲਾਜ਼ਮੀ ਹੈ।ਅਸਲ ਵਿੱਚ, ਉਹ ਉਤਪਾਦ ਵੇਚਣ ਦਾ ਦਿਖਾਵਾ ਕਰ ਰਹੇ ਹਨ, ਪਰ ਅਸਲ ਵਿੱਚ, ਉਹ ਸਿਰਫ ਇੱਕ ਪਿਰਾਮਿਡ ਸਕੀਮ ਚਲਾ ਰਹੇ ਹਨ.

**ਇਸ ਲਈ, ਟੇਕਅਵੇ ਕੀ ਹੈ**

ਇੱਥੇ ਸਿੱਖਿਆ ਗਿਆ ਸਬਕ ਹੈ: ਅਜਿਹੀਆਂ ਯੋਜਨਾਵਾਂ ਵਿੱਚ ਨਾ ਫਸੋ।ਅਜਿਹੀਆਂ ਸਕੀਮਾਂ ਦੇ ਵਿਕਰੇਤਾ ਅਕਸਰ ਤੁਹਾਨੂੰ ਦੱਸਦੇ ਹਨ ਕਿ ਉਨ੍ਹਾਂ ਦੀ ਕਾਰੋਬਾਰੀ ਯੋਜਨਾ ਤੁਹਾਡੀ ਜ਼ਿੰਦਗੀ ਨੂੰ ਬਦਲ ਦੇਵੇਗੀ। ਇਹ ਤੁਹਾਨੂੰ ਇੰਨਾ ਪੈਸਾ ਕਮਾਉਣ ਵਿੱਚ ਮਦਦ ਕਰੇਗਾ ਕਿ ਤੁਸੀਂ ਆਸਾਨੀ ਨਾਲ ਆਪਣੀ ਨੌਕਰੀ ਛੱਡ ਸਕਦੇ ਹੋ। ਤੁਸੀਂ ਅਮੀਰ ਹੋਵੋਗੇ ਅਤੇ ਕੰਪਨੀ ਵਿੱਚ ਉੱਚ ਅਹੁਦਾ ਪ੍ਰਾਪਤ ਕਰੋਗੇ. ਖੈਰ, ਇਹ ਸਭ ਝੂਠ ਹੈ।

ਦਸੰਬਰ 2021 ਵਿੱਚ, ਭਾਰਤ ਸਰਕਾਰ ਨੇ ਨਵੇਂ ਡਾਇਰੈਕਟ ਸੇਲਿੰਗ ਨਿਯਮਾਂ ਦੇ ਤਹਿਤ ਪਿਰਾਮਿਡ ਸਕੀਮਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਕੰਪਨੀਆਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਪਹਿਲਕਦਮੀ ਦਾ ਉਦੇਸ਼ ਉਨ੍ਹਾਂ ਕੰਪਨੀਆਂ ਨੂੰ ਸੀਮਤ ਕਰਨਾ ਸੀ ਜੋ ਉਪਭੋਗਤਾਵਾਂ ਨੂੰ ਸਿੱਧੇ ਉਤਪਾਦ ਵੇਚਦੀਆਂ ਹਨ। ਨਿਯਮ ਦੇ ਤਹਿਤ, ਰਾਜ ਸਰਕਾਰਾਂ ਨੂੰ ਇਸ ਕਾਰੋਬਾਰ ਵਿਚ ਸ਼ਾਮਲ ਸਿੱਧੇ ਵਿਕਰੇਤਾਵਾਂ ਅਤੇ ਕੰਪਨੀਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਕਿਹਾ ਗਿਆ ਸੀ।

***

## ਉੱਤਰ ਪੂਰਬ ਤੋਂ ਬਾਅਦ ਹੁਣ ਦੱਖਣ

ਬੁਲਾਰੇ ਕੇ ਕੇ ਸ਼ਰਮਾ ਨੇ ਕਿਹਾ ਹੈ ਕਿ ਅਸੀਂ ਰੀਤੀ-ਰਿਵਾਜ ਬਦਲਾਂਗੇ ਅਤੇ ਦੁਬਾਰਾ ਸਰਕਾਰ ਬਣਾਵਾਂਗੇ। ਇਹ ਸਮਝਣਾ ਔਖਾ ਹੈ ਕਿ ਭਾਜਪਾ ਬਹੁਤ ਜ਼ਿਆਦਾ ਆਤਮਵਿਸ਼ਵਾਸ ਨਾਲ ਭਰੀ ਹੋਈ ਹੈ ਜਾਂ ਸਿਸਟਮਿਕ, ਚੋਣਾਂ ਦੇ ਐਲਾਨ ਨਾਲ ਜਿੱਤ ਦਾ ਦਾਅਵਾ ਕਰ ਰਹੀ ਹੈ। ਭਾਜਪਾ ਦਾ ਮੁਕਾਬਲਾ ਮੁੱਖ ਤੌਰ 'ਤੇ ਕਾਂਗਰਸ ਅਤੇ ਜੇਡੀਐਸ ਪਾਰਟੀਆਂ ਨਾਲ ਹੈ। ਭਾਜਪਾ ਨੇ ਦੇਸ਼ ਦੀ ਰਾਜਨੀਤੀ ਵਿੱਚ ਇਹ ਨਵਾਂ ਰਿਵਾਜ਼ ਬਣਾ ਦਿੱਤਾ ਹੈ ਕਿ ਉਹ ਚੋਣਾਂ ਜਿੱਤੇ ਜਾਂ ਨਾ, ਸੱਤਾ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਦੇ ਹੱਥ ਆਉਂਦੀ ਹੈ। ਕਰਨਾਟਕ ਵੀ ਇਸ ਰੀਤ ਦਾ ਗਵਾਹ ਬਣ ਚੁੱਕਾ ਹੈ।

2018 ਦੀਆਂ ਚੋਣਾਂ ਵਿੱਚ ਕਾਂਗਰਸ ਅਤੇ ਜੇਡੀਐਸ ਨੇ ਮਿਲ ਕੇ ਸਰਕਾਰ ਬਣਾਈ ਸੀ। ਜੇਡੀਐਸ ਦੇ ਐਚਡੀ ਕੁਮਾਰਸਵਾਮੀ ਮੁੱਖ ਮੰਤਰੀ ਬਣੇ। ਪਰ 14 ਮਹੀਨਿਆਂ ਬਾਅਦ ਹੀ ਇਸ ਗੱਠਜੋੜ ਸਰਕਾਰ ਨੂੰ ਡੇਗਣ ਤੋਂ ਬਾਅਦ ਬੀਐਸ ਯੇਦੀਯੁਰੱਪਾ ਨੇ ਬਾਗੀ ਕਾਂਗਰਸੀ ਵਿਧਾਇਕਾਂ ਦੀ ਮਦਦ ਨਾਲ ਭਾਜਪਾ ਦੀ ਸਰਕਾਰ ਬਣਾ ਲਈ। ਹਾਲਾਂਕਿ ਉਹ ਖੁਦ ਇਸ ਅਹੁਦੇ 'ਤੇ ਸਿਰਫ ਦੋ ਸਾਲ ਹੀ ਰਹੇ। ਯੇਦੀਯੁਰੱਪਾ ਦੀ ਥਾਂ ਬਸਵਰਾਜ ਬੋਮਈ ਨੂੰ ਮੁੱਖ ਮੰਤਰੀ ਬਣਾਇਆ ਗਿਆ। ਪਰ ਬੋਮਈ ਸਰਕਾਰ ਵਿੱਚ ਭਾਜਪਾ ਕਈ ਵੱਡੇ ਵਿਵਾਦਾਂ ਵਿੱਚ ਘਿਰ ਗਈ। ਸੂਬੇ 'ਚ ਹਿਜਾਬ ਦਾ ਮੁੱਦਾ ਸਾਹਮਣੇ ਆਇਆ ਸੀ, ਜਿਸ 'ਤੇ ਅਜੇ ਅੰਤਿਮ ਫੈਸਲੇ ਦੀ ਉਡੀਕ ਹੈ।

ਕੁੱਲ ਮਿਲਾ ਕੇ ਕਰਨਾਟਕ 'ਚ ਚੋਣਾਂ ਤੋਂ ਪਹਿਲਾਂ ਹੀ ਸਿਆਸੀ ਹਲਚਲ ਕਾਫੀ ਤੇਜ਼ ਹੈ ਅਤੇ ਦੇਖਣਾ ਹੋਵੇਗਾ ਕਿ ਅਗਲੇ ਦੋ ਮਹੀਨਿਆਂ 'ਚ ਇੱਥੋਂ ਦੀ ਸਿਆਸਤ ਕਿਸ ਦਿਸ਼ਾ 'ਚ ਮੋੜ ਲੈਂਦੀ ਹੈ।

## 'ਦਹੀਂ' ਕਾਰਨ ਦੱਖਣ ਦੀ ਸਿਆਸਤ ਹੋਈ 'ਖੱਟੀ'

ਭਾਜਪਾ ਵੀ ਇਸ ਮਾਮਲੇ ਵਿੱਚ ਸਮਰਥਨ ਵਿੱਚ ਆ ਗਈ ਹੈ। ਤਮਿਲਨਾਡੂ ਬੀਜੇਪੀ ਦੇ ਪ੍ਰਧਾਨ

'ਕੇ ਅੰਨਾਮਲਾਈ' ਨੇ ਇਸ ਫੈਸਲੇ ਨੂੰ ਵਾਪਸ ਲੈਣ ਲਈ ਐਫਐਸਐਸਏਆਈ ਦੇ ਚੇਅਰਪਰਸਨ ਰਾਜੇਸ਼ ਭੂਸ਼ਣ ਨੂੰ ਇੱਕ ਪੱਤਰ ਲਿਖਿਆ ਹੈ। ਉਨ੍ਹਾਂ ਦੇ ਅਨੁਸਾਰ ਐਫਐਸਐਸਏਆਈ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੀਤੀ ਦੇ ਅਨੁਸਾਰ ਨਹੀਂ ਹੈ।

ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਦੱਖਣ ਦੀ ਸਿਆਸਤ ਤਾਂ ਦਹੀਂ ਕਾਰਨ ਖੱਟੀ ਹੋ ਗਈ ਹੈ। ਦਹੀਂ ਕਾਰਨ ਦੱਖਣ ਦੀ ਸਿਆਸਤ ਵਿੱਚ ਆਈ ਖਟਾਸ ਦੱਖਣ ਦੀ ਸਿਆਸਤ ਨੂੰ ਕਿਹੜੇ ਪਾਸੇ ਲੈ ਜਾਵੇਗੀ, ਇਹ ਤਾਂ ਆਉਣ ਵਾਲਾ ਸਮਾਂ ਦਸੇਗਾ।

***

## ਧਰੁਵੀਕਰਨ ਦੀ ਸਿਆਸਤ ਨੇ ਲੋਕੰਤਤਰੀ

ਜਦੋਂ ਕਿ ਅਸਲ ਵਿੱਚ ਸਥਿਤੀ ਕੁਝ ਹੋਰ ਹੈ।ਆਰ ਐਸ ਐਸ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਧਰੁਵੀਕਰਨ ਦੇ ਬਿਰਤਾਂਤ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ ਤਾਂ ਕਿ ਸਿੱਖਾਂ ਨੂੰ ਇਸ ਦੇ ਨਾਲ-ਨਾਲ ਤੋਰ ਕੇ ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤਾ ਜਾ ਸਕੇ।ਸੰਘ ਪਰਿਵਾਰ ਦਾ ਮੁੱਖ ਅਧਾਰ ਪਛਾਣ ਦੀ ਰਾਜਨੀਤੀ ਨੂੰ ਅੱਗੇ ਤੋਰਨਾ ਹੈ ਜਿਸ ਰਾਹੀ ਹੋਰ ਰਾਜਨੀਤਿਕ ਪੱਧਰ 'ਤੇ ਹੋਰ ਜ਼ਿਆਦਾ ਮਜ਼ਬੂਤ ਹੋਣਾ ਚਾਹੁੰਦੇ ਹਨ।ਆਰ ਐਸ ਐਸ ਅਤੇ ਭਾਰਤੀ ਜਨਤਾ ਪਾਰਟੀ ਦਾ ਹਿੰਦੂਵਾਦੀ ਬਿਰਤਾਂਤ ਖੋਖਲੇ ਵੱਖਵਾਦੀ ਨਾਹਰਿਆਂ ਨੂੰ ਸਾਕਾਰਤਮਕ ਪੇਸ਼ ਕਰਦਾ ਹੈ ਤਾਂ ਕਿ ਕੁਝ ਵਿਅਕਤੀ ਵਿਸ਼ੇਸ਼ ਅਤੇ ਉਨ੍ਹਾਂ ਦੇ ਖੋਖਲੇ ਦਾਅਵਿਆਂ ਨੂੰ ਬਲ ਮਿਲਦਾ ਹੈ।ਇਸੇ ਸਟੇਟ ਦਾ ਨਾਗਰਿਕ ਸਮਾਜ ਦੇ ਹੋਰ ਬਾਸ਼ਿੰਦਿਆਂ ਪ੍ਰਤੀ ਹੋਰ ਨਜ਼ਰੀਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾਂਦਾ ਹੈ।

ਪੰਜਾਬ ਦੀ ਰਾਜਨੀਤਿਕ ਸਪੇਸ, ਰਾਜਨੀਤਿਕ ਲੀਡਰਸ਼ਿਪ, ਖ਼ਾਸ ਕਰਕੇ ਅਕਾਲੀ ਦਲ, ਮੌਜੂਦਾ ਸਮੇਂ ਬਹੁਤ ਜ਼ਿਆਦਾ ਉਥੱਲ-ਪੁੱਥਲ ਦਾ ਸ਼ਿਕਾਰ ਹੋ ਗਈ ਹੈ।ਪੰਜਾਬ ਵਿੱਚ ਪੈਦਾ ਹੋਇਆ ਰਾਜਨੀਤਿਕ ਖਲਾਅ ਹੀ ਹੁਣ ਖੋਖਲੇ ਨਾਅਰਿਆਂ ਦੀ ਰਾਜਨੀਤੀ ਨੂੰ ਜਗ੍ਹਾ ਦੇ ਰਿਹਾ ਹੈ ਜਿਸ ਵਿੱਚ ਪਛਾਣ ਅਤੇ ਧਰੁਵੀਕਰਨ ਦੀ ਰਾਜਨੀਤੀ ਜ਼ਿਆਦਾ ਮਹੱਤਵਪੂਰਨ ਹੋ ਗਈ ਹੈ।ਇਸ ਤਰ੍ਹਾਂ ਦੀ ਪਛਾਣ ਅਤੇ ਧਰੁਵੀਕਰਨ ਦੀ ਰਾਜਨੀਤੀ ਦੇ ਰਾਸ਼ਟਰ ਪੱਧਰ ਉੱਪਰ ਬਹੁਤ ਰਾਜਨੀਤਿਕ ਲਾਭ ਮਿਲ ਰਹੇ ਹਨ। ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੇ ਕੈਂਬਰਿਜ ਵਿੱਚ ਦਿੱਤੇ ਭਾਸ਼ਣ ਵਿੱਚ ਕਿਹਾ ਕਿ ਧਰੁਵੀਕਰਨ ਦੀ ਰਾਜਨੀਤੀ ਨੇ ਲੋਕੰਤਤਰ ਦੀਆਂ ਸੰਸਥਾਵਾਂ ਦਾ ਨੁਕਸਾਨ ਕੀਤਾ ਹੈ ਅਤੇ ਭਾਰਤ ਵਿੱਚ ਲੋਕਤੰਤਰ ਦੇ ਤਬਾਹ ਹੋਣ ਦਾ ਖ਼ਤਰਾ ਲਗਾਤਾਰ ਮੰਡਰਾ ਰਿਹਾ ਹੈ।

***

## ਕੈਲੀਫੋਰਨੀਆ ਨੂੰ ਜਾਤ ਦੇ ਆਧਾਰ 'ਤੇ ਪਾਬੰਦੀ ਲਗਾਉਣ ਵਾਲਾ

ਵਿੱਚ ਵੀ ਉਨ੍ਹਾਂ ਵਿਅਕਤੀਆਂ ਦੀ ਮੌਤ ਦੀ ਮੰਗ ਕੀਤੀ ਜਾ ਰਹੀ ਹੈ ਜੋ ਦੇਸ਼ ਦੇ ਅੰਦਰ ਅਤੇ ਬਾਹਰ ਭਾਰਤ ਦੇ ਵਿਰੋਧੀ ਹਨ - ਕਿਉਂਕਿ ਇਹ ਇਸ ਬਿੱਲ ਨਾਲ ਸਬੰਧਤ ਹੈ।

ਮੈਨੂੰ ਇਸ ਬਿੱਲ ਨੂੰ ਲੈ ਕੇ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਉਨ੍ਹਾਂ ਹਿੱਟਾਂ ਨੂੰ ਲੈ ਕੇ ਖੁਸ਼ ਹਾਂ ਜੋ ਮੈਂ ਲੈ ਰਹੀ ਹਾਂ। ਮੇਰੇ ਵਿਰੁੱਧ ਸਾਰੀਆਂ ਨਸਲੀ ਟਿੱਪਣੀਆਂ, ਕਾਲਾਂ, ਈਮੇਲਾਂ ਅਤੇ ਸਾਡੇ ਦਫਤਰ ਵਿੱਚ ਮੇਰੇ ਸਟਾਫ ਨੂੰ ਪਰੇਸ਼ਾਨ ਕਰਨ ਵਾਲੇ ਲੋਕ। ਉਹ ਕਈ ਸੌ ਸਾਲ ਪੁਰਾਣੇ ਸਾਮਰਾਜ ਅਤੇ ਪੁਰਾਣੀ ਦੇਸ਼ ਦੀ ਰਾਜਨੀਤੀ ਦੀ ਗੱਲ ਕਰ ਰਹੇ ਹਨ। ਉਹ ਕੰਮ ਤੋਂ ਸਾਡਾ ਧਿਆਨ ਭਟਕਾਉਣ ਲਈ ਵੱਖ-ਵੱਖ ਮੁੱਦਿਆਂ ਨੂੰ ਉਲਝਾ ਰਹੇ ਹਨ, ਜੋ ਇਹ ਯਕੀਨੀ ਬਣਾ ਰਿਹਾ ਹੈ ਕਿ ਇਹ ਬਿੱਲ ਪਾਸ ਹੋ ਜਾਵੇ।

**ਤੁਸੀਂ ਆਪਣੀ ਖੁਦ ਦੀ ਸੁਰੱਖਿਆ ਨੂੰ ਕਿਵੇਂ ਨੈਵੀਗੇਟ ਕਰ ਰਹੇ ਹੋ?**

ਵਹਾਬ: ਤੁਹਾਡੇ ਨਾਲ ਇਮਾਨਦਾਰ ਹੋਣ ਲਈ ਮੈਂ ਕਦੇ ਵੀ ਬਹੁਤ ਜ਼ਿਆਦਾ ਚਿੰਤਤ ਨਹੀਂ ਹਾਂ। ਮੈਂ ਉਹਨਾਂ ਲੋਕਾਂ ਵਿੱਚੋਂ ਇੱਕ ਹਾਂ ਜੋ ਇਹ ਮੰਨਦੇ ਹਨ ਕਿ ਕਿਸੇ ਵੀ ਦਿਨ ਤੁਸੀਂ ਸੰਭਾਵੀ ਤੌਰ 'ਤੇ ਇੱਕ ਬੱਸ ਨਾਲ ਟਕਰਾ ਸਕਦੇ ਹੋ, ਇਸ ਲਈ ਮੈਂ ਆਪਣੀ ਜ਼ਿੰਦਗੀ ਨੂੰ ਜਿੰਨਾ ਸੰਭਵ ਹੋ ਸਕੇ ਸੁਤੰਤਰ ਤੌਰ 'ਤੇ ਜਿਉਣ ਦੀ ਕੋਸ਼ਿਸ਼ ਕਰਦੀ ਹਾਂ ਅਤੇ ਮੈਂ ਧਮਕੀਆਂ ਦੇ ਸਾਹਮਣੇ ਵੀ ਨਹੀਂ ਡਰਾਂਗੀ।ਸੈਨੇਟ ਦੇ ਸਕੱਤਰ ਉਨ੍ਹਾਂ ਦੇ ਦਫਤਰ ਨੂੰ ਪ੍ਰਾਪਤ ਹੋਏ ਕੁਝ ਜਵਾਬਾਂ ਤੋਂ ਚਿੰਤਤ ਹਨ। ਉਨ੍ਹਾਂ ਨੇ ਮੈਨੂੰ ਪੁੱਛਿਆ ਹੈ ਕਿ ਕੀ ਮੈਨੂੰ ਹਥਿਆਰਬੰਦ ਸੁਰੱਖਿਆ ਦੀ ਲੋੜ ਹੈ ਜਾਂ ਬੁਲੇਟਪਰੂਫ ਵੈਸਟ ਲਈ ਫਿਟਿੰਗ ਦੀ ਲੋੜ ਹੈ। ਰਾਜ ਵਿਧਾਨ ਸਭਾ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਹੈ ਕਿ ਸਾਡੇ ਸਟਾਫ਼ ਸਮੇਤ ਅਸੀਂ ਸਾਰੇ ਸੁਰੱਖਿਅਤ ਹੋਣ, ਜੋ ਕਿ ਮੇਰੀ ਪਹਿਲੀ ਤਰਜੀਹ ਹੈ। ਪਰ ਉਸੇ ਸਮੇਂ, ਮੈਂ ਇਸ ਬਿੱਲ ਨੂੰ ਅੱਗੇ ਵਧਾਉਣਾ ਜਾਰੀ ਰੱਖਾਂਗੀ। ਮੈਂ ਇਸ ਤੋਂ ਡਰਨ ਵਾਲੀ ਨਹੀਂ ਹਾਂ।

**ਤੁਹਾਡਾ ਰਮਜ਼ਾਨ ਕਿਵੇਂ ਰਿਹਾ?**

ਵਹਾਬ: ਮੈਂ ਕਦੇ ਵੀ ਧਾਰਮਿਕ ਹੋਣ ਦਾ ਦਾਅਵਾ ਨਹੀਂ ਕੀਤਾ ਹੈ ਅਤੇ ਮੈਂ ਪੂਰੇ ਧਾਰਮਿਕ ਭਾਈਚਾਰੇ ਦੀ ਪ੍ਰਤੀਨਿਧ ਨਹੀਂ ਹਾਂ। ਪਰ ਅਸੀਂ ਆਪਣੀ ਪਛਾਣ ਵਿੱਚ ਅੰਤਰ-ਸੈਕਸ਼ਨ ਹੋ ਸਕਦੇ ਹਾਂ ਅਤੇ ਅਸੀਂ ਹਮੇਸ਼ਾ 100% ਨਹੀਂ ਹੁੰਦੇ, ਜੋ ਲੋਕ ਸਾਡੀ ਪਛਾਣ ਦੇ ਅਧਾਰ 'ਤੇ ਸਾਡੇ ਤੋਂ ਉਮੀਦ ਕਰਦੇ ਹਨ।

ਕੈਲੀਫੋਰਨੀਆ ਜਾਤ-ਆਧਾਰਿਤ ਪੱਖਪਾਤ ਨੂੰ ਗੈਰਕਾਨੂੰਨੀ ਕਰਨ ਵਾਲਾ ਦੇਸ਼ ਦਾ ਪਹਿਲਾ ਰਾਜ ਬਣ ਸਕਦਾ ਹੈ, ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਦੀ ਸੁਰੱਖਿਆ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਰਿਹਾਇਸ਼, ਸਿੱਖਿਆ ਅਤੇ ਤਕਨੀਕੀ ਖੇਤਰ ਵਿੱਚ ਵਿਤਕਰੇ ਤੋਂ ਬਚਾਉਣ ਲਈ ਇਹ ਜ਼ਰੂਰੀ ਹੈ ਜਿੱਥੇ ਉਹ ਮੁੱਖ ਭੂਮਿਕਾਵਾਂ ਰੱਖਦੇ।

***

## ਹੋਂਦ ਚਿਲੜ ਵਿਖੇ ਹੋਈ ਸਿੱਖ ਨਸਲਕੁਸ਼ੀ

ਆਪਣੇ ਪਰਿਵਾਰ ਦੇ 12 ਜੀਅ ਗੁਆ ਚੁੱਕੀ ਬੀਬੀ ਸੁਰਜੀਤ ਕੌਰ ਨੇ ਆਖਿਆ ਕਿ ਉਨ੍ਹਾਂ ਨੂੰ ਅੱਜ ਵੀ ਇਨਸਾਫ਼ ਦੀ ਉਮੀਦ ਹੈ ਪ੍ਰੰਤੂ ਦੇਰ ਨਾਲ ਮਿਲਿਆ ਇਨਸਾਫ਼ ਵੀ ਜ਼ਖ਼ਮਾਂ ਨੂੰ ਕੁਰੇਦਣ ਤੋਂ ਘੱਟ ਨਹੀਂ ਹੁੰਦਾ।ਲਗਪਗ ਚਾਰ ਦਹਾਕੇ ਪਹਿਲਾਂ ਕਈ ਏਕੜਾਂ ਵਿੱਚ ਵਸੇ ਇਸ ਪਿੰਡ ਦੀ ਆਬਾਦੀ ਵਾਲੀ ਜ਼ਮੀਨ ਹੁਣ ਖੁਰਦੀ-ਖੁਰਦੀ ਮਹਿਜ਼ ਇਕ ਏਕੜ ਦੇ ਕਰੀਬ ਰਹਿ ਗਈ ਹੈ।ਸਾਡੇ ਪੰਥਕ ਆਗੂਆਂ ਵਲੋਂ ਯਾਦਗਾਰ ਉਸਾਰਨ ਲਈ ਲਗਾਇਆ ਗਿਆ ਨਿਸ਼ਾਨ ਸਾਹਿਬ ਵੀ ਟੁੱਟ ਕੇ ਡਿੱਗ ਚੁੱਕਿਆ ਹੈ ਅਤੇ ਇਮਾਰਤਾਂ ਖੰਡਰਾਂ ਦਾ ਰੂਪ ਧਾਰਨ ਕਰ ਰਹੀਆਂ ਹਨ।ਵਿਧਾਇਕ ਇੰਜ. ਗਿਆਸਪੁਰਾ ਨੇ ਆਖਿਆ ਹੈ ਕਿ ਉਹ ਕੌਮੀ ਦਰਦ ਰੱਖਣ ਵਾਲੀਆਂ ਸਿੱਖ ਹਸਤੀਆਂ ਨਾਲ ਮਿਲ ਕੇ ਸ਼ਹੀਦੀ ਯਾਦਗਾਰ ਉਸਾਰਨ ਲਈ ਆਪਣੇ ਪੱਧਰ 'ਤੇ ਉਪਰਾਲਾ ਜ਼ਰੂਰ ਕਰਨਗੇ।

***

## ਪੰਥਕ ਰਾਜਨੀਤੀ ਦਾ ਕੇਂਦਰ ਫਿਰ

ਗ੍ਰਿਫ਼ਤਾਰ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਸਿੱਖ ਵਕੀਲਾਂ ਦਾ ਇਕ ਪੈਨਲ ਬਣਾਇਆ ਗਿਆ ਹੈ, ਜਿਸ ਵੱਲੋਂ ਪੀੜਤ ਨੌਜਵਾਨਾਂ ਦੇ ਪਰਿਵਾਰਾਂ ਨਾਲ ਸੰਪਰਕ ਕਰਕੇ ਵੱਖ-ਵੱਖ ਧਾਰਾਵਾਂ ਵਿੱਚ ਗ੍ਰਿਫ਼ਤਾਰ ਸਿੱਖ ਨੌਜਵਾਨਾਂ ਲਈ ਕਾਨੂੰਨੀ ਚਾਰਾਜੋਈ ਕੀਤੀ ਜਾ ਰਹੀ ਹੈ।ਇਸੇ ਦੌਰਾਨ ਜਥੇਦਾਰ ਸਾਹਿਬ ਨੇ ਐਨਐਸਏ ਖ਼ਿਲਾਫ਼ ਜ਼ੋਰਦਾਰ ਆਵਾਜ਼ ਦਿੱਤੀ ਹੈ, ਉਸ ਆਵਾਜ਼ ਨੂੰ ਚੁੱਕੀ ਰੱਖਣਾ ਅਤੇ ਪੁਲਿਸ ਦੀਆਂ ਹੋਰ ਧੱਕੇਸ਼ਾਹੀਆਂ ਨੂੰ ਰੋਕਣ ਲਈ ਦਬਾਅ ਬਣਾਈ ਰੱਖਣ ਦੀ ਲੋੜ ਹੈ। ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਅਨੁਸਾਰ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਨੇ ਪਿਛਲੇ ਦਿਨੀਂ ਧਾਰਾ 107/51 ਤਹਿਤ ਕੁੱਲ 360 ਨੌਜਵਾਨ ਗ੍ਰਿਫ਼ਤਾਰ ਕੀਤੇ ਸਨ, ਜਿਨ੍ਹਾਂ ਵਿਚੋਂ 348 ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਸ ਧਾਰਾ ਤਹਿਤ ਗ੍ਰਿਫ਼ਤਾਰ ਅਜੇ 12 ਨੌਜਵਾਨ ਰਿਹਾਅ ਹੋਣੇ ਬਾਕੀ ਹਨ।ਉਨ੍ਹਾਂ ਅਨੁਸਾਰ ਇਸ ਤੋਂ ਇਲਾਵਾ ਅਸਲਾ ਐਕਟ, ਅਜਨਾਲਾ ਹਿੰਸਾ ਮਾਮਲੇ ਅਤੇ ਐਨ. ਐਸ. ਏ. ਤਹਿਤ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਬਾਰੇ ਅਜੇ ਤੱਕ ਸਰਕਾਰ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ।ਹੁਣ ਜਥੇਦਾਰ ਅਕਾਲ ਤਖ਼ਤ ਨੇ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਧਰਮ ਪ੍ਰਚਾਰ ਅਤੇ ਕੌਮੀ ਹੱਕਾਂ ਦੀ ਪਹਿਰੇਦਾਰੀ ਹਿੱਤ ਸਿੱਖ ਮੀਡੀਆ ਦਾ ਯੋਗਦਾਨ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਸਿੱਖ ਮੀਡੀਆ ਨੂੰ ਚੁਣੌਤੀਆਂ ਅਤੇ ਭਵਿੱਖ ਦੀ ਰਣਨੀਤੀ ਦੇ ਵਿਸ਼ੇ 'ਤੇ ਇੱਕ ਵਿਸ਼ੇਸ਼ ਇਕੱਤਰਤਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ 7 ਅਪ੍ਰੈਲ ਨੂੰ ਬੁਲਾਈ ਗਈ ਹੈ। ਇਸ ਵਿਸ਼ੇਸ਼ ਇਕੱਤਰਤਾ ਵਿੱਚ ਪੰਥ, ਪੰਜਾਬ ਅਤੇ ਪੰਜਾਬੀਅਤ ਨੂੰ ਸਮਰਪਿਤ ਸੀਨੀਅਰ ਪੱਤਰਕਾਰ ਆਪਣੇ ਵਿਚਾਰ ਰੱਖਣਗੇ।ਇਸ ਤੋਂ ਸਪਸ਼ਟ ਹੈ ਕਿ ਜਥੇਦਾਰ ਅਕਾਲ ਤਖ਼ਤ ਸਿੱਖ ਕੌਮ ਵਿਰੋਧੀ ਸਰਕਾਰੀ ਪ੍ਰਚਾਰ ਤੇ ਨੈਰੇਟਿਵ ਨੂੰ ਤੋੜਨ ਲਈ ਸਰਗਰਮ ਹਨ।



## ਸਰਬੱਤ ਖ਼ਾਲਸਾ : ਪਿਛੋਕੜ ਤੋਂ ਵਰਤਮਾਨ

ਸਾਹਮਣਾ ਕਰਨਾ ਪੈ ਰਿਹਾ ਹੈ ਜਿਹੜੀਆਂ ਕਿ ਕਿਤੇ ਨਾ ਕਿਤੇ ਕੌਮੀ ਸਿੱਖ ਸਮੱਸਿਆਵਾਂ ਨਾਲ ਸੰਬੰਧਿਤ ਹਨ। ਕ੍ਰਿਪਾਨ, ਦਸਤਾਰ, ਵੱਖਰੀ ਪਛਾਣ, ਪ੍ਰਵਾਸ, ਦਮਨ ਆਦਿ ਦੇ ਮਸਲੇ ਹਾਲੇ ਵੀ ਕਈ ਦੇਸ਼ਾਂ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਦਰਪੇਸ਼ ਆ ਰਹੀਆਂ ਵਿਭਿੰਨ ਸਮੱਸਿਆਵਾਂ ਵਿਚੋਂ ਸਰਬੱਤ ਖ਼ਾਲਸੇ ਦੌਰਾਨ ਕਿਹੜੇ ਮਸਲੇ ਪ੍ਰਮੁੱਖਤਾ ਨਾਲ ਵਿਚਾਰੇ ਜਾ ਸਕਦੇ ਹਨ, ਉਹਨਾਂ ਦੀ ਪਛਾਣ ਕਰਨੀ ਵਧੇਰੇ ਮਹੱਤਵਪੂਰਨ ਹੈ। ਦੁਨੀਆ ਭਰ ਵਿਚ ਵੱਸਦੇ ਸਿੱਖਾਂ ਦੇ ਪ੍ਰਤੀਨਿਧਾਂ ਨੂੰ ਵੀ ਇਸ ਸੰਸਥਾ ਦਾ ਹਿੱਸਾ ਬਣਾਉਣ ਲਈ ਯਤਨ ਕਰਨ ਦੀ ਲੋੜ ਹੈ।

***

## ਵਿਸ਼ਵ ਨੇਤਾਵਾਂ ਲਈ ਯੋਗਤਾ ਦਾ ਪੰਘੂੜਾ

ਵਧਿਆ ਹੈ। ਉਹ ਇੱਕ ਕੱਟੜ ਬ੍ਰੈਕਸਿਟ ਸਮਰਥਕ ਵਜੋਂ ਬਹੁਤ ਮਸ਼ਹੂਰ ਹੋ ਗਿਆ।

ਸੁਨਕ ਨੇ ਇੱਕ 1 ਬਿਲੀਅਨ ਗਲੋਬਲ ਨਿਵੇਸ਼ ਫਰਮ ਦੀ ਸਹਿ-ਸਥਾਪਨਾ ਕੀਤੀ ਅਤੇ ਰਾਜਨੀਤੀ ਵਿੱਚ ਦਾਖਲ ਹੋਣ ਦਾ ਫੈਸਲਾ ਕਰਨ ਤੋਂ ਪਹਿਲਾਂ ਛੋਟੇ ਬ੍ਰਿਟਿਸ਼ ਕਾਰੋਬਾਰਾਂ ਵਿੱਚ ਨਿਵੇਸ਼ ਕਰਨ ਵਿੱਚ ਮਾਹਰ ਹੈ।

ਸਰਕਾਰ ਵਿੱਚ, ਉਸਨੇ 2018 ਵਿੱਚ ਸਥਾਨਕ ਸਰਕਾਰਾਂ ਲਈ ਜੂਨੀਅਰ ਮੰਤਰੀ ਵਜੋਂ ਸ਼ੁਰੂਆਤ ਕੀਤੀ ਅਤੇ 2019 ਵਿੱਚ ਖਜ਼ਾਨੇ ਦੇ ਮੁੱਖ ਸਕੱਤਰ ਬਣੇ। 2020 ਵਿੱਚ, ਉਹ ਯੂਕੇ ਕੈਬਿਨੇਟ ਵਿੱਚ ਸਭ ਤੋਂ ਮਹੱਤਵਪੂਰਨ ਅਹੁਦਾ, ਖਜ਼ਾਨੇ ਦਾ ਚਾਂਸਲਰ ਬਣ ਗਿਆ।

ਪਿਛਲੇ ਮਹੀਨੇ, ਸੁਨਕ ਨੇ ਸਰਕਾਰੀ ਵਿਭਾਗਾਂ ਵਿੱਚ ਫੇਰਬਦਲ ਕੀਤਾ ਅਤੇ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕੀਤਾ, ਮੁਸ਼ਕਲ 100 ਦਿਨਾਂ ਬਾਅਦ ਜਦੋਂ ਬ੍ਰਿਟੇਨ ਨੂੰ ਇਸਦੇ ਸਭ ਤੋਂ ਭੈੜੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ। ਸੁਨਕ ਨੇ ਗ੍ਰੇਗ ਹੈਂਡਸ ਨੂੰ ਆਪਣੀ ਨਵੀਂ ਪਾਰਟੀ ਦਾ ਚੇਅਰਮੈਨ ਨਿਯੁਕਤ ਕੀਤਾ ਅਤੇ ਊਰਜਾ ਸੁਰੱਖਿਆ 'ਤੇ ਕੇਂਦ੍ਰਿਤ ਇਕ ਨਵੇਂ ਸਰਕਾਰੀ ਵਿਭਾਗ ਦਾ ਉਦਘਾਟਨ ਕੀਤਾ।

**ਲਿਓ ਵਰਾਡਕਰ:** ਸੁਨਕ ਦੇ ਯੂਕੇ ਦੇ ਪ੍ਰਧਾਨ ਮੰਤਰੀ ਬਣਨ ਤੋਂ ਕੁਝ ਹੀ ਹਫ਼ਤੇ ਬਾਅਦ ਇੱਕ ਹੋਰ ਭਾਰਤੀ ਮੂਲ ਦੇ ਸਿਆਸਤਦਾਨ ਲੀਓ ਏਰਿਕ ਵਰਾਡਕਰ ਪਿਛਲੇ ਸਾਲ ਦਸੰਬਰ ਵਿੱਚ ਤਾਓਇਸੇਚ (ਆਇਰਲੈਂਡ ਦੇ ਪ੍ਰਧਾਨ ਮੰਤਰੀ) ਵਜੋਂ ਵਾਪਸ ਆਏ ਸਨ। ਉਹ ਪਹਿਲੀ ਵਾਰ 2017 ਵਿੱਚ ਆਇਰਲੈਂਡ ਦੇ ਪ੍ਰਧਾਨ ਮੰਤਰੀ ਵਜੋਂ ਚੁਣੇ ਗਏ ਸਨ। 38 ਸਾਲ ਦੀ ਉਮਰ ਵਿੱਚ, ਉਹ ਆਇਰਲੈਂਡ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਸਨ।

2015 ਦੇ ਸਮਲਿੰਗੀ ਵਿਆਹ ਦੇ ਜਨਮਤ ਸੰਗ੍ਰਹਿ ਦੀ ਮੁਹਿੰਮ ਦੌਰਾਨ, ਵਰਾਡਕਰ ਸਮਲਿੰਗੀ ਵਜੋਂ ਸਾਹਮਣੇ ਆਇਆ, ਅਜਿਹਾ ਕਰਨ ਵਾਲਾ ਪਹਿਲਾ ਸੇਵਾਦਾਰ ਆਇਰਿਸ਼ ਮੰਤਰੀ ਬਣ ਗਿਆ। ਜਿਵੇਂ ਕਿ ਕੋਵਿਡ ਮਹਾਂਮਾਰੀ ਨੇ ਦੁਨੀਆ ਨੂੰ ਆਪਣੀ ਚਪੇਟ ਵਿੱਚ ਲੈ ਲਿਆ, ਵਰਾਡਕਰ ਨੇ ਇੱਕ ਡਾਕਟਰ ਵਜੋਂ ਦੁਬਾਰਾ ਰਜਿਸਟਰ ਕੀਤਾ ਅਤੇ ਦੇਸ਼ ਦੀ ਅਗਵਾਈ ਕਰਦੇ ਹੋਏ ਹਫ਼ਤੇ ਵਿੱਚ ਇੱਕ ਵਾਰ ਕੰਮ 'ਤੇ ਵਾਪਸ ਪਰਤਿਆ।

ਲਿਓ ਵਰਾਡਕਰ 38 ਸਾਲ ਦੀ ਉਮਰ ਵਿੱਚ ਆਇਰਲੈਂਡ ਦੇ ਸਭ ਤੋਂ ਨੌਜਵਾਨ ਪ੍ਰਧਾਨ ਮੰਤਰੀ ਸਨ। ਵਰਾਡਕਰ ਦੇ ਪਿਤਾ ਦਾ ਜਨਮ ਮੁੰਬਈ ਵਿੱਚ ਹੋਇਆ ਸੀ ਅਤੇ ਉਹ 1960 ਵਿੱਚ ਡਾਕਟਰ ਵਜੋਂ ਕੰਮ ਕਰਨ ਲਈ ਸੰਯੁਕਤ ਰਾਜ ਅਮਰੀਕਾ ਚਲੇ ਗਏ ਸਨ।

***

## ਦਲਦਲ

ਬਾਰੇ ਨਹੀਂ ਦੱਸਿਆ। ਛੁੱਟੀਆਂ ਦਾ ਕੀ ਸੀ, ਉਹ ਤਾਂ ਉਹ ਜਾ ਕੇ ਕੈਂਸਲ ਕਰਵਾ ਲਵੇਗਾ।

ਤੁਰਨ ਤੋਂ ਪਹਿਲਾਂ ਉਸ ਨੇ ਪਤਨੀ ਨੂੰ ਸਮਝਾਇਆ, 'ਰਾਜ ਜੇ ਅੱਜ ਸਰਪੰਚ ਘਰ ਆਵੇ ਤਾਂ ਉਹਨੂੰ ਕਹੀਂ ਕਿ ਉਹ ਚਲੇ ਗਏ ਨੇ ਤੇ ਕਹਿ ਗਏ ਨੇ ਕਿ ਸ਼ਹੀਦਾਂ ਦੀ ਯਾਦਗਾਰੀ ਸਿੱਲ ਆਪੇ ਕਿਤੇ ਫੇਰ ਲੱਗ ਜਾਵੇਗੀ। ਐਡੀ ਕਾਹਦੀ ਕਾਹਲ ਹੈ?' ਉਸ ਦੇ ਬੋਲਾਂ ਵਿੱਚ ਧੁਆਂਖੀ ਤਲਖੀ ਸੀ।

ਪਤਨੀ ਹੋਰ ਸਵਾਲ ਨਾ ਕਰੇ, ਇਸ ਲਈ ਉਸ ਨੇ ਕਾਹਲੀ ਨਾਲ ਆਪਣਾ ਕੱਪੜਿਆਂ ਵਾਲਾ ਬੈਗ ਚੁੱਕਿਆ।

'ਮੈਂ ਕਿਹਾ?' ਪਤਨੀ ਦੀ ਆਵਾਜ਼ ਸੁਣਦਿਆਂ ਉਹ ਫੇਰ ਤ੍ਰਭਕਿਆ।

'ਸੱਚ ਤੁਹਾਡੇ ਕੱਪੜਿਆਂ ਵਿਚੋਂ ਦੋ ਜ਼ਨਾਨਾ ਸੂਟ ਤੇ ਇਕ ਸਾਲੂ ਨਿਕਲਿਆ ਉਹ?'

ਉਸ ਨੇ ਸੁਖ ਦਾ ਸਾਹ ਲੈਂਦਿਆਂ ਕਿਹਾ, 'ਹਾਂ ਹਾਂ ਹਾਂ ਉਹ ਮੈਂ ਅੰਬੂ ਦੀ ਕੁੜੀ ਲਈ ਲੈ ਕੇ ਆਇਆ ਸਾਂ। ਅੱਵਲ ਤਾਂ ਮੈਂ ਛੁੱਟੀ ਲੈ ਕੇ ਆ ਜੂੰ, ਨਹੀਂ ਤਾਂ ਇਹ ਕੱਪੜੇ ਤੂੰ ਉਨ੍ਹਾਂ ਦੇ ਘਰ ਦੇ ਆਵੀਂ, ਸ਼ਗਨ ਵੀ ਪਾ ਆਵੀਂ। ਪਿੰਡ ਦੀ ਧੀ-ਭੈਣ ਨੂੰ ਕੱਜਣਾ ਆਪਣਾ ਫਰਜ਼ ਬਣਦੈ।' ਤੇ ਉਹਦੀ ਜ਼ਬਾਨ ਥਿੜ੍ਹਕ ਗਈ।

ਕਾਹਲੀ ਨਾਲ, ਤੁਰਨ ਤੋਂ ਪਹਿਲਾਂ ਉਹ ਸਦਾ ਵਾਂਗ ਸੁੱਤੇ ਬੱਚਿਆਂ ਦਾ ਮੱਥਾ ਚੁੰਮਣ ਲਈ ਉਨ੍ਹਾਂ ਦੇ ਮੰਜੇ ਵੱਲ ਵਧਿਆ। ਬੱਚੀ ਦਾ ਮੱਥਾ ਚੁੰਮ ਕੇ ਜਦੋਂ ਉਸ ਨੇ ਨਿੱਕੇ 'ਸੰਧੂ ਪਾਤਸ਼ਾਹ' ਵੱਲ ਵੇਖਿਆ ਤਾਂ ਉਸ ਦੀਆਂ ਸੁੱਤੇ ਪਏ ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ। ਉਸ ਨੇ ਨੀਵਾਂ ਹੋ ਕੇ ਜਿਉਂ ਹੀ ਉਸ ਦੇ ਮੱਥੇ 'ਤੇ ਬੁੱਲ੍ਹ ਰੱਖੇ ਤਾਂ ਕੀ ਵੇਖਦਾ ਹੈ ਕਿ ਨਿੱਕੇ ਨੇ ਖੁੱਲ੍ਹੀਆਂ ਅੱਖਾਂ ਹੌਲੀ ਜਿਹੀ ਮੀਚ ਲਈਆਂ ਤੇ ਉਸ ਦੇ ਨਿੱਕੇ ਗੁਲਾਬੀ ਬੁੱਲ੍ਹਾਂ ਉਤੇ ਮੁਸਕਰਾਹਟ ਫੈਲ ਗਈ।

ਬੱਚੇ ਨੇ ਤਾਂ ਸਹਿਵਨ ਹੀ ਅੱਖਾਂ ਮੀਚੀਆਂ ਸਨ, ਉਹ ਤਾਂ ਸਹਿਵਨ ਹੀ ਮੁਸਕਰਾਇਆ ਸੀ, ਪਰ ਉਸ ਨੂੰ ਲੱਗਾ ਜਿਵੇਂ ਬੱਚੇ ਨੇ ਉਸ ਵੱਲ ਵੇਖ ਕੇ ਅੱਖਾਂ ਮੀਟੀਆ ਹੋਣ, ਜਿਵੇਂ ਉਹ ਉਸ ਵੱਲ ਵੇਖ ਕੇ ਸ਼ਰਾਰਤ ਨਾਲ ਮੁਸਕਰਾਇਆ ਹੋਵੇ। ਉਸ ਦੇ ਮੱਥੇ 'ਤੇ ਮੁੜ੍ਹਕੇ ਦੀਆਂ ਬੂੰਦਾਂ ਸਿੰਮ ਆਈਆਂ। ਉਹਦਾ ਸਿਰ ਜਿਵੇਂ ਘੁੰਮਣ ਲੱਗਾ ਤੇ ਉਸ ਨੂੰ ਲੱਗਾ, ਜਿਵੇਂ ਉਸ ਦੇ ਪੈਰਾਂ ਹੇਠਾਂ ਚੀਕਣੀ ਦਲਦਲ ਹੋਵੇ। ਤੇ ਉਹ ਬਾਹਰ ਨਿਕਲਣ ਦਾ ਜ਼ੋਰ ਲਾਉਂਦਿਆਂ ਵੀ ਉਸ ਵਿੱਚ ਹੇਠਾਂ ਹੀ ਹੇਠਾਂ ਧਸਦਾ ਜਾ ਰਿਹਾ ਹੋਵੇ ਤੇ ਗਲ਼ ਗਲ਼ ਖੋਭੇ 'ਚ ਖੁਭ ਗਿਆ ਹੋਵੇ।

***

## ਭਾਰਤ 'ਚ ਘੱਟਗਿਣਤੀਆਂ ਤੇ ਮੀਡੀਆ

ਜਨਵਰੀ 2022 ਵਿੱਚ, ਕੁਝ ਭਾਜਪਾ ਸਮਰਥਕ ਪੱਤਰਕਾਰਾਂ ਨੇ ਕਸ਼ਮੀਰ ਪ੍ਰੈਸ ਕਲੱਬ 'ਤੇ ਹਮਲਾ ਕੀਤਾ ਅਤੇ ਇਸ 'ਤੇ ਕਬਜ਼ਾ ਕਰ ਲਿਆ ਸੀ। ਅਗਸਤ 2019 ਤੋਂ, 35 ਤੋਂ ਵੱਧ ਪੱਤਰਕਾਰਾਂ ਨੂੰ ਪੁਲਿਸ ਦੁਆਰਾ ਹਿੰਸਾ ਜਾਂ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਹੈ ਅਤੇ ਬਹੁਤ ਸਾਰੇ ਜੇਲ੍ਹ ਵਿੱਚ ਹਨ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀ ਭਾਰਤ ਸਰਕਾਰ ਨੇ ਕੌਮਾਂਤਰੀ ਪੱਧਰ 'ਤੇ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਨਾਲ ਇਕਮੁੱਠਤਾ ਦਿਖਾਈ ਹੈ। ਸਾਲ 2022 ਵਿੱਚ ਤਾਨਾਸ਼ਾਹੀ ਸੱਤਾ ਦੇ ਖ਼ਿਲਾਫ਼ ਕੁਝ ਆਵਾਜ਼ਾਂ ਉੱਠੀਆਂ ਸਨ, ਪਰ ਕੀ ਇਸ ਸਾਲ ਵੀ ਅਜਿਹਾ ਹੋਵੇਗਾ ਅਤੇ ਵਿਰੋਧ ਦਾ ਸਿਲਸਿਲਾ ਜਾਰੀ ਰਹੇਗਾ, ਇਹ ਤਾਂ ਸਮਾਂ ਹੀ ਦੱਸੇਗਾ। ਭਾਰਤ ਵਰਗੇ ਪਰੰਪਰਾਗਤ ਲੋਕਤੰਤਰ ਦੇਸ ਵਿੱਚ ਤਾਨਾਸ਼ਾਹੀ ਸੱਤਾ ਦਾ ਵਾਰ-ਵਾਰ ਵਾਪਸ ਆਉਣਾ ਜਮਹੂਰੀਅਤ ਲਈ ਯਕੀਨੀ ਤੌਰ 'ਤੇ ਖ਼ਤਰੇ ਦਾ ਸੰਕੇਤ ਹੈ।

***

## ਪੰਜਾਬੀਆਂ ਦੀ ਸਿਆਸੀ ਤੇ

ਪੰਜਾਬ ਵਿੱਚ ਕਣਕ ਅਤੇ ਝੋਨੇ ਤੋਂ ਬਿਨਾਂ ਹੋਰ ਫਸਲਾਂ ਦਾ ਸਹੀ ਭਾਅ ਨਹੀਂ ਮਿਲਦਾ ਅਤੇ ਕਣਕ ਤੇ ਝੋਨੇ ਤੋਂ ਬਿਨਾਂ ਹੋਰ ਫਸਲਾਂ ਦਾ ਪੰਜਾਬ ਵਿੱਚ ਮੰਡੀਕਰਨ ਸਹੀ ਨਹੀਂ ਅਤੇ ਅਕਸਰ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਮੰਡੀਆਂ ਵਿੱਚ ਰੁਲਦੀਆਂ ਰਹਿੰਦੀਆਂ ਹਨ। ਜਿਸ ਕਰਕੇ ਪੰਜਾਬ ਦੇ ਕਿਸਾਨਾਂ ਦਾ ਰਵਾਇਤੀ ਫਸਲਾਂ ਕਣਕ ਅਤੇ ਝੋਨੇ ਤੋਂ ਬਿਨਾਂ ਹੋਰ ਫਸਲਾਂ ਤੋਂ ਮੋਹ ਭੰਗ ਹੋ ਗਿਆ ਹੈ।

ਜਦੋਂ ਇਸ ਲੇਖਕ ਵੱਲੋਂ ਵੱਖ- ਵੱਖ ਕਿਸਾਨ ਆਗੂਆਂ ਨਾਲ ਗਲਬਾਤ ਦੌਰਾਨ ਉਹਨਾਂ ਨੂੰ ਪੁਛਿਆ ਗਿਆ ਕਿ ਖੇਤੀ ਤੇ ਜਲ ਮਾਹਿਰ ਇਹ ਕਹਿ ਰਹੇ ਹਨ ਕਿ ਜੇ ਪੰਜਾਬ ਵਿੱਚ ਝੋਨੇ ਦੀ ਫਸਲ ਲਈ ਇਸੇ ਤਰਾਂ ਧਰਤੀ ਹੇਠੋਂ ਪਾਣੀ ਕਢਿਆ ਜਾਂਦਾ ਰਿਹਾ ਤਾਂ ਇਕ ਦਿਨ ਪੰਜਾਬ ਦੀ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ, ਫਿਰ ਪੰਜਾਬ ਦੇ ਕਿਸਾਨ ਦੀ ਕਰਨਗੇ ਤਾਂ ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਫਿਰ ਪੰਜਾਬ ਦੇ ਕਿਸਾਨ ਘੱਟ ਪਾਣੀ ਪੀਣ ਵਾਲੀਆਂ ਜਾਂ ਸਿਰਫ ਬਰਸਾਤ ਨਾਲ ਹੀ ਪੈਦਾ ਹੋਣ ਵਾਲੀਆਂ ਫਸਲਾਂ ਬੀਜਣਗੇ। ਇਸ ਲੇਖਕ ਵੱਲੋਂ ਕਿਸਾਨ ਆਗੂਆਂ ਨੂੰ ਸੁਝਾਅ ਦਿਤਾ ਗਿਆ ਕਿ ਜੇ ਧਰਤੀ ਹੇਠਾਂ ਪਾਣੀ ਮੁੱਕਣ ਤੋਂ ਬਾਅਦ ਕਿਸਾਨ ਘੱਟ ਪਾਣੀ ਪੀਣ ਵਾਲੀਆਂ ਅਤੇ ਸਿਰਫ ਬਰਸਾਤ ਸਹਾਰੇ ਪੈਦਾ ਹੋਣ ਵਾਲੀਆਂ ਫਸਲਾਂ ਬੀਜਣ ਬਾਰੇ ਸੋਚ ਸਕਦੇ ਹਨ ਤਾਂ ਇਹ ਰਵਾਇਤ ਹੁਣੇ ਤੋਂ ਸ਼ੁਰੂ ਕਰਕੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਜੇ ਕਿਸਾਨ ਝੋਨੇ ਦੀ ਥਾਂ ਹੁਣੇ ਤੋਂ ਘੱਟ ਪਾਣੀ ਪੀਣ ਵਾਲੀਆਂ ਜਾਂ ਸਿਰਫ ਬਰਸਾਤ ਨਾਲ ਹੀ ਪੈਦਾ ਹੋਣ ਵਾਲੀਆਂ ਫਸਲਾਂ ਬੀਜਣਗੇ ਤਾਂ ਧਰਤੀ ਹੇਠਲੇ ਪਾਣੀ ਨੂੰ ਮੁੱਕਣ ਤੋਂ ਬਚਾਇਆ ਜਾ ਸਕਦਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਣਕ, ਝੋਨੇ ਵਾਂਗ ਕਿਸਾਨਾਂ ਦੀਆਂ ਹੋਰਨਾਂ ਫਸਲਾਂ ਦਾ ਵੀ ਸਹੀ ਭਾਅ ਦੇਵੇ ਅਤੇ ਫਸਲਾਂ ਦਾ ਸਹੀ ਮੰਡੀਕਰਨ ਕੀਤਾ ਜਾਵੇ ਤਾਂ ਕਿ ਕਿਸਾਨ ਝੋਨੇ ਤੋਂ ਇਲਾਵਾ ਹੋਰਨਾਂ ਫਸਲਾਂ ਦੀ ਖੇਤੀ ਕਰਨ ਵੱਲ ਵੀ ਪ੍ਰੇਰਿਤ ਹੋਣ ਅਤੇ ਕਿਸਾਨਾਂ ਨੂੰ ਝੋਨੇ ਤੋਂ ਇਲਾਵਾ ਹੋਰਨਾਂ ਫਸਲਾਂ ਤੋਂ ਵੀ ਲਾਭ ਹੋਵੇ।

ਇਹ ਹੁਣ ਵੇਖਣ ਵਾਲੀ ਗਲ ਹੋਵੇਗੀ ਕਿ ਪੰਜਾਬੀਆਂ ਨੇ ਜਿਸ ਤਰਾਂ ਪੰਜਾਬ ਦੇ ਸਿਆਸੀ ਖੇਤਰ ਵਿੱਚ ਵੱਡਾ ਬਦਲਾਓ ਲਿਆ ਕੇ ਅਕਾਲੀ ਦਲ ਅਤੇ ਕਾਂਗਰਸ ਤੋਂ ਬਿਨਾਂ ਤੀਜੀ ਸਿਆਸੀ ਪਾਰਟੀ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੌਂਪ ਕੇ ਨਵੀਂ ਰਵਾਇਤ ਪਾਈ ਹੈ, ਕੀ ਪੰਜਾਬੀ ਖੇਤਾਂ ਵਿੱਚ ਕਣਕ ਅਤੇ ਝੋਨੇ ਦੀ ਥਾਂ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦੀ ਬਿਜਾਈ ਕਰਕੇ ਰਵਾਇਤੀ ਫਸਲੀ ਚੱਕਰ ਵਿੱਚ ਵੀ ਵੱਡਾ ਬਦਲਾਓ ਲਿਆਉਣਗੇ।

***

## ਬਦਲਦੀਆਂ ਸਮੁੰਦਰੀ ਲਹਿਰਾਂ

ਕਈ ਸਾਂਭ-ਸੰਭਾਲ ਵਿਸ਼ੇਸ਼ਤਾਵਾਂ, ਜਿਵੇਂ ਕਿ ਸਪੀਸੀਜ਼ ਦੀ ਅਮੀਰੀ, ਅਲੋਪ ਹੋਣ ਦੇ ਜੋਖਮ ਅਤੇ ਰਿਹਾਇਸ਼ੀ ਵਿਭਿੰਨਤਾ 'ਤੇ ਅਧਾਰਤ ਹੈ।

ਖੋਜ ਸੰਧੀ ਗੱਲਬਾਤ ਪ੍ਰਕਿਰਿਆ ਦੇ ਨਾਲ ਲੱਗਦੀ ਹੈ। ਮੈਕਕੌਲੀ ਨੇ ਕਈ ਹੋਰ ਖੋਜਕਰਤਾਵਾਂ ਦੇ ਨਾਲ, ਆਪਣੀਆਂ ਖੋਜਾਂ ਨੂੰ ਪੇਸ਼ ਕਰਨ ਲਈ ਕਈ ਵਾਰ ਸੰਯੁਕਤ ਰਾਸ਼ਟਰ ਦੀ ਯਾਤਰਾ ਕੀਤੀ।

ਨੀਲਾ ਖਾਲੀ ਮਾਰੂਥਲ :ਮੈਕਕੌਲੀ ਨੇ ਕਿਹਾ ਕਿ ਇੱਕ ਭਾਵਨਾ, ਜਿਸਦਾ ਅਸੀਂ ਅਕਸਰ ਸਾਹਮਣਾ ਕਰਦੇ ਹਾਂ, ਉਹ ਇਹ ਸੀ ਕਿ ਉੱਚੇ ਸਮੁੰਦਰਾਂ ਵਿੱਚ ਜੈਵ ਵਭਿੰਨਤਾ ਦੇ ਰੂਪ ਵਿੱਚ ਬਹੁਤ ਕੁਝ ਨਹੀਂ ਹੈ। ਲੋਕਾਂ ਨੇ ਸੋਚਿਆ, ਜੇ ਅਸੀਂ ਸਿਰਫ ਇੱਕ ਨਕਸ਼ੇ 'ਤੇ ਡਾਰਟਸ ਸੁੱਟ ਰਹੇ ਹਾਂ ਤਾਂ ਇਹ ਪਾਰਕ ਕਿਉਂ ਬਣਾਏ? ਪਰ ਇਹ ਵਿਚਾਰ, ਕਿ ਇਹ ਇੱਕ ਵੱਡਾ ਨੀਲਾ ਖਾਲੀ ਮਾਰੂਥਲ ਹੈ, ਸੱਚ ਨਹੀਂ ਹੈ।

***

## ਭਾਰਤ ਤੋਂ ਵਿਦੇਸ਼ਾਂ ਨੂੰ ਹੋ ਰਿਹਾ ਬੌਧਿਕ ਪਰਵਾਸ !

**ਮਹਿੰਗੀ ਸਮੱਸਿਆ** : ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ 'ਤੇ ਵੀ ਠੱਗਾਂ ਦੀ ਨਜ਼ਰ ਹੈ। ਪਹਿਲਾਂ ਵੀ ਅਜਿਹੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ।

ਹਾਲ ਹੀ ਵਿੱਚ ਕੈਨੇਡੀਅਨ ਸਰਕਾਰ ਨੇ ਜਾਅਲੀ ਵੀਜ਼ਿਆਂ ਕਾਰਨ ਕਰੀਬ 700 ਭਾਰਤੀ ਵਿਦਿਆਰਥੀਆਂ ਨੂੰ ਭਾਰਤ ਵਾਪਸ ਭੇਜਣ ਲਈ ਨੋਟਿਸ ਜਾਰੀ ਕੀਤੇ ਹਨ। ਜਾਅਲਸਾਜ਼ੀ ਦਾ ਇਲਜ਼ਾਮ ਪੰਜਾਬ ਦੀ ਇੱਕ ਏਜੰਸੀ 'ਤੇ ਹੈ।

ਪਿਛਲੇ ਹਫ਼ਤੇ ਹਰਿਆਣਾ ਦੇ ਸਿਰਸਾ 'ਚ ਵਿਦਿਆਰਥੀ ਵੀਜ਼ੇ ਦੇ ਨਾਂ 'ਤੇ 15 ਲੱਖ ਅਤੇ ਲੁਧਿਆਣਾ 'ਚ ਫੀਸ ਜਮ੍ਹਾ ਕਰਵਾਉਣ ਦੇ ਨਾਂ 'ਤੇ 28 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਸਾਹਮਣੇ ਆਏ ਸਨ। ਇਸੇ ਤਰ੍ਹਾਂ ਪਿਛਲੇ ਸਾਲ ਚੰਡੀਗੜ੍ਹ ਦੀ ਇਕ ਏਜੰਸੀ ਨੇ ਸਟੱਡੀ ਵੀਜ਼ੇ ਦੇ ਨਾਂ 'ਤੇ 15 ਲੋਕਾਂ ਤੋਂ 2.5 ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਸੀ। ਇਹ ਜਾਅਲਸਾਜ਼ੀ ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟ ਪਾਸ ਕਰਨ ਅਤੇ ਵੀਜ਼ਾ ਲਗਵਾਉਣ ਦੇ ਨਾਂ 'ਤੇ ਕੀਤੀ ਜਾਂਦੀ ਹੈ।

ਵਿਦੇਸ਼ਾਂ ਵਿੱਚ ਪੜ੍ਹਾਈ ਅਤੇ ਨੌਕਰੀਆਂ ਦੇ ਨਾਂ 'ਤੇ ਲੁੱਟ ਦਾ ਇਹ ਜਾਲ ਹੌਲੀ-ਹੌਲੀ ਦੇਸ਼ ਭਰ ਵਿੱਚ ਫੈਲ ਗਿਆ ਹੈ, ਜਿਸ ਦੀਆਂ ਕੜੀਆਂ ਵਿਦੇਸ਼ਾਂ ਵਿੱਚ ਵੀ ਫੈਲੀਆਂ ਹੋਈਆਂ ਹਨ। ਨੋਇਡਾ ਵਿੱਚ ਚੱਲ ਰਹੇ ਕਾਲ ਸੈਂਟਰ ਅਤੇ ਪੰਜਾਬ ਵਿੱਚ ਖੁੱਲ੍ਹੇਆਮ ਸਟ੍ਰੀਟ ਏਜੰਸੀਆਂ ਅਜਿਹੇ ਰੈਕੇਟ ਚਲਾ ਰਹੀਆਂ ਹਨ।

ਨਵੇਂ ਤਰੀਕੇ

ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀ ਅਕਸਰ ਵਿਦੇਸ਼ੀ ਨਾਗਰਿਕਤਾ ਲੈ ਲੈਂਦੇ ਹਨ। ਸਰਕਾਰ ਨੇ ਸੰਸਦ ਵਿੱਚ ਇੱਕ ਹੋਰ ਅੰਕੜਾ ਦਿੱਤਾ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ 2011 ਤੋਂ ਹੁਣ ਤੱਕ 16 ਲੱਖ ਤੋਂ ਵੱਧ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡ ਦਿੱਤੀ ਹੈ ਅਤੇ 2022 ਵਿੱਚ ਉਨ੍ਹਾਂ ਦੀ ਗਿਣਤੀ 2018 ਦੇ ਮੁਕਾਬਲੇ ਲਗਭਗ 40 ਫੀਸਦੀ ਵੱਧ ਹੈ। ਇਸ ਲਿਹਾਜ਼ ਨਾਲ ਭਾਰਤ ਵਿੱਚ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਬਣਾਉਣ ਦੀ ਯੋਜਨਾ ਇੱਕ ਬਿਹਤਰ ਵਿਕਲਪ ਹੋ ਸਕਦੀ ਹੈ।ਇਸ ਨਾਲ ਵਿਦਿਆਰਥੀਆਂ ਨੂੰ ਵਿਦੇਸ਼ੀ ਡਿਗਰੀਆਂ ਮਿਲਣਗੀਆਂ, ਭਾਰਤ ਦਾ ਬੌਧਿਕ ਪਰਵਾਸ ਵੀ ਰੁਕੇਗਾ ਅਤੇ ਧੋਖਾਧੜੀ ਤੋਂ ਵੀ ਬਚਿਆ ਜਾਵੇਗਾ।

***

## ਪੰਜਾਬ 'ਚ ਖੁੰਬਾਂ ਵਾਂਗ ਖੋਲ੍ਹੇ ਅਨੇਕਾਂ ਨਸ਼ਾ ਛੁਡਾਊ ਕੇਂਦਰ

\ਆਪ ਮੁਹਾਰੇ ਅੱਥਰੂ ਵਹਿਣ ਲੱਗੇ। ਦੂਜੇ ਮੁੰਡੇ ਵੀ ਰੋਣ ਹਾਕੀ ਹਾਲਤ ਵਿੱਚ ਬੈਠੇ ਸਨ। ਉਸ ਨੇ ਹਉਕਾ ਭਰ ਕੇ ਗੱਲ ਨੂੰ ਅਗਾਂਹ ਤੋਰਿਆ, ਇਹ ਜਿਹੜੇ ਦੋ ਮੁੰਡੇ ਲੰਗ ਮਾਰ ਕੇ ਤੁਰਦੇ ਨੇ, ਇਨ੍ਹਾਂ ਤੋਂ ਕੱਲ੍ਹ ਸੱਤ ਮਿੰਟਾਂ ਵਿੱਚ ਨਹਾਉਣ-ਧੋਣ ਦਾ ਕੰਮ ਨਹੀਂ ਨਿੱਬੜਿਆ। ਇਨ੍ਹਾਂ ਨੂੰ ਪਹਿਲਾਂ ਲੈਟਰਿਨ ਵਾਲੀ ਜਗ੍ਹਾ 'ਤੇ ਬਿਠਾ ਕੇ ਚਾਹ ਅਤੇ ਬਰੈੱਡ ਖਾਣ ਨੂੰ ਮਜਬੂਰ ਕੀਤਾ ਅਤੇ ਫਿਰ ਛੱਲੀਆਂ ਵਾਂਗ ਕੁੱਟਿਆ। ਛੋਟੀ-ਛੋਟੀ ਗਲਤੀ 'ਤੇ ਡੰਡਾ ਪਰੇਡ, ਘੰਟਾ-ਘੰਟਾ ਕੰਧ ਵੱਲ ਮੂੰਹ ਕਰਕੇ ਬਿਠਾਉਣਾ, ਡੱਡੂ ਟਪੂਸੀਆਂ ਮਰਵਾਉਣੀਆਂ ਜਾਂ ਫਿਰ ਖੰਡ ਅਤੇ ਚਾਹ ਰਲਾ ਕੇ ਦੇਣ ਉਪਰੰਤ ਉਸ ਨੂੰ ਅਲੱਗ-ਅਲੱਗ ਕਰਨ ਦਾ ਹੁਕਮ ਦੇਣ ਜਿਹੀਆਂ ਸਜ਼ਾਵਾਂ ਅਸੀਂ ਰੋਜ਼ ਭੁਗਤਦੇ ਹਾਂ। ਕਦੇ ਮਾਪਿਆਂ ਨੂੰ ਕੋਸਦੇ ਹਾਂ ਅਤੇ ਕਦੇ .....। ਇਸ ਤੋਂ ਅਗਾਂਹ ਉਸ ਤੋਂ ਬੋਲਿਆ ਨਾ ਗਿਆ। ਕਮਰੇ ਵਿੱਚ ਸੋਗੀ ਹਵਾ ਪਸਰ ਗਈ ਸੀ। ਸਾਰੇ ਹੀ ਇੱਕ ਆਵਾਜ਼ ਵਿੱਚ ਕਹਿ ਰਹੇ ਸਨ ਕਿ ਸਾਨੂੰ ਇੱਥੇ ਆਇਆਂ 2-3 ਮਹੀਨੇ ਹੋ ਗਏ ਨੇ। ਜੇ ਅਸੀਂ ਇੰਨਾ ਚਿਰ ਇੱਥੇ ਨਸ਼ੇ ਤੋਂ ਬਿਨਾਂ ਰਹਿ ਸਕਦੇ ਹਾਂ ਤਾਂ ਬਾਹਰ ਵੀ ਨਸ਼ੇ ਵੱਲ ਮੂੰਹ ਨਹੀਂ ਕਰਾਂਗੇ। ਪਰ ਸਾਨੂੰ ਇਸ ਨਰਕ ਵਿੱਚੋਂ ਕੱਢੋ। ਉਨ੍ਹਾਂ ਨੌਜਵਾਨਾਂ ਨੂੰ ਹੌਸਲਾ ਦੇ ਕੇ ਮੈਂ ਬਾਹਰ ਆ ਗਿਆ। ਮਾਲਕ ਨੂੰ ਭਵਿੱਖ ਵਿੱਚ ਦਾਖ਼ਲ ਨੌਜਵਾਨਾਂ ਨੂੰ ਤਸੀਹੇ ਨਾ ਦੇਣ ਅਤੇ ਉਨ੍ਹਾਂ ਦੀ ਖਾਧ-ਖੁਰਾਕ ਦਾ ਵਿਸ਼ੇਸ਼ ਧਿਆਨ ਦੇਣ ਦੀ ਚਿਤਾਵਨੀ ਦੇ ਕੇ ਵਾਪਸ ਆ ਗਿਆ।

ਰਾਹ ਵਿੱਚ ਆਉਂਦਿਆਂ ਮੈਂ ਗੰਭੀਰ ਹੋ ਕੇ ਸੋਚ ਰਿਹਾ ਸੀ, ਜਵਾਨੀ ਦਾ ਪ੍ਰਵਾਹ ਤਾਂ ਹੜ੍ਹਾਂ ਦੇ ਪਾਣੀ ਵਰਗਾ ਹੁੰਦਾ ਹੈ। ਹੜ੍ਹਾਂ ਦੇ ਪਾਣੀ ਦੀ ਜੇਕਰ ਵਿਉਂਤਬੰਦੀ ਕਰਕੇ ਉਸ ਪਾਣੀ ਨੂੰ ਰਜਬਾਹਿਆਂ, ਨਾਲਿਆਂ ਅਤੇ ਨਦੀਆਂ ਵਿੱਚ ਪਾਇਆ ਜਾਵੇ ਤਾਂ ਉਸ ਪਾਣੀ ਤੋਂ ਸਿੰਜਾਈ ਦੇ ਨਾਲ-ਨਾਲ ਹੋਰ ਬਹੁ ਮੰਤਵੀ ਕੰਮ ਲਏ ਜਾ ਸਕਦੇ ਨੇ। ਪਰ ਜੇਕਰ ਇੰਜ ਨਾ ਕੀਤਾ ਜਾਵੇ ਤਾਂ ਉਹ ਹੜ੍ਹਾਂ ਦਾ ਪਾਣੀ ਫਸਲਾਂ ਅਤੇ ਘਰਾਂ ਦਾ ਉਜਾੜਾ ਕਰ ਦੇਵੇਗਾ। ਜਵਾਨੀ ਦਾ ਪ੍ਰਵਾਹ ਇੰਜ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਮਿਲੇ ਤਸੀਹਿਆਂ ਕਾਰਨ ਵਿਦਰੋਹੀ ਰੁਖ ਧਾਰਨ ਕਰਕੇ ਮਾਪਿਆਂ ਅਤੇ ਸਮਾਜ ਦਾ ਬੇਪਨਾਹ ਨੁਕਸਾਨ ਕਰੇਗਾ।

ਉਸੇ ਦਿਨ ਮੈਂ ਸ਼ਾਮ ਨੂੰ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਉਸ ਕੇਂਦਰ ਦੀ ਵਿਸਥਾਰਿਤ ਰਿਪੋਰਟ ਲਿਖ ਕੇ ਦੇ ਦਿੱਤੀ। ਅਗਲੇ ਦਿਨ ਡਿਪਟੀ ਕਮਿਸ਼ਨਰ ਨੇ ਡਿਊਟੀ ਮੈਜਿਸਟਰੇਟ ਭੇਜ ਕੇ ਉਸ ਕੇਂਦਰ ਨੂੰ ਸੀਲ ਕਰਕੇ ਦਾਖ਼ਲ ਨੌਜਵਾਨਾਂ ਨੂੰ ਮਾਪਿਆਂ ਦੇ ਸਪੁਰਦ ਕਰ ਦਿੱਤਾ।

ਖੁੰਬਾਂ ਵਾਂਗ ਖੋਲ੍ਹੇ ਅਜਿਹੇ ਅਨੇਕਾਂ ਨਸ਼ਾ ਛੁਡਾਊ ਕੇਂਦਰ ਸਮਾਜ, ਪ੍ਰਾਂਤ ਅਤੇ ਪੀੜ੍ਹਤ ਮਾਪਿਆਂ ਲਈ ਘਾਤਕ ਹਨ।

***

## ਟਰੰਪ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ

ਚਾਰਜਸ਼ੀਟ ਬਣੀ ਹੈ ਅਤੇ ਉਹ ਸੀਲਬੰਦ ਹੈ।

**ਟਰੰਪ ਅਤੇ ਕਲਿੰਟਨ ਦੀ ਬਰਾਬਰੀ** : ਅਕਸਰ ਕਲਿੰਟਨ ਅਤੇ ਟਰੰਪ ਵਿਚਾਲੇ ਬਰਾਬਰੀ ਕੀਤੀ ਜਾਂਦੀ ਹੈ ਪਰ ਟਰੰਪ ਦੀ ਸ਼ੁਰੂਆਤ ਹੀ ਰੂਸੀ ਰਾਸ਼ਟਰਪਤੀ ਵਲਾਦਿਰ ਪੁਤਿਨ ਦੇ ਨਾਲ ਸਾਂਠਗਾਂਠ ਅਤੇ ਅਮਰੀਕੀ ਰਾਸ਼ਟਰਪਤੀ ਚੋਣ ਵਿੱਚ ਰੂਸੀ ਖੁਫੀਆ ਏਜੰਸੀ ਦੇ ਸਹਿਯੋਗ ਦੇ ਦੋਸ਼ ਨਾਲ ਹੋਈ। ਜਦੋਂ ਟਰੰਪ ਦੇ ਵਾਈਟ ਹਾਊਸ ਤੋਂ ਰੁਖ਼ਸਤ ਹੋਣ ਦਾ ਸਮਾਂ ਆਇਆ ਤਾਂ ਉਸ ਨੂੰ ਉਸ ਨੇ ਅਮਰੀਕੀ ਲੋਕਤੰਤਰ ਦੇ ਕਾਲੇ ਅਧਿਆਏ ਵਿੱਚ ਤਬਦੀਲ ਕੀਤਾ। ਜਦੋਂ ਇਹ ਸਪਸ਼ਟ ਹੋ ਗਿਆ ਕਿ ਜੋ ਬਾਇਡਨ ਜਿੱਤ ਗਏ ਹਨ ਉਦੋਂ ਵੀ ਡੋਨਲਡ ਨੇ 'ਟਰੰਪ ਕਾਰਡ' ਖੇਡਣਾ ਜਾਰੀ ਰਖਿਆ। ਛੇ ਜਨਵਰੀ, 2021 ਨੂੰ ਉਨ੍ਹਾਂ ਦੇ ਸਮਰਥਕਾਂ ਨੇ ਅਮਰੀਕੀ ਸਰਕਾਰ ਦੇ ਕੇਂਦਰ ਕੈਪਟਲ ਹਿਲ 'ਤੇ ਹਮਲਾ ਕੀਤਾ। ਟਰੰਪ 'ਤੇ ਚੋਣ ਨਤੀਜਿਆਂ ਵਿੱਚ ਬਦਲਾਓ ਲਈ ਦਬਾਅ ਪਾਉਣ ਦਾ ਦੋਸ਼ ਲਗਿਆ ਪਰ ਜਿੱਤ ਅੰਤ ਵਿੱਚ ਲੋਕਤੰਤਰ ਦੀ ਹੋਈ, ਅਮਰੀਕੀ ਜਨਤਾ ਦੀ ਹੋਈ। ਡੋਨਾਲਡ ਟਰੰਪ ਨੂੰ ਆਪਣੀ ਹੀ ਰਿਪਬਲਿਕਨ ਪਾਰਟੀ ਤੋਂ ਫਜੀਹਤ ਝੱਲਨੀ ਦੀ। ਅਗਲੇ ਸਾਲ ਯਾਨੀ 2024 ਵਿੱਚ ਟਰੰਪ ਰਾਸ਼ਟਰਪਤੀ ਚੋਣ ਦੋਬਾਰਾ ਲੜਨ ਦੀ ਸੋਚ ਰਹੇ ਹਨ ਪਰ ਚੋਣਾਂ ਦੀ ਤਿਆਰੀ ਕਰਨ ਤੋਂ ਪਹਿਲਾਂ ਹੀ ਮੈਨਹੈਟਨ ਦੀ ਅਦਾਲਤ ਨੇ ਉਨ੍ਹਾਂ ਨੂੰ ਝਟਕਾ ਦਿੱਤਾ ਹੈ। ਟਰੰਪ ਨੇ ਉਸ ਵਿਰੁੱਧ ਚਾਰਟਸ਼ੀਟ ਨੂੰ ਸਿਆਸੀ ਛੜਯੰਤਰ ਕਿਹਾ ਹੈ ਪਰ ਅਦਾਲਤ ਦੇ ਫੈਸਲੇ ਨੂੰ ਟਰੰਪ ਦੀ ਜਿਦ ਨਾਲ ਪਲਟਿਆ ਨਹੀਂ ਜਾ ਸਕਦਾ।

**

## ਭਾਰਤ 'ਚ ਬਣੇਗਾ ਹੁਣ ਇਲੈਕਟ੍ਰੌਨਿਕ ਪਾਸਪੋਰਟ

ਹਨ। ਪਹਿਲੇ ਸਾਲ ਲਈ ਵਿਦੇਸ਼ ਮੰਤਰਾਲੇ ਨੇ 70 ਲੱਖ ਬੁੱਕਲੇਟ ਪ੍ਰਿੰਟ ਕਰਨ ਦਾ ਟੀਚਾ ਤੈਅ ਕੀਤਾ ਗਿਆ ਹੈ।

**ਫਰਜ਼ੀ ਤਰੀਕੇ ਨਾਲ ਪਾਸਪੋਰਟ ਬਣਨੇ ਰੁਕਣਗੇ :**

ਈ-ਪਾਸਪੋਰਟ ਰਾਸ਼ਟਰੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਮੁੱਖ ਹਨ। ਪਾਸਪੋਰਟ ਅਧਿਕਾਰੀਆਂ ਨੇ ਕਿਹਾ ਕਿ ਫਰਜ਼ੀ ਪਾਸਪੋਰਟ ਬਣਾਉਣਾ ਹੁਣ ਲਗਭਗ ਅਸੰਭਵ ਹੋ ਜਾਵੇਗਾ। ਭਾਰਤ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਉਨ੍ਹਾਂ ਲੋਕਾਂ ਦੇ ਮਨਸੂਬੇ ਨਾਕਾਮ ਹੋਣਗੇ, ਜੋ ਨਕਲੀ ਭਾਰਤੀ ਪਾਸਪੋਰਟ 'ਤੇ ਯਾਤਰਾਵਾਂ ਕਰਦੇ ਹਨ।

**ਜੂਨ ਤੱਕ ਪੂਰਾ ਨੈੱਟਵਰਕ ਤਿਆਰ ਹੋ ਜਾਵੇਗਾ :**

ਈ-ਪਾਸਪੋਰਟ ਲਈ ਮੈਨੇਜਮੈਂਟ ਸਿਸਟਮ, ਇੰਟਰਓਪਰੇਬਿਲਿਟੀ ਟੈਸਟ ਬੈੱਡ, ਪ੍ਰੋਜੈਕਟ ਮੈਨੇਜਮੈਂਟ ਯੂਨਿਟ, ਈ-ਪਰਸਨਲਾਈਜ਼ੇਸ਼ਨ, ਈ-ਪਾਸਪੋਰਟ ਵੈਰੀਫਿਕੇਸ਼ਨ, ਇਮੀਗ੍ਰੇਸ਼ਨ ਚੈੱਕਪੋਸਟ ਵਰਗਾ ਤਕਨੀਕੀ ਬੁਨਿਆਦੀ ਢਾਂਚਾ ਤਿਆਰ ਕੀਤਾ ਜਾਵੇਗਾ। ਪੂਰਾ ਨੈੱਟਵਰਕ ਜੂਨ ਤੱਕ ਤਿਆਰ ਹੋ ਜਾਵੇਗਾ।

***

## ਪੰਜਾਬ ਦੀ ਨਵੀਂ ਖੇਡ ਨੀਤੀ ਲਈ

ਰਾਸ਼ੀ ਦੇਣ, ਕੌਮੀ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਦਾ ਮਾਣ ਸਨਮਾਨ, ਖਿਡਾਰੀਆਂ ਨੂੰ ਨੌਕਰੀਆਂ, ਕੋਚਾਂ ਨੂੰ ਐਵਾਰਡ ਦੇਣ ਅਤੇ ਕਾਲਜਾਂ-ਯੂਨੀਵਰਸਿਟੀਆਂ ਦੇ ਖਿਡਾਰੀਆਂ ਨੂੰ ਮੁਕਾਬਲੇ ਦਾ ਹਾਣੀ ਬਣਾਉਣ ਉਤੇ ਕੇਂਦਰਿਤ ਹੋਵੇਗੀ। ਸਕੂਲ ਸਿੱਖਿਆ, ਉਚੇਰੀ ਸਿੱਖਿਆ ਤੇ ਖੇਡ ਵਿਭਾਗ ਦਾ ਸਾਂਝਾ ਖੇਡ ਕੈਲੰਡਰ ਤਿਆਰ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਖੇਡ ਨੀਤੀ ਲਈ ਬਣਾਈ ਗਈ ਮਾਹਿਰਾਂ ਦੀ ਕਮੇਟੀ ਵਿੱਚ ਸੋਨ ਤਮਗਾ ਜੇਤੂ ਹਾਕੀ ਓਲੰਪੀਅਨ ਤੇ ਅਰਜੁਨਾ ਐਵਾਰਡੀ ਸੁਰਿੰਦਰ ਸਿੰਘ ਸੋਢੀ, ਮੁੱਕੇਬਾਜ਼ੀ ਦੇ ਸਾਬਕਾ ਚੀਫ ਕੋਚ ਤੇ ਦਰੋਣਾਚਾਰੀਆ ਐਵਾਰਡੀ ਗੁਰਬਖ਼ਸ਼ ਸਿੰਘ ਸੰਧੂ, ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਡੀ.ਜੀ.ਪੀ. ਰਾਜਦੀਪ ਸਿੰਘ ਗਿੱਲ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਖੇਡ ਡਾਇਰੈਕਟਰ ਡਾ. ਰਾਜ ਕੁਮਾਰ ਸ਼ਰਮਾ ਤੋਂ ਇਲਾਵਾ ਸਪੋਰਟਸ ਅਥਾਰਟੀ ਆਫ ਇੰਡੀਆ, ਐਨ.ਆਈ.ਐਸ., ਸਕੂਲ ਤੇ ਉਚੇਰੀ ਸਿੱਖਿਆ ਵਿਭਾਗਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com